@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1
Punjabi National Daily
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Friday, 11 July 2025
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸ਼ੁੱਕਰਵਾਰ 11 ਜੁਲਾਈ 2025, 27 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 241, qpatrika@gmail.com ਫੋਨ : 9971359517 www.qaumipatrika.org

# "ਅਕਾਲ ਤਖ਼ਤ ਦੀ ਚੁੱਪੀ ! ਇਤਿਹਾਸਕ ਗੁਰਦੁਆਰਿਆਂ ਦੀ ਤਬਾਹੀ?

ਕੌਮੀ ਪਤ੍ਰਿਕਾ

**ਸਿੰਮੀ ਕੌਰ ਬੱਬਰ**

ਜਦੋਂ ਕਿ ਦੁਨੀਆਂ ਭਰ ਦੀ ਸਿੱਖ ਕੌਮ ਸ਼੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਤਿੰਨ ਇਤਿਹਾਸਕ ਗੁਰਦੁਆਰਿਆਂ ਦੀ ਬੇਅਦਬੀ ਅਤੇ ਤਬਾਹੀ 'ਤੇ ਦੁੱਖੀ ਅਤੇ ਗੁੱਸੇ ਵਿੱਚ ਹੈ, ਤਦ ਅੱਜ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਇੱਕ ਡਰਾਉਣੀ ਚੁੱਪੀ ਬਣੀ ਹੋਈ ਹੈ। ਸਿੱਖ ਧਰਮ ਦੇ ਸਭ ਤੋਂ ਵੱਡੇ ਤਖਤ ਤੋਂ ਇੰਨੀ ਵੱਡੀ ਬੇਰੁਖੀ ਨਿਰਾਸ਼ਾਜਨਕ ਅਤੇ ਪਰੇਸ਼ਾਨ ਕਰਨ ਵਾਲੀ ਗੱਲ ਹੈ। ਉਹ ਤਿੰਨ ਪਵਿੱਤਰ ਗੁਰਦੁਆਰੇ, ਜੋ ਕਿ ਕਥਿਤ ਤੌਰ 'ਤੇ ਸੰਪਰਦਾਇਕ, ਅਪਰਾਧੀ ਅਤੇ ਵਿਰੋਧੀ ਤਾਕਤਾਂ ਨੇ ਕੁਝ ਭ੍ਰਿਸ਼ਟ ਰਾਜਨੀਤਿਕ ਲੀਡਰਾਂ ਦੀ ਸਹਾਇਤਾ ਨਾਲ ਨਸ਼ਟ ਕਰ ਦਿਤੇ ਹਨ ਜਾਂ ਕਬਜ਼ੇ ਵਿਚ ਲੈ ਲਏ ਹਨ, ਹੇਠ ਲਿਖੇ ਹਨ:

1. ਸ਼੍ਰੀ ਗਿਆਨ ਗੋਦਰੀ ਸਾਹਿਬ, ਹਰਿਦੁਆਰ - ਉਹ ਥਾਂ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਨੇ ਹਰਿ ਕੀ ਪੌੜੀ ਉੱਤੇ ਬ੍ਰਾਹਮਣਾਂ ਨੂੰ ਆਪਣਾ ਸ਼ੁਧ ਸੰਦੇਸ਼ ਦਿੱਤਾ ਸੀ।

2. ਗੁਰਦੁਆਰਾ ਸ਼੍ਰੀ ਡਾਂਗਮਾਰ ਸਾਹਿਬ, ਸਿੱਖਿਮ - ਉੱਤਰੀ ਭਾਰਤ ਦੀ ਯਾਤਰਾ ਦੌਰਾਨ ਗੁਰੂ ਜੀ ਨੇ ਗੁਰਦੋਂਗਮਾਰ ਝੀਲ ਨੂੰ ਅਸ਼ੀਰਵਾਦ ਦਿੱਤਾ ਸੀ।

3. ਗੁਰਦੁਆਰਾ ਸ਼੍ਰੀ ਮੰਗੂ ਮਠ ਸਾਹਿਬ, ਜਗੰਨਾਥ ਪੁਰੀ, ਉਡਿਸ਼ਾ - ਉਹ ਇਤਿਹਾਸਕ ਥਾਂ ਜਿੱਥੇ ਸ਼੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਆਪਣੇ ਉਦਾਸੀਆਂ ਦੌਰਾਨ ਠਹਿਰੇ ਸਨ।

ਇਹਨਾਂ ਥਾਵਾਂ ਬਾਰੇ ਇਤਿਹਾਸਕ ਦਸਤਾਵੇਜ਼, ਸਿੱਖ ਇਤਿਹਾਸ, ਜਨਮਸਾਖੀਆਂ ਅਤੇ ਸਥਾਨਕ ਰਿਵਾਇਤਾਂ ਵਿਚ ਪੁਸ਼ਟੀ ਕੀਤੀ ਗਈ ਹੈ। ਇਨ੍ਹਾਂ ਦੀ ਤਬਾਹੀ ਤੋਂ ਬਾਅਦ ਪੂਰੀ ਦੁਨੀਆਂ ਦੀ ਸਿੱਖ ਕੌਮ ਵਿਛੋੜੇ, ਅਤੇ ਗੁੱਸੇ ਵਿੱਚ ਹੈ, ਪਰ ਅਫਸੋਸ ਦੀ ਗੱਲ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਾਸੋਂ ਕੋਈ ਵੀ ਸਖ਼ਤ ਕਦਮ ਨਹੀਂ ਚੁੱਕਿਆ ਗਿਆ।

●ਸ੍ਰੀ ਅਕਾਲ ਤਖ਼ਤ ਸਾਹਿਬ ਦੀ ਚੁੱਪੀ ਕਿਉਂ ?

ਸਿੱਖ ਕੌਮ ਜੋ ਹਰ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅਗਵਾਈ ਦੀ ਉਮੀਦ ਕਰਦੀ ਆਈ ਹੈ, ਅੱਜ ਗਹਿਰੀ ਨਿਰਾਸ਼ਾ ਵਿੱਚ ਹੈ।

ਜਥੇਦਾਰ ਦੀ ਚੁੱਪੀ ਬੜਾ ਵੱਡਾ ਗੁਨਾਹ ਹੈ।

ਅਕਾਲੀ ਆਗੂ, ਜਿਨ੍ਹਾਂ ਉਤੇ ਇਹ ਕੌਮੀ ਧਰਮਿਕ ਮਸਲਾ ਉਠਾਉਣ ਦੀ ਜ਼ਿੰਮੇਵਾਰੀ ਸੀ, ਅੱਜ ਸਿਰਫ਼ ਰਾਜਨੀਤਿਕ ਚਾਲਾਂ ਅਤੇ ਨਿੱਜੀ ਹਿਤਾਂ ਵਿੱਚ ਲੱਗੇ ਹੋਏ ਹਨ।

●ਆਮ ਸਿੱਖਾਂ ਵਿੱਚ ਇਸ ਮਾਮਲੇ ਨੂੰ ਲੈ ਕੇ ਭਾਰੀ ਨਾਰਾਜ਼ਗੀ ਹੈ ਪੰਜਾਬ ਦੇ ਪਿੰਡਾਂ ਤੋਂ ਲੈ ਕੇ, ਦਿੱਲੀ, ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ ਤੱਕ, ਸਿੱਖ ਕੌਮ ਗੁੱਸੇ ਵਿਚ ਹੈ ਅਤੇ ਇਨਸਾਫ ਦੀ ਮੰਗ ਕਰ ਰਹੀ ਹੈ।

ਆਮ ਸਿੱਖ ਹੁਣ ਅਕਾਲੀ ਆਗੂਆਂ ਉੱਤੇ ਨਿਰਭਰ ਨਹੀਂ ਹਨ। ਇਹ ਹੁਣ ਰਾਜਨੀਤਿਕ ਮਸਲਾ ਨਹੀਂ, ਇਹ ਪੰਥਕ ਮਸਲਾ ਹੈ - ਧਰਮ, ਇਤਿਹਾਸ ਅਤੇ ਪਛਾਣ ਦਾ ਮਸਲਾ ਹੈ।

ਸੋਸ਼ਲ ਮੀਡੀਆ ਮੁਹਿੰਮਾਂ, ਧਰਮ ਸੰਸਥਾਵਾਂ ਵਲੋਂ ਮੀਟਿੰਗਾਂ, ਅਤੇ ਵਿਦੇਸ਼ਾਂ ਵਿੱਚ ਰੋਸ ਪ੍ਰਦਰਸ਼ਨਾਂ ਦਾ ਅਯੋਜਨ ਹੋ ਰਿਹਾ ਹੈ। ਇੱਕ ਸਵਾਲ ਹਰ ਥਾਂ ਉੱਠ ਰਿਹਾ ਹੈ ਕਿ "ਭਾਰਤ ਸਰਕਾਰ ਨੇ ਸ਼੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਇਤਿਹਾਸਕ ਗੁਰਦੁਆਰਿਆਂ




ਨੂੰ ਕਿਉਂ ਤਬਾਹ ਕੀਤਾ ?

●ਇਤਿਹਾਸਕ ਤੱਥ ਅਤੇ ਦਰਸ਼ਟੀਕੋਣ

1. ਸ਼੍ਰੀ ਗਿਆਨ ਗੋਦਰੀ ਸਾਹਿਬ (ਹਰਿਦੁਆਰ):

1504 ਈਸਵੀ ਵਿੱਚ ਗੁਰੂ ਨਾਨਕ ਸਾਹਿਬ ਜੀ ਇੱਥੇ ਆਏ। ਜਨਮਸਾਖੀਆਂ, ਇਤਿਹਾਸਕ ਰਿਕਾਰਡ ਅਤੇ ਲਿਖਤਾਂ ਇਸ ਗੁਰਦੁਆਰੇ ਦੀ ਪੁਸ਼ਟੀ ਕਰਦੀਆਂ ਹਨ। 1984 ਤੋਂ ਬਾਅਦ, ਇਸ ਗੁਰਦੁਆਰੇ ਨੂੰ ਹਟਾ ਦਿੱਤਾ ਗਿਆ ਅਤੇ ਅਜੇ ਤੱਕ ਮੁੜ ਨਹੀਂ ਬਣਾਇਆ ਗਿਆ।

2. ਗੁਰਦੁਆਰਾ ਸ਼੍ਰੀ ਡਾਂਗਮਾਰ ਸਾਹਿਬ (ਸਿੱਖਿਮ):

ਇੱਥੇ ਗੁਰੂ ਜੀ ਨੇ ਆਪਣੀ ਯਾਤਰਾ ਦੌਰਾਨ ਝੀਲ ਨੂੰ ਅਸ਼ੀਰਵਾਦ ਦਿੱਤਾ। ਫੌਜੀ ਰਿਕਾਰਡ ਅਤੇ ਬੌਧ ਮਠਾਂ ਦੇ ਦਰਸ਼ਨਕ ਰਿਵਾਜਾਂ ਵੀ ਇਸ ਗੱਲ ਨੂੰ ਮੰਨਦੇ ਹਨ। ਹਾਲ ਹੀ ਵਿੱਚ ਗੁਰਦੁਆਰਾ ਹਟਾ ਦਿੱਤਾ ਗਿਆ ਅਤੇ ਬੌਧ ਢਾਂਚੇ ਨਾਲ ਬਦਲ ਦਿੱਤਾ ਗਿਆ।

3. ਗੁਰਦੁਆਰਾ ਸ਼੍ਰੀ ਮੰਗੂ ਮਠ ਸਾਹਿਬ (ਜਗੰਨਾਥ ਪੁਰੀ):

ਭਾਈ ਬਾਲਾ ਜਨਮਸਾਖੀ ਵਿਚ ਉਨ੍ਹਾਂ ਦੇ ਇੱਥੇ ਰਹਿਣ ਦੀ ਪੁਸ਼ਟੀ ਮਿਲਦੀ ਹੈ। ਇਥੇ ਕਈ ਸਾਲਾਂ ਤੱਕ ਗੁਰਦੁਆਰਾ ਚਲਦਾ ਰਿਹਾ ਪਰ ਹੁਣ ਸਾਰੀ ਧਾਰਮਿਕ ਪਛਾਣ ਹਟਾ ਦਿੱਤੀ ਗਈ ਹੈ।

●ਭਾਰਤ ਸਰਕਾਰ ਨੂੰ ਅਪੀਲ

ਇਹ ਮਸਲਾ ਅਕਾਲੀ ਦਲ ਜਾਂ SGPC ਦਾ ਨਹੀਂ, ਇਹ ਪੂਰੀ ਸਿੱਖ ਕੌਮ ਦਾ ਮਸਲਾ ਹੈ। ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਮਾਮਲੇ ਵਿੱਚ ਕਿਸੇ ਵੀ ਰਾਜਨੀਤਿਕ ਜਾਂ ਧਾਰਮਿਕ ਲੀਡਰਸ਼ਿਪ ਦੇ ਇੰਤੇਜ਼ਾਰ ਤੋਂ ਬਿਨਾਂ ਸਿੱਧਾ ਕਾਰਵਾਈ ਕਰਨ।

●"ਮੋਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਤੁਰੰਤ ਇਹ ਇਤਿਹਾਸਕ ਗੁਰਦੁਆਰੇ ਸਿੱਖ ਕੌਮ ਨੂੰ ਵਾਪਸ ਕਰੇ।

ਸਿੱਖ ਕੌਮ ਨੇ ਹਮੇਸ਼ਾ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ, ਸੀਮਾਵਾਂ ਦੀ ਰਾਖੀ ਕੀਤੀ, ਇਨਸਾਫ ਲਈ ਲੜਾਈ ਕੀਤੀ। ਇਹ ਇਨਸਾਫ ਤੋਂ ਇਨਕਾਰ ਸਵੀਕਾਰਯੋਗ ਨਹੀਂ।

●ਸਿੱਖ ਕੌਮ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ

ਸਿੱਖ ਕੌਮ ਦੀ ਵਿਰਾਸਤ ਹਮੇਸ਼ਾ ਲੜਨ ਵਾਲੀ ਰਹੀ ਹੈ। ਕਿੰਨਾ ਵੀ ਸਮਾਂ ਲੱਗੇ, ਸਿੱਖ ਆਪਣੀ ਧਾਰਮਿਕ ਵਿਰਾਸਤ ਮੁੜ ਲੈਣਗੇ। ਸਰਕਾਰਾਂ ਆਉਂਦੀਆਂ ਜਾਂਦੀਆਂ ਹਨ, ਪਰ ਗੁਰੂ ਪਿਆਰ ਅਤੇ ਇਤਿਹਾਸਕ ਅਸਥਾਨ ਸਦੀਵੀ ਰਹਿੰਦੇ ਹਨ।

ਇਹ ਤਿੰਨ ਗੁਰਦੁਆਰਿਆਂ ਦੀ ਤਬਾਹੀ ਸਿਰਫ ਢਾਂਚਿਆਂ ਦੀ ਤਬਾਹੀ ਨਹੀਂ

ਇਹ ਸਿੱਖ ਪਛਾਣ, ਯਾਦਾਂ ਅਤੇ ਸੱਚ ਦੀ ਬੇਅਦਬੀ ਹੈ।

ਸਿੱਖ ਕੌਮ ਦੀ ਕੇਂਦਰ ਸਰਕਾਰ ਨੂੰ ਅਪੀਲ

ਗੁਰਦੁਆਰਾ ਸ਼੍ਰੀ ਗਿਆਨ ਗੋਦਰੀ ਸਾਹਿਬ, ਗੁਰਦੁਆਰਾ ਸ਼੍ਰੀ ਡਾਂਗਮਾਰ ਸਾਹਿਬ ਅਤੇ ਗੁਰਦੁਆਰਾ ਮੰਗੂ ਮਠ ਸਾਹਿਬ ਨੂੰ ਤੁਰੰਤ ਸਿੱਖ ਕੌਮ ਨੂੰ ਵਾਪਸ ਕੀਤਾ ਜਾਵੇ।

ਸਿੱਖ ਕੌਮ ਦੇਖ ਰਹੀ ਹੈ। ਦੁਨੀਆਂ ਦੇਖ ਰਹੀ ਹੈ। ਹੁਣ ਇਨਸਾਫ ਹੋਣਾ ਚਾਹੀਦਾ ਹੈ। ਵਰਨਾ ਇਸ ਦੇ ਨਤੀਜੇ ਠੀਕ ਨਹੀਂ ਨਿਕਲਣਗੇ

## ਜਲਭਰਾਅ 'ਤੇ ਮੁੱਖ ਮੰਤਰੀ ਰੇਖਾ ਗੁਪਤਾ ਨੇ ਪ੍ਰਗਟਾਈ ਚਿੰਤਾ, ਅਫਸਰਾਂ ਨੂੰ ਸਖਤ ਨਿਰਦੇਸ਼

ਕੌਮੀ ਪਤ੍ਰਿਕਾ

ਨਵੀਂ ਦਿੱਲੀ: 10 ਜੁਲਾਈ: ਰਾਜਧਾਨੀ ਵਿੱਚ ਬੁੱਧਵਾਰ ਸ਼ਾਮ ਨੂੰ ਹੋਈ ਤੇਜ਼ ਬਾਰਸ਼ ਕਾਰਨ ਵੱਖ-ਵੱਖ ਇਲਾਕਿਆਂ ਵਿੱਚ ਹੋਏ ਜਲਭਰਾਅ 'ਤੇ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਨੇ ਨਾਰਾਜ਼ਗੀ ਅਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਸਖਤ ਨਿਰਦੇਸ਼ ਜਾਰੀ ਕੀਤੇ ਹਨ ਕਿ ਜਲਭਰਾਅ ਰੋਕਣ ਲਈ ਪ੍ਰਭਾਵੀ ਕਦਮ ਚੁੱਕੇ ਜਾਣ, ਤਾਂ ਜੋ ਦਿੱਲੀ ਵਾਸੀਆਂ ਨੂੰ ਮਾਨਸੂਨ ਦੇ ਮੌਸਮ ਵਿੱਚ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਮੁੱਖ ਮੰਤਰੀ ਨੇ ਸੰਤੋਸ਼ ਪ੍ਰਗਟ ਕੀਤਾ ਕਿ ਭਾਰੀ ਬਾਰਸ਼ ਦੇ ਬਾਵਜੂਦ ਇਸ ਵਾਰ ਮਿੰਟੋ ਰੋਡ ਅਤੇ ਆਈ.ਟੀ.ਓ. ਚੌਰਾਹੇ 'ਤੇ ਜਲਭਰਾਅ ਨਹੀਂ ਹੋਇਆ। ਉਨ੍ਹਾਂ ਨੇ ਅਫਸਰਾਂ ਨੂੰ ਕਿਹਾ ਕਿ ਇਸੇ ਤਰ੍ਹਾਂ ਦੀ ਕਾਰਜਕੁਸ਼ਲਤਾ ਉਨ੍ਹਾਂ ਨੂੰ ਪੂਰੀ ਦਿੱਲੀ ਵਿੱਚ ਦਿਖਾਉਣੀ ਹੋਵੇਗੀ। ਜਲਭਰਾਅ ਅਤੇ ਇਸ ਨਾਲ ਪੈਦਾ ਹੋਈਆਂ ਪਰੇਸ਼ਾਨੀਆਂ ਦੇ ਨਿਦਾਨ ਲਈ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਨੇ ਪੀ.ਡਬਲਯੂ.ਡੀ. ਮੰਤਰੀ ਸ੍ਰੀ ਪ੍ਰਵੇਸ਼ ਸਾਹਿਬ ਨਾਲ ਮਿਲ ਕੇ ਪੀ.ਡਬਲਯੂ.ਡੀ., ਸਿੰਚਾਈ-ਬਾਢ ਨਿਯੰਤਰਣ ਵਿਭਾਗ ਅਤੇ ਜਲਭਰਾਅ ਨਿਪਟਾਰੇ ਨਾਲ ਜੁੜੇ ਵਿਭਾਗਾਂ ਦੇ ਸੀਨੀਅਰ ਅਫਸਰਾਂ ਨਾਲ ਵਿਸ਼ੇਸ਼ ਮੀਟਿੰਗ ਬੁਲਾਈ ਅਤੇ ਕਿਹਾ ਕਿ ਜਲਭਰਾਅ ਦੇ ਮਸਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਅਧਿਕਾਰੀਆਂ ਨੂੰ ਬਾਰਸ਼ ਦੌਰਾਨ ਤੁਰੰਤ ਅਤੇ ਪ੍ਰਭਾਵੀ ਉਪਾਅ ਕਰਨੇ ਹੋਣਗੇ, ਤਾਂ ਜੋ ਜਲਭਰਾਅ ਨਾਲ



ਪੈਦਾ ਹੋਈਆਂ ਪਰੇਸ਼ਾਨੀਆਂ 'ਤੇ ਸਮੇਂ ਸਿਰ ਕਾਬੂ ਪਾਇਆ ਜਾ ਸਕੇ। ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਸੜਕਾਂ ਦੇ ਕਿਨਾਰੇ ਬਣੀਆਂ ਉਨ੍ਹਾਂ ਨਾਲੀਆਂ ਦੀ ਤੁਰੰਤ ਅਤੇ ਨਿਰੰਤਰ ਜਾਂਚ ਕੀਤੀ ਜਾਵੇ, ਜਿਨ੍ਹਾਂ ਰਾਹੀਂ ਪਾਣੀ ਨਿਕਲ ਕੇ ਸੜਕ ਦਾ ਜਲਭਰਾਅ ਖਤਮ ਹੁੰਦਾ ਹੈ। ਜਿੱਥੇ ਵੀ ਉਹ ਬੰਦ ਜਾਂ ਅਵਰੁੱਧ ਹੋਣ, ਉੱਥੇ ਉਨ੍ਹਾਂ ਨੂੰ ਤੁਰੰਤ ਸਾਫ ਕਰਵਾਇਆ ਜਾਵੇ। ਉਨ੍ਹਾਂ ਨੇ ਛੋਟੀਆਂ ਨਾਲੀਆਂ ਅਤੇ ਨਾਲਿਆਂ ਦੀ ਸਫਾਈ 'ਤੇ ਵਿਸ਼ੇਸ਼ ਜ਼ੋਰ ਦਿੰਦੇ ਹੋਏ ਕਿਹਾ ਕਿ ਪਾਣੀ ਦੇ ਨਿਰਬਾਧ ਪ੍ਰਵਾਹ ਨੂੰ ਯਕੀਨੀ ਬਣਾਉਣਾ ਪਹਿਲੀ ਤਰਜੀਹ ਹੋਣੀ ਚਾਹੀਦੀ। ਉਨ੍ਹਾਂ ਨੇ ਕੂੜਾ-ਕਰਕਟ ਪ੍ਰਬੰਧਨ ਬਾਰੇ ਵੀ ਸਪੱਸ਼ਟ ਨਿਰਦੇਸ਼ ਦਿੱਤੇ ਅਤੇ ਕਿਹਾ ਕਿ ਸੜਕ ਕਿਨਾਰੇ, ਗਲੀਆਂ ਅਤੇ ਨਾਲਿਆਂ ਵਿੱਚ ਪਿਆ ਕੂੜਾ-ਕਰਕਟ ਜਲਭਰਾਅ ਦੀ ਸਥਿਤੀ ਪੈਦਾ ਕਰਦਾ ਹੈ। ਇਨ੍ਹਾਂ ਨੂੰ ਲਗਾਤਾਰ ਹਟਾਇਆ ਜਾਵੇ ਤਾਂ ਜਲਭਰਾਅ 'ਤੇ ਪ੍ਰਭਾਵੀ ਰੋਕ ਲਗਾਈ ਜਾ ਸਕਦੀ ਹੈ। ਮੁੱਖ ਮੰਤਰੀ ਨੇ ਅਫਸਰਾਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਮਾਨਸੂਨ ਦੌਰਾਨ ਜਿਨ੍ਹਾਂ ਦਿਨਾਂ ਵਿੱਚ ਬਾਰਸ਼ ਦੀ ਸੰਭਾਵਨਾ ਨਹੀਂ ਹੁੰਦੀ, ਉਨ੍ਹਾਂ ਦਿਨਾਂ ਵਿੱਚ ਵੀ ਸੀਨੀਅਰ ਅਧਿਕਾਰੀ ਉਨ੍ਹਾਂ ਸਥਾਨਾਂ ਦਾ ਦੌਰਾ ਕਰਨ, ਜਿੱਥੇ ਜਲਭਰਾਅ ਦੀ ਸਮੱਸਿਆ ਰਹਿੰਦੀ ਹੈ। ਉਹ ਇਨ੍ਹਾਂ ਇਲਾਕਿਆਂ ਦੀ ਸਫਾਈ ਕਰਵਾਉਣ, ਉੱਥੇ ਪਾਣੀ ਦੀ ਨਿਕਾਸੀ ਦੀ ਜਾਂਚ ਕਰਨ ਅਤੇ ਉਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਜੋ ਜਲਭਰਾਅ ਦਾ ਕਾਰਨ ਬਣ ਸਕਦੀਆਂ ਹਨ। ਅਧਿਕਾਰੀ ਜ਼ਮੀਨੀ ਕਾਰਵਾਈ ਨੂੰ ਤੇਜ਼ ਕਰਨ। ਮੁੱਖ ਮੰਤਰੀ ਨੇ ਸੀਨੀਅਰ ਅਫਸਰਾਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਉਹ ਫੀਲਡ ਸਟਾਫ ਦੀ ਡਿਊਟੀ ਅਤੇ ਜਵਾਬਦੇਹੀ ਤੈਅ ਕਰਨ, ਤਾਂ ਜੋ ਜਲਭਰਾਅ ਦੇ ਕਾਰਨਾਂ ਦੇ ਨਾਲ-ਨਾਲ ਜਵਾਬਦੇਹੀ ਵੀ ਤੈਅ ਕੀਤੀ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਜਲਭਰਾਅ ਨਾਲ ਪੈਦਾ ਹੋਈਆਂ ਪਰੇਸ਼ਾਨੀਆਂ ਨੂੰ ਸਮਝ ਰਹੀ ਹੈ। ਉਨ੍ਹਾਂ ਨੂੰ ਲਗਾਤਾਰ ਜਾਣਕਾਰੀ ਮਿਲ ਰਹੀ ਸੀ ਕਿ ਜਲਭਰਾਅ ਕਾਰਨ ਸੜਕਾਂ 'ਤੇ ਟ?ਰੈਫਿਕ ਰੁਕ ਗਿਆ ਅਤੇ ਲੋਕਾਂ ਨੂੰ ਆਪਣੇ ਮੰਜ਼ਿਲ ਤੱਕ ਪਹੁੰਚਣ ਵਿੱਚ ਕਾਫੀ ਸਮਾਂ ਲੱਗਾ। ਮੁੱਖ ਮੰਤਰੀ ਨੇ ਕਿਹਾ ਕਿ ਜਲਭਰਾਅ ਰੋਕਣ ਲਈ ਵਿਭਾਗਾਂ ਨੂੰ 24∅7 ਨਿਗਰਾਨੀ ਰੱਖਣੀ ਹੋਵੇਗੀ। ਉਨ੍ਹਾਂ ਨੇ ਅਫਸਰਾਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਇਸ ਮਾਮਲੇ ਵਿੱਚ ਸਬੰਧਤ ਵਿਭਾਗਾਂ ਦਾ ਆਪਸੀ ਸਹਿਯੋਗ ਬਹੁਤ ਜ਼ਰੂਰੀ ਹੈ, ਤਾਂ ਜੋ ਸਾਰੇ ਵਿਭਾਗ ਜਲਭਰਾਅ ਨਾਲ ਨਜਿੱਠਣ ਲਈ ਸਮੂਹਿਕ ਯਤਨ ਕਰਨ ਅਤੇ ਇਸ ਸਮੱਸਿਆ ਨੂੰ ਸਮੇਂ ਸਿਰ ਕੰਟਰੋਲ ਕਰ ਸਕਣ। ਉਨ੍ਹਾਂ ਨੇ ਕਿਹਾ ਕਿ ਜੇਕਰ ਬਹੁਤ ਜ਼ਿਆਦਾ ਬਾਰਸ਼ ਕਾਰਨ ਜਲਭਰਾਅ ਹੁੰਦਾ ਵੀ ਹੈ ਤਾਂ ਉਸ ਨੂੰ ਜਲਦੀ ਤੋਂ ਜਲਦੀ ਸਾਫ ਕਰਨ ਦੇ ਉਪਾਅ ਕਰ ਦਿੱਤੇ ਜਾਣੇ ਚਾਹੀਦੇ। ਮੁੱਖ ਮੰਤਰੀ ਨੇ ਇਸ ਗੱਲ 'ਤੇ ਸੰਤੋਸ਼ ਪ੍ਰਗਟ ਕੀਤਾ ਅਤੇ ਅਧਿਕਾਰੀਆਂ ਦੀ ਸ਼ਲਾਘਾ ਕੀਤੀ ਕਿ ਇਸ ਵਾਰ ਮਿੰਟੋ ਰੋਡ ਬ੍ਰਿਜ ਅਤੇ ਆਈ.ਟੀ.ਓ. ਚੌਰਾਹੇ 'ਤੇ ਪਾਣੀ ਨਹੀਂ ਭਰਿਆ, ਜਦਕਿ ਬਾਰਸ਼ ਦੌਰਾਨ ਹਰ ਸਾਲ ਉੱਥੇ ਪਾਣੀ ਭਰ ਜਾਂਦਾ ਸੀ।

Contd.............. page-12

## ਪੰਜਾਬ ਸਰਕਾਰ ਨੇ ਜਾਰੀ ਕੀਤੀ ਸਿੱਧੀ ਚਿਤਾਵਨੀ, ਕੰਮ ਕਰੋ ਜਾਂ ਕਾਰਵਾਈ ਲਈ ਤਿਆਰ ਰਹੋ

ਕੌਮੀ ਪਤ੍ਰਿਕਾ

ਚੰਡੀਗੜ੍ਹ 10 ਜੁਲਾਈ। ਯੋਗ ਲਾਭਪਾਤਰੀਆਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਮੁਫਤ ਰਾਸ਼ਨ (ਕਣਕ) ਮਿਲਦੇ ਰਹਿਣ ਨੂੰ ਯਕੀਨੀ ਬਣਾਉਣ ਲਈ ਈ-ਕੇਵਾਈਸੀ ਪ੍ਰਕਿਰਿਆ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰਾਂ (ਡੀਐਫਐਸਸੀਜ਼) ਨੂੰ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿਚ ਇਸ ਪ੍ਰਕਿਰਿਆ ਨੂੰ ਜੰਗੀ ਪੱਧਰ 'ਤੇ ਪੂਰਾ ਕਰਨ ਦੇ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ। ਡੀਐੱਫਐੱਸਸੀਜ਼ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਸਮੀਖਿਆ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੂੰ ਜਾਣੂ ਕਰਵਾਇਆ ਗਿਆ ਕਿ ਸੂਬੇ ਦੇ ਕੁੱਲ 1.57 ਕਰੋੜ ਲਾਭਪਾਤਰੀਆਂ ਵਿਚੋਂ 1.25 ਕਰੋੜ ਲਾਭਪਾਤਰੀਆਂ (1,25,55,621) ਲਈ ਈ-ਕੇਵਾਈਸੀ ਪ੍ਰਕਿਰਿਆ ਪੂਰੀ ਕਰ ਲਈ ਗਈ ਹੈ। ਇਸ ਪ੍ਰਕਿਰਿਆ ਨੂੰ ਮੁਕੰਮਲ ਕਰਨ ਦੀ ਆਖਰੀ ਮਿਤੀ 30 ਜੂਨ, 2025 ਸੀ ਪਰ ਟੀਚੇ ਵੱਲ



ਤੇਜ਼ੀ ਨਾਲ ਅੱਗੇ ਵਧਣ ਦੇ ਬਾਵਜੂਦ ਅਜੇ ਵੀ ਕਈ ਲਾਭਪਾਤਰੀ ਦੀ ਈ-ਕੇਵਾਈਸੀ ਅਜੇ ਬਾਕੀ ਹੈ। ਇਸ ਦਾ ਸਖ਼ਤ ਨੋਟਿਸ ਲੈਂਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਭਾਰਤ ਸਰਕਾਰ ਤੋਂ ਇਸ ਪ੍ਰਕਿਰਿਆ ਲਈ ਆਖਰੀ ਮਿਤੀ 31 ਅਗਸਤ, 2025 ਤੱਕ ਵਧਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਡੀਐੱਫਐੱਸਸੀ ਨੂੰ ਈ-ਕੇਵਾਈਸੀ ਵਿਧੀ ਨੂੰ ਤੇਜ਼ੀ ਨਾਲ ਨੇਪਰੇ ਚਾੜਨ, ਮਾੜੀ ਕਾਰਗੁਜ਼ਾਰੀ ਵਾਲੇ ਡਿਪੂ ਹੋਲਡਰਾਂ ਦੀ ਪਛਾਣ ਕਰਨ ਅਤੇ ਅਜਿਹੇ ਡਿਪੂ ਹੋਲਡਰਾਂ ਨੂੰ ਸਖ਼ਤ ਚੇਤਾਵਨੀ ਦੇਣ ਲਈ ਕਿਹਾ ਹੈ ਕਿ ਜੇਕਰ ਇਸ ਸਬੰਧ ਵਿਚ ਕੋਈ ਵੀ ਲਾਪਰਵਾਹੀ ਪਾਈ ਜਾਂਦੀ ਹੈ ਤਾਂ ਉਨ੍ਹਾਂ ਦੇ ਡਿਪੂ ਰੱਦ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਜੁਲਾਈ-ਅਗਸਤ-ਸਤੰਬਰ ਸਰਕਲ ਵਿਚ ਇਹ ਪ੍ਰਕਿਰਿਆ ਪੂਰੀ ਤਰ੍ਹਾਂ ਮੁਕੰਮਲ ਕੀਤੀ ਜਾਵੇ। ਡੀਐੱਫਐੱਸਸੀ ਨੂੰ ਇਸ ਪਹਿਲਕਦਮੀ ਨੂੰ ਜਲਦ ਤੋਂ ਜਲਦ ਨੇਪਰੇ ਚਾੜ੍ਹਨ ਦਾ ਨਿਰਦੇਸ਼ ਦਿੰਦਿਆਂ ਕਟਾਰੂਚੱਕ ਨੇ ਕਿਹਾ ਕਿ ਇਸ ਦੌਰਾਨ ਇਹ ਧਿਆਨ ਵਿਚ ਰੱਖਿਆ ਜਾਵੇ ਕਿ ਕੋਈ ਵੀ ਯੋਗ ਲਾਭਪਾਤਰੀ ਲਾਭ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਇਸ ਪ੍ਰਕਿਰਿਆ ਦੀ ਅਗਲੀ ਸਮੀਖਿਆ 1 ਹਫ਼ਤੇ ਬਾਅਦ ਕੀਤੀ ਜਾਵੇਗੀ ਅਤੇ ਮਾੜੀ-ਕਾਰਗੁਜ਼ਾਰੀ ਵਾਲਿਆਂ ਨਾਲ ਲਿਹਾਜ਼ ਨਹੀਂ ਰੱਖੀ ਜਾਵੇਗੀ।

## ਧਰਮ ਤਬਦੀਲੀ ਨੂੰ ਰੋਕਣ ਲਈ ਸਖ਼ਤ ਕਾਨੂੰਨ ਲਿਆਏਗੀ ਮਹਾਰਾਸ਼ਟਰ ਸਰਕਾਰ : ਚੰਦਰਸ਼ੇਖਰ ਬਾਵਨਕੁਲੇ

ਮੁੰਬਈ 10 ਜੁਲਾਈ। ਮਹਾਰਾਸ਼ਟਰ ਦੇ ਮਾਲ ਮੰਤਰੀ ਚੰਦਰਸ਼ੇਖਰ ਬਾਵਨਕੁਲੇ ਨੇ ਬੁੱਧਵਾਰ ਨੂੰ ਕਿਹਾ ਕਿ ਸੂਬੇ 'ਚ ਧਰਮ ਤਬਦੀਲੀ ਰੋਕਣ ਲਈ ਸਖ਼ਤ ਕਾਨੂੰਨ ਲਿਆਂਦਾ ਜਾਵੇਗਾ। ਦੱਸ ਦੇਈਏ ਕਿ ਭਾਜਪਾ ਦੇ ਅਨੂਪ ਅਗਰਵਾਲ ਤੇ ਹੋਰਾਂ ਵੱਲੋਂ ਸੂਬਾਈ ਵਿਧਾਨ ਸਭਾ 'ਚ ਉਠਾਏ ਗਏ ਮੁੱਦੇ 'ਤੇ ਬਹਿਸ ਦਾ ਜਵਾਬ ਦਿੰਦਿਆਂ ਹੋਇਆ ਬਾਵਨਕੁਲੇ ਨੇ ਕਿਹਾ ਕਿ ਉਹ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨਾਲ ਗੱਲ ਕਰਨਗੇ ਕਿ ਸਖ਼ਤ ਪ੍ਰਬੰਧਾਂ ਵਾਲਾ ਧਰਮ ਤਬਦੀਲੀ ਰੋਕੂ ਕਾਨੂੰਨ ਕਿਵੇਂ ਲਿਆਂਦਾ ਜਾਵੇ? ਇਸ ਦੇ ਨਾਲ ਹੀ ਚੰਦਰਸ਼ੇਖਰ ਨੇ ਇਹ ਵੀ ਕਿਹਾ ਕਿ ਉਨ੍ਹਾਂ ਧੂਲੇ-ਨੰਦੁਰਬਾਰ ਦੇ ਡਿਵੀਜ਼ਨਲ ਕਮਿਸ਼ਨਰ ਨੂੰ ਇਲਾਕੇ 'ਚ ਅਣਅਧਿਕਾਰਤ ਚਰਚਾਂ ਦੀ ਜਾਂਚ ਕਰਨ ਅਤੇ ਉਨ੍ਹਾਂ ਨੂੰ 6 ਮਹੀਨਿਆਂ ਅੰਦਰ ਢਾਹ ਦੇਣ ਦੇ ਨਿਰਦੇਸ਼ ਦਿੱਤੇ ਹਨ। ਭਾਜਪਾ ਦੇ ਅਤੁਲ ਭਟਕਲਕਰ ਨੇ ਪੁੱਛਿਆ ਕਿ 6 ਮਹੀਨਿਆਂ ਦਾ ਸਮਾਂ ਕਿਉਂ ਦਿੱਤਾ ਜਾ ਰਿਹਾ ਹੈ? ਅਣਅਧਿਕਾਰਤ ਧਾਰਮਿਕ ਢਾਂਚਿਆਂ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾਏ। ਇਸ ਸਬੰਧ ਵਿਚ ਬਾਵਨਕੁਲੇ ਨੇ ਕਿਹਾ ਕਿ ਕਾਰਵਾਈ ਕਰਨ ਤੋਂ ਪਹਿਲਾਂ ਸ਼ਿਕਾਇਤਾਂ ਦੀ ਜਾਂਚ ਜ਼ਰੂਰੀ ਹੈ। ਭਾਜਪਾ ਵਿਧਾਇਕ ਸੰਜੇ ਕੁਟੇ ਨੇ ਕਿਹਾ ਕਿ ਧਰਮ ਤਬਦੀਲੀ ਸਿਰਫ਼ ਨੰਦੂਰਬਾਰ 'ਚ ਹੀ ਨਹੀਂ ਸਗੋਂ ਪੂਰੇ ਸੂਬੇ ਦੇ ਆਦਿਵਾਸੀ ਖੇਤਰਾਂ 'ਚ ਹੋ ਰਹੀ ਹੈ। ਅਗਰਵਾਲ ਨੇ ਦਾਅਵਾ ਕੀਤਾ ਕਿ ਨਵਾਪੁਰ (ਧੁਲੇ ਜ਼ਿਲ੍ਹਾ) 'ਚ ਆਦਿਵਾਸੀਆਂ ਤੇ ਗੈਰ-ਆਦਿਵਾਸੀਆਂ ਨੂੰ ਈਸਾਈ ਧਰਮ ਅਪਣਾਉਣ ਲਈ ਲਾਲਚ ਦਿੱਤਾ ਜਾ ਰਿਹਾ ਹੈ।

## ਪ੍ਰਧਾਨ ਮੰਤਰੀ ਮੋਦੀ ਨੂੰ ਬ੍ਰਾਜ਼ੀਲ ਦਾ ਸਰਵਉੱਚ ਸਨਮਾਨ, 'ਨੈਸ਼ਨਲ ਆਰਡਰ ਆਫ ਸਾਊਦਰਨ ਕਰਾਸ' ਨਾਲ ਕੀਤਾ ਸਨਮਾਨਿਤ

ਕੌਮੀ ਪਤ੍ਰਿਕਾ

ਇੰਟਰਨੈਸ਼ਨਲ ਡੈਸਕ 10 ਜੁਲਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬ੍ਰਾਜ਼ੀਲ ਸਰਕਾਰ ਨੇ ਦੇਸ਼ ਦੇ ਸਭ ਤੋਂ ਵੱਡੇ ਨਾਗਰਿਕ ਸਨਮਾਨ 'ਗ੍ਰੈਂਡ ਕਾਲਰ ਆਫ਼ ਦ ਨੈਸ਼ਨਲ ਆਰਡਰ ਆਫ਼ ਦ ਸਾਊਦਰਨ ਕਰਾਸ' ਨਾਲ ਸਨਮਾਨਿਤ ਕੀਤਾ ਹੈ। ਇਹ ਸਨਮਾਨ ਉਨ੍ਹਾਂ ਨੂੰ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਡਾ ਸਿਲਵਾ ਨੇ ਦਿੱਤਾ। ਇਸ ਸਨਮਾਨ ਦਾ ਉਦੇਸ਼ ਉਨ੍ਹਾਂ ਵਿਦੇਸ਼ੀ ਸ਼ਖਸੀਅਤਾਂ ਦਾ ਸਨਮਾਨ ਕਰਨਾ ਹੈ ਜਿਨ੍ਹਾਂ ਨੇ ਬ੍ਰਾਜ਼ੀਲ ਅਤੇ ਆਪਣੇ ਦੇਸ਼ ਵਿਚਕਾਰ ਮਜ਼ਬੂਤ ??ਅਤੇ ਬਿਹਤਰ ਸਬੰਧ ਬਣਾਏ ਹਨ। ਪ੍ਰਧਾਨ ਮੰਤਰੀ ਮੋਦੀ ਨੂੰ ਇਹ ਸਨਮਾਨ ਪ੍ਰਾਪਤ ਕਰਨਾ ਭਾਰਤ-ਬ੍ਰਾਜ਼ੀਲ ਸਬੰਧਾਂ ਲਈ ਇੱਕ ਵੱਡੀ ਕੂਟਨੀਤਕ ਪ੍ਰਾਪਤੀ ਮੰਨਿਆ ਜਾ ਰਿਹਾ ਹੈ। ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬ੍ਰਾਜ਼ੀਲ ਦੀ ਰਾਜਧਾਨੀ ਬ੍ਰਾਸੀਲੀਆ ਪਹੁੰਚੇ ਤਾਂ ਉਨ੍ਹਾਂ ਦਾ ਸ਼ਾਨਦਾਰ ਰਾਜਕੀ ਸਵਾਗਤ ਕੀਤਾ ਗਿਆ। ਰਾਸ਼ਟਰਪਤੀ ਲੂਲਾ ਡਾ ਸਿਲਵਾ ਨੇ ਅਲਵੋਰਾਡਾ ਪੈਲੇਸ ਵਿਖੇ ਪ੍ਰਧਾਨ ਮੰਤਰੀ ਮੋਦੀ ਦਾ ਨਿੱਘਾ ਸਵਾਗਤ ਕੀਤਾ। ਉਨ੍ਹਾਂ ਨੂੰ 114 ਘੋੜਿਆਂ ਦੀ ਸਲਾਮੀ ਅਤੇ ਗਾਰਡ ਆਫ਼ ਆਨਰ ਦਿੱਤਾ ਗਿਆ। ਭਾਰਤ ਅਤੇ ਬ੍ਰਾਜ਼ੀਲ ਦੇ ਰਾਸ਼ਟਰੀ ਗੀਤ ਵਜਾਏ ਗਏ। ਹਵਾਈ ਅੱਡੇ 'ਤੇ 'ਬਟਾਲਹਾ ਮੁੰਡੋ' ਬੈਂਡ ਨੇ ਰਵਾਇਤੀ ਅਫਰੋ-ਬ੍ਰਾਜ਼ੀਲੀਅਨ ਧੁਨਾਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਇਸਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਇਹ ਸਮੂਹ ਸਾਂਬਾ ਅਤੇ ਰੇਗੇ ਸੰਗੀਤ ਨੂੰ ਦੁਨੀਆ ਵਿੱਚ ਲੈ ਜਾ ਰਿਹਾ ਹੈ।

## ਨਿਤੀਸ਼ ਸਰਕਾਰ 'ਤੇ ਖੜਗੇ ਨੇ ਸਾਧਿਆ ਨਿਸ਼ਾਨਾ, ਕਿਹਾ-ਬਿਹਾਰ 'ਚ ਖ਼ਤਮ ਹੋਈ ਕਾਨੂੰਨ ਵਿਵਸਥਾ

ਨਵੀਂ ਦਿੱਲੀ 10 ਜੁਲਾਈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਬਿਹਾਰ ਦੀ ਨਿਤੀਸ਼ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਹੈ ਕਿ ਸੂਬੇ ਵਿੱਚ ਸ਼ਾਸਨ ਨਾਮ ਦੀ ਕੋਈ ਚੀਜ਼ ਨਹੀਂ ਬਚੀ ਹੈ ਅਤੇ ਅਪਰਾਧੀ ਇੰਨੇ ਹੌਸਲੇਮੰਦ ਹਨ ਕਿ ਖੁੱਲ੍ਹੇਆਮ ਕਤਲ ਕੀਤੇ ਜਾ ਰਹੇ ਹਨ ਅਤੇ ਪੁਲਸ ਵਾਲਿਆਂ 'ਤੇ ਹਮਲੇ ਕੀਤੇ ਜਾ ਰਹੇ ਹਨ। ਸ੍ਰੀ ਖੜਗੇ ਨੇ ਅੱਜ ਕਿਹਾ ਕਿ ਜਨਤਾ ਦਲ ਯੂ ਅਤੇ ਭਾਜਪਾ ਸਰਕਾਰ ਦੇ ਅਧੀਨ ਬਿਹਾਰ ਅਪਰਾਧ ਦੀ ਰਾਜਧਾਨੀ ਬਣ ਗਿਆ ਹੈ ਅਤੇ ਅਪਰਾਧੀਆਂ ਦੇ ਹੌਸਲੇ ਵਧੇ ਹਨ। ਉਹਨਾਂ ਕਿਹਾ ਕਿ ਬਿਹਾਰ ਵਿੱਚ ਅਪਰਾਧਾਂ ਦੇ ਹੜ੍ਹ ਕਾਰਨ ਉੱਥੇ ਨਿਵੇਸ਼ ਨਹੀਂ ਹੋ ਰਿਹਾ ਹੈ ਅਤੇ ਬਿਹਾਰ ਵਿਗੜ ਰਿਹਾ ਹੈ, ਇਸ ਲਈ ਇਸ ਵਾਰ ਇੱਕ ਵੱਡੀ ਤਬਦੀਲੀ ਯਕੀਨੀ ਹੈ। ਉਨ੍ਹਾਂ ਕਿਹਾ, ਬਿਹਾਰ ਵਿੱਚ ਮੌਕਾਪ੍ਰਸਤ ਡਬਲ ਇੰਜਣ ਸਰਕਾਰ ਨੇ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਤਬਾਹ ਕਰ ਦਿੱਤਾ ਹੈ। ਪਿਛਲੇ ਛੇ ਮਹੀਨਿਆਂ ਵਿੱਚ ਅੱਠ ਕਾਰੋਬਾਰੀਆਂ ਦਾ ਕਤਲ ਅਤੇ ਪੰਜ ਵਾਰ ਪੁਲਸ ਕਰਮਚਾਰੀਆਂ ਦੀਆਂ ਕੁੱਟਮਾਰ ਦੀਆਂ ਘਟਨਾਵਾਂ ਵਾਪਰੀਆਂ ਹਨ। ਕੱਲ੍ਹ ਹੀ, ਅੰਧਵਿਸ਼ਵਾਸ ਕਾਰਨ ਇੱਕੋ ਪਰਿਵਾਰ ਦੇ ਪੰਜ ਲੋਕਾਂ ਨੂੰ ਮਾਰ ਦਿੱਤਾ ਗਿਆ। ਮਾਸੂਮ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ ਗਿਆ। ਜੇਡੀਯੂ ਅਤੇ ਭਾਜਪਾ ਗਠਜੋੜ ਨੇ ਬਿਹਾਰ ਨੂੰ ਦੇਸ਼ ਦੀ ਅਪਰਾਧ ਰਾਜਧਾਨੀ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਹੈ। ਸ਼੍ਰੀ ਖੜਗੇ ਨੇ ਕਿਹਾ ਕਿ ਮੋਦੀ ਸਰਕਾਰ ਦੇ ਆਪਣੇ ਅੰਕੜੇ ਦਰਸਾਉਂਦੇ ਹਨ ਕਿ ਬਿਹਾਰ ਵਿੱਚ ਗਰੀਬੀ ਆਪਣੇ ਸਿਖਰ 'ਤੇ ਹੈ, ਸਮਾਜਿਕ ਅਤੇ ਆਰਥਿਕ ਨਿਆਂ ਦੀ ਸਥਿਤੀ ਬਦ ਤੋਂ ਬਦਤਰ ਹੋ ਗਈ ਹੈ। ਕਾਨੂੰਨ ਵਿਵਸਥਾ ਦੀ ਖੜੋਤ ਕਾਰਨ, ਨਿਵੇਸ਼ ਸਿਰਫ਼ ਕਾਗਜ਼ਾਂ ਤੱਕ ਹੀ ਸੀਮਤ ਰਹਿ ਗਿਆ ਹੈ। ਇਸ ਵਾਰ ਬਿਹਾਰ ਨੇ ਫ਼ੈਸਲਾ ਕੀਤਾ ਹੈ ਕਿ ਇਹ ਹੁਣ ਬੀਮਾਰ ਨਹੀਂ ਰਹੇਗਾ। ਬਿਹਾਰ ਵਿੱਚ ਬਦਲਾਅ ਯਕੀਨੀ ਹੈ।

# ਚੋਣ ਕਮਿਸ਼ਨ ਨੂੰ ਸੁਪਰੀਮ ਕੋਰਟ ਤੋਂ ਵੱਡੀ ਰਾਹਤ, ਬਿਹਾਰ 'ਚ ਜਾਰੀ ਰਹੇਗੀ ਵੋਟਰ ਲਿਸਟ ਵੈਰੀਫਿਕੇਸ਼ਨ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 10 ਜੁਲਾਈ। ਸੁਪਰੀਮ ਕੋਰਟ ਨੇ ਵੀਰਵਾਰ ਨੂੰ ਚੋਣ ਕਮਿਸ਼ਨ ਨੂੰ ਬਿਹਾਰ 'ਚ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੋਧ ਜਾਰੀ ਰੱਖਣ ਦੀ ਇਜਾਜ਼ਤ ਦੇ ਦਿੱਤੀ, ਇਸਨੂੰ ਸੰਵਿਧਾਨਕ ਜ਼ਿੰਮੇਵਾਰੀ ਦੱਸਿਆ। ਹਾਲਾਂਕਿ ਜਸਟਿਸ ਸੁਧਾਂਸ਼ੂ ਧੂਲੀਆ ਅਤੇ ਜਸਟਿਸ ਜੋਇਮਲਿਆ ਬਾਗਚੀ ਦੇ ਬੈਂਚ ਨੇ ਇਸ ਅਭਿਆਸ ਦੇ ਸਮੇਂ 'ਤੇ ਸਵਾਲ ਉਠਾਇਆ ਅਤੇ ਕਿਹਾ ਕਿ ਬਿਹਾਰ 'ਚ SIR ਦੌਰਾਨ ਆਧਾਰ ਕਾਰਡ, ਵੋਟਰ ਆਈਡੀ ਕਾਰਡ ਅਤੇ ਰਾਸ਼ਨ ਕਾਰਡ ਨੂੰ ਦਸਤਾਵੇਜ਼ ਮੰਨਿਆ ਜਾ ਸਕਦਾ ਹੈ। ਬੈਂਚ ਨੇ ਕਿਹਾ, ਸਾਡਾ ਪਹਿਲੀ ਨਜ਼ਰੇ ਮੰਨਣਾ ਹੈ ਕਿ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੋਧ ਦੌਰਾਨ ਆਧਾਰ, ਵੋਟਰ ਆਈਡੀ ਕਾਰਡ, ਰਾਸ਼ਨ ਕਾਰਡ ਨੂੰ ਦਸਤਾਵੇਜ਼ ਮੰਨਿਆ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ 10 ਵਿਰੋਧੀ ਪਾਰਟੀਆਂ ਦੇ ਨੇਤਾਵਾਂ ਸਮੇਤ ਕਿਸੇ ਵੀ ਪਟੀਸ਼ਨਕਰਤਾ ਨੇ ਚੋਣ ਕਮਿਸ਼ਨ ਦੀ ਇਸ ਪ੍ਰਕਿਰਿਆ 'ਤੇ ਅੰਤਰਿਮ ਰੋਕ ਲਗਾਉਣ ਦੀ ਮੰਗ ਨਹੀਂ ਕੀਤੀ ਹੈ। ਇਸਨੇ ਸਬੰਧਤ ਪਟੀਸ਼ਨਾਂ 'ਤੇ ਜਵਾਬ ਮੰਗਿਆ ਤੇ 28 ਜੁਲਾਈ ਨੂੰ ਸੁਣਵਾਈ ਦੀ ਅਗਲੀ ਤਰੀਕ ਨਿਰਧਾਰਤ ਕੀਤੀ। ਬੈਂਚ ਨੇ ਕਿਹਾ ਕਿ ਚੋਣ ਕਮਿਸ਼ਨ ਨੂੰ ਇਨ੍ਹਾਂ ਪਟੀਸ਼ਨਾਂ 'ਤੇ 21 ਜੁਲਾਈ ਤੱਕ



ਜਵਾਬੀ ਹਲਫ਼ਨਾਮਾ ਦਾਇਰ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਦਾ ਜਵਾਬ 28 ਜੁਲਾਈ ਤੱਕ ਦਾਇਰ ਕਰਨਾ ਚਾਹੀਦਾ ਹੈ। ਬੈਂਚ ਨੇ ਕਿਹਾ ਕਿ ਇਹ ਚੋਣ ਕਮਿਸ਼ਨ ਦੀ ਭਰੋਸੇਯੋਗਤਾ ਅਤੇ ਇਮਾਨਦਾਰੀ 'ਤੇ ਸ਼ੱਕ ਨਹੀਂ ਕਰਦਾ ਕਿਉਂਕਿ ਇਹ ਇੱਕ ਸੰਵਿਧਾਨਕ ਜ਼ਿੰਮੇਵਾਰੀ ਹੈ, ਪਰ ਇਸ ਪ੍ਰਕਿਰਿਆ ਦਾ ਸਮਾਂ ਸ਼ੱਕ ਪੈਦਾ ਕਰ ਰਿਹਾ ਹੈ। ਅਦਾਲਤ ਨੇ ਚੋਣ ਕਮਿਸ਼ਨ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਕੇਸ਼ ਦਿਵੇਦੀ ਨੂੰ ਕਿਹਾ, ਸਾਨੂੰ ਤੁਹਾਡੀ ਇਮਾਨਦਾਰੀ 'ਤੇ ਸ਼ੱਕ ਨਹੀਂ ਹੈ, ਪਰ ਕੁਝ ਧਾਰਨਾਵਾਂ ਹਨ। ਅਸੀਂ ਤੁਹਾਨੂੰ ਰੋਕਣ ਬਾਰੇ ਨਹੀਂ ਸੋਚ ਰਹੇ ਕਿਉਂਕਿ ਇਹ ਇੱਕ ਸੰਵਿਧਾਨਕ ਜ਼ਿੰਮੇਵਾਰੀ ਹੈ। ਦਿਵੇਦੀ ਨੇ ਕਿਹਾ ਕਿ 60 ਪ੍ਰਤੀਸ਼ਤ ਵੋਟਰਾਂ ਨੇ ਆਪਣੀ ਪਛਾਣ ਦੀ ਪੁਸ਼ਟੀ ਕੀਤੀ ਹੈ ਅਤੇ ਅਦਾਲਤ ਨੂੰ ਭਰੋਸਾ ਦਿੱਤਾ ਹੈ ਕਿ ਕਿਸੇ ਨੂੰ ਵੀ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤੇ ਬਿਨਾਂ ਵੋਟਰ ਸੂਚੀ ਤੋਂ ਬਾਹਰ ਨਹੀਂ ਰੱਖਿਆ ਜਾਵੇਗਾ। ਬੈਂਚ ਨੇ ਕਿਹਾ, ਅਸੀਂ ਕਿਸੇ ਵੀ ਸੰਵਿਧਾਨਕ ਸੰਸਥਾ ਨੂੰ ਉਹ ਕਰਨ ਤੋਂ ਨਹੀਂ ਰੋਕ ਸਕਦੇ ਜੋ ਉਸਨੂੰ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ, ਅਸੀਂ ਉਨ੍ਹਾਂ ਨੂੰ ਉਹ ਨਹੀਂ ਕਰਨ ਦੇਵਾਂਗੇ ਜੋ ਉਨ੍ਹਾਂ ਨੂੰ ਨਹੀਂ ਕਰਨਾ ਚਾਹੀਦਾ। ਇਸ ਤੋਂ ਪਹਿਲਾਂ, ਬੈਂਚ ਨੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੋਧ ਦੇ ਸਮੇਂ 'ਤੇ ਸਵਾਲ ਉਠਾਇਆ ਅਤੇ ਚੋਣ ਕਮਿਸ਼ਨ ਨੂੰ ਕਿਹਾ ਕਿ ਤੁਹਾਨੂੰ ਪਹਿਲਾਂ ਕਦਮ ਚੁੱਕਣੇ ਚਾਹੀਦੇ ਸਨ, ਹੁਣ ਥੋੜ੍ਹੀ ਦੇਰ ਹੋ ਗਈ ਹੈ। ਹਾਲਾਂਕਿ, ਇਸ ਨੇ ਇਸ ਦਲੀਲ ਨੂੰ ਰੱਦ ਕਰ ਦਿੱਤਾ ਕਿ ਕਮਿਸ਼ਨ ਨੂੰ ਇਸ ਅਭਿਆਸ ਨੂੰ ਕਰਨ ਦਾ ਕੋਈ ਅਧਿਕਾਰ ਨਹੀਂ ਹੈ।

# ਭਗਵਾਨ ਰਾਮ ਦੇ 30 ਤੋਂ ਵੱਧ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ IRCTC ਚਲਾਏਗੀ ਵਿਸ਼ੇਸ਼ ਰੇਲ ਗੱਡੀਆਂ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 10 ਜੁਲਾਈ। ਅਯੁੱਧਿਆ ਵਿੱਚ ਸ੍ਰੀ ਰਾਮ ਮੰਦਰ ਦੀ ਪ੍ਰਸਿੱਧੀ ਨੂੰ ਦੇਖਦੇ ਹੋਏ ਇੰਡੀਅਨ ਰੇਲਵੇ ਕੈਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ (IRCTC) 210 ਜੁਲਾਈ 2025 ਤੋਂ 'ਸ੍ਰੀ ਰਾਮਾਇਣ ਯਾਤਰਾ' ਨਾਮਕ ਆਪਣੀ ਪੰਜਵੀਂ ਵਿਸ਼ੇਸ਼ ਰੇਲ ਯਾਤਰਾ ਸ਼ੁਰੂ ਕਰਨ ਜਾ ਰਹੀ ਹੈ। ਇਹ ਯਾਤਰਾ 22 ਜਨਵਰੀ 2024 ਨੂੰ ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਲਈ ਆਯੋਜਿਤ ਸਮਾਰੋਹ ਤੋਂ ਬਾਅਦ ਸ਼ੁਰੂ ਹੋਈ ਲੜੀ ਦਾ ਹਿੱਸਾ ਹੈ। IRCTC ਅਨੁਸਾਰ, 'ਸ੍ਰੀ ਰਾਮਾਇਣ ਯਾਤਰਾ' 210 ਜੁਲਾਈ 2025 ਤੋਂ ਸ਼ੁਰੂ ਹੋਵੇਗੀ ਅਤੇ ਇਸ ਵਿੱਚ ਭਗਵਾਨ ਰਾਮ ਨਾਲ ਜੁੜੇ 30 ਤੋਂ ਵੱਧ ਸਥਾਨ ਸ਼ਾਮਲ ਹੋਣਗੇ। ਇਸ ਯਾਤਰਾ ਦੀ ਸ਼ੁਰੂਆਤ ਅਯੁੱਧਿਆ ਤੋਂ ਹੋਵੇਗੀ ਅਤੇ ਫਿਰ ਦੱਖਣੀ ਭਾਰਤ ਦੇ ਨੰਦੀਗ੍ਰਾਮ, ਸੀਤਾਮੜੀ, ਜਨਕਪੁਰ, ਬਕਸਰ, ਵਾਰਾਣਸੀ, ਪ੍ਰਯਾਗਰਾਜ, ਚਿੱਤਰਕੂਟ, ਨਾਸਿਕ, ਹੰਪੀ ਅਤੇ ਅੰਤ ਵਿੱਚ ਰਾਮੇਸ਼ਵਰਮ ਟਾਪੂ ਤੱਕ ਜਾਵੇਗੀ, ਜਿਸ ਤੋਂ ਬਾਅਦ ਇਹ ਦਿੱਲੀ ਵਾਪਸ ਆਵੇਗੀ ਅਤੇ ਸਮਾਪਤ ਹੋਵੇਗੀ। ਆਈਆਰਸੀਟੀਸੀ ਅਧਿਕਾਰੀਆਂ ਨੇ ਕਿਹਾ ਕਿ ਅਯੁੱਧਿਆ ਵਿੱਚ ਰਾਮ ਮੰਦਰ ਦੇ ਉਦਘਾਟਨ ਤੋਂ ਬਾਅਦ ਧਾਰਮਿਕ ਅਤੇ ਸੱਭਿਆਚਾਰਕ ਸੈਰ-ਸਪਾਟੇ ਨੂੰ ਵੱਡਾ ਹੁਲਾਰਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਭਰ ਤੋਂ ਸ਼ਰਧਾਲੂ ਇਨ੍ਹਾਂ ਸਥਾਨਾਂ ਦੇ ਦਰਸ਼ਨ ਕਰਨ ਵਿੱਚ ਦਿਲਚਸਪੀ ਦਿਖਾ ਰਹੇ ਹਨ। ਆਈਆਰਸੀਟੀਸੀ ਦੇ ਇੱਕ ਅਧਿਕਾਰੀ ਨੇ ਕਿਹਾ, ਰਾਮ ਮੰਦਰ ਦੇ ਉਦਘਾਟਨ ਤੋਂ ਬਾਅਦ ਇਹ ਸਾਡੀ ਪੰਜਵੀਂ 'ਰਾਮਾਇਣ ਯਾਤਰਾ' ਹੈ। ਪਹਿਲਾਂ ਦੀਆਂ ਸਾਰੀਆਂ ਯਾਤਰਾਵਾਂ ਨੂੰ ਸ਼ਰਧਾਲੂਆਂ ਵੱਲੋਂ ਸਕਾਰਾਤਮਕ ਹੁੰਗਾਰਾ ਮਿਲਿਆ ਹੈ। ਯਾਤਰਾ ਦਾ ਕਿਰਾਇਆ ਥਰਡ ਏਸੀ ਲਈ ਪ੍ਰਤੀ ਵਿਅਕਤੀ 1,17,975 ਰੁਪਏ, ਸੈਕਿੰਡ ਏਸੀ ਲਈ 1,40,120 ਰੁਪਏ, ਫਸਟ ਏਸੀ ਕੈਬਿਨ ਲਈ 1,66,380 ਰੁਪਏ ਅਤੇ 'ਫਸਟ ਏਸੀ' ਕੂਪ ਲਈ 1,79,515 ਰੁਪਏ ਨਿਰਧਾਰਤ ਕੀਤਾ ਗਿਆ ਹੈ। ਪੈਕੇਜ ਫੀਸ ਵਿੱਚ ਰੇਲ ਯਾਤਰਾ, ਤਿੰਨ-ਸਿਤਾਰਾ ਹੋਟਲਾਂ



ਵਿੱਚ ਰਿਹਾਇਸ਼ (ਸਾਰੀਆਂ ਸ਼੍ਰੇਣੀਆਂ ਲਈ), ਸ਼ੁੱਧ ਸ਼ਾਕਾਹਾਰੀ ਭੋਜਨ, ਏਅਰ-ਕੰਡੀਸ਼ਨਡ ਬੱਸਾਂ ਦੁਆਰਾ ਯਾਤਰਾ ਅਤੇ ਸੈਰ-ਸਪਾਟਾ, ਯਾਤਰਾ ਬੀਮਾ ਅਤੇ ਆਈਆਰਸੀਟੀਸੀ ਯਾਤਰਾ ਪ੍ਰਬੰਧਕ ਦੀਆਂ ਸੇਵਾਵਾਂ ਸ਼ਾਮਲ ਹਨ। ਆਈਆਰਸੀਟੀਸੀ ਵੱਲੋਂ ਜਾਰੀ ਪ੍ਰੈੱਸ ਰਿਲੀਜ਼ ਅਨੁਸਾਰ ਇਹ ਯਾਤਰਾ ਦਿੱਲੀ ਦੇ ਸਫਦਰਜੰਗ ਰੇਲਵੇ ਸਟੇਸ਼ਨ ਤੋਂ ਸ਼ੁਰੂ ਹੋਵੇਗੀ ਅਤੇ ਆਧੁਨਿਕ ਸਹੂਲਤਾਂ ਵਾਲੀ 'ਭਾਰਤ ਗੌਰਵ ਡੀਲਕਸ ਏਸੀ ਟੂਰਿਸਟ ਟ੍ਰੇਨ' ਰਾਹੀਂ ਚਲਾਈ ਜਾਵੇਗੀ। ਇਸ ਟ੍ਰੇਨ ਵਿੱਚ ਦੋ ਰੈਸਟੋਰੈਂਟ, ਆਧੁਨਿਕ ਰਸੋਈ, ਕੋਚ ਵਿੱਚ ਸ਼ਾਵਰ ਕਿਊਬਿਕਲ, ਸੈਂਸਰ ਅਧਾਰਤ ਟਾਇਲਟ, ਪੈਰਾਂ ਦੀ ਮਾਲਿਸ਼ ਵਰਗੀਆਂ ਸਹੂਲਤਾਂ ਹੋਣਗੀਆਂ। ਇਸ ਵਿੱਚ 'ਪਹਿਲੀ, ਦੂਜੀ ਅਤੇ ਤੀਜੀ ਏਸੀ' ਸ਼੍ਰੇਣੀਆਂ ਵਿੱਚ ਯਾਤਰਾ ਦੀ ਸਹੂਲਤ ਹੋਵੇਗੀ। ਸੁਰੱਖਿਆ ਲਈ, ਹਰੇਕ ਕੋਚ ਵਿੱਚ ਸੀਸੀਟੀਵੀ ਕੈਮਰੇ ਅਤੇ ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਯਾਤਰਾ ਅਯੁੱਧਿਆ ਤੋਂ ਸ਼ੁਰੂ ਹੋਵੇਗੀ, ਜਿੱਥੇ ਸ਼ਰਧਾਲੂ ਸ੍ਰੀ ਰਾਮ ਜਨਮ ਭੂਮੀ ਮੰਦਰ, ਹਨੂੰਮਾਨਗੜ੍ਹੀ ਅਤੇ ਰਾਮ ਕੀ ਪਾੜੀ (ਸਰਯੂ ਘਾਟ) ਦੇ ਦਰਸ਼ਨ ਕਰਨਗੇ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਨੰਦੀਗ੍ਰਾਮ ਸਥਿਤ ਭਾਰਤ ਮੰਦਰ ਦਾ ਦੌਰਾ ਕੀਤਾ ਜਾਵੇਗਾ। ਅਧਿਕਾਰੀ ਨੇ ਕਿਹਾ ਕਿ ਅਗਲਾ ਸਟਾਪ ਬਿਹਾਰ ਵਿੱਚ ਸੀਤਾਮੜੀ ਹੋਵੇਗਾ, ਜਿੱਥੇ ਯਾਤਰੀ ਸੀਤਾ ਜੀ ਦੇ ਜਨਮ ਸਥਾਨ ਅਤੇ ਨੇਪਾਲ ਦੇ ਜਨਕਪੁਰ ਵਿੱਚ ਸਥਿਤ ਰਾਮ ਜਾਨਕੀ ਮੰਦਰ ਦੇ ਦਰਸ਼ਨ ਕਰਨਗੇ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਬਕਸਰ ਵਿੱਚ ਰਾਮਰੇਖਾ ਘਾਟ ਅਤੇ ਰਾਮੇਸ਼ਵਰਨਾਥ ਮੰਦਰ, ਕਾਸ਼ੀ ਵਿਸ਼ਵਨਾਥ ਮੰਦਰ, ਤੁਲਸੀ ਮੰਦਰ, ਵਾਰਾਣਸੀ ਵਿੱਚ ਸੰਕਟ ਮੋਚਨ ਮੰਦਰ ਦੇ ਦਰਸ਼ਨ ਕੀਤੇ ਜਾਣਗੇ ਅਤੇ ਲੋਕ ਗੰਗਾ ਆਰਤੀ ਵੀ ਦੇਖਣਗੇ। ਆਈਆਰਸੀਟੀਸੀ ਨੇ ਕਿਹਾ ਕਿ ਇਸ ਤੋਂ ਬਾਅਦ ਯਾਤਰੀਆਂ ਨੂੰ ਸੜਕ ਰਾਹੀਂ ਪ੍ਰਯਾਗ, ਸ਼੍ਰਿੰਗਵੇਰਪੁਰ ਅਤੇ ਚਿੱਤਰਕੂਟ ਲਿਜਾਇਆ ਜਾਵੇਗਾ, ਜਿਸ ਵਿੱਚ ਰਾਤ ਦੇ ਠਹਿਰਨ ਦਾ ਵੀ ਪ੍ਰਬੰਧ ਹੋਵੇਗਾ। ਆਈਆਰਸੀਟੀਸੀ ਨੇ ਕਿਹਾ ਕਿ ਇਸ ਤੋਂ ਬਾਅਦ ਇਹ ਟ੍ਰੇਨ ਮਹਾਰਾਸ਼ਟਰ ਦੇ ਨਾਸਿਕ ਪਹੁੰਚੇਗੀ, ਜਿੱਥੇ ਤ੍ਰਿਯੰਬਕੇਸ਼ਵਰ ਮੰਦਰ ਅਤੇ ਪੰਚਵਟੀ ਖੇਤਰ ਦਿਖਾਇਆ ਜਾਵੇਗਾ। ਇਸ ਤੋਂ ਬਾਅਦ, ਹੰਪੀ ਵਿੱਚ ਅੰਜਨਾਦਰੀ ਪਹਾੜ (ਹਨੂਮਾਨ ਜੀ ਦਾ ਜਨਮ ਸਥਾਨ), ਵਿੱਠਲ ਅਤੇ ਵਿਰੂਪਾਕਸ਼ ਮੰਦਰਾਂ ਦਾ ਦੌਰਾ ਕੀਤਾ ਜਾਵੇਗਾ। ਰੇਲ ਯਾਤਰਾ ਦਾ ਆਖਰੀ ਪੜਾਅ ਰਾਮੇਸ਼ਵਰਮ ਹੋਵੇਗਾ, ਜਿਸ ਵਿੱਚ ਰਾਮਨਾਥਸਵਾਮੀ ਮੰਦਰ ਅਤੇ ਧਨੁਸ਼ਕੋਡੀ ਸ਼ਾਮਲ ਹਨ। ਯਾਤਰਾ 17ਵੇਂ ਦਿਨ ਦਿੱਲੀ ਵਾਪਸ ਆ ਕੇ ਸਮਾਪਤ ਹੋਵੇਗੀ।

## ਸੀਟੂ ਆਗੂਆਂ ਨੇ ਲਾਮਿਸਾਲ ਹੜਤਾਲ ਦੀ ਕਾਮਯਾਬੀ ਲਈ ਵਰਕਰਾਂ ਦਾ ਕੀਤਾ ਧੰਨਵਾਦ

ਸੰਗਰੂਰ,10 ਜੁਲਾਈ: ਸੀਟੂ ਦੀ ਪੰਜਾਬ ਸਟੇਟ ਕਮੇਟੀ ਵੱਲੋਂ ਅੱਜ ਦੀ ਇਤਿਹਾਸਕ ਹੜਤਾਲ ਨੂੰ ਕਾਮਯਾਬ ਕਰਨ ਲਈ ਪੰਜਾਬ ਭਰ ਦੇ ਮਜਦੂਰਾਂ,ਕਿਸਾਨਾਂ,ਟਰਾਂਸਪੋਰਟ ਵਰਕਰਜ, ਆਂਗਣਵਾੜੀ ਮੁਲਾਜ਼ਮਾਂ, ਆਸ਼ਾ ਵਰਕਰਾਂ,ਪੇਂਡੂ ਚੌਕੀਦਾਰਾਂ, ਮਨਰੇਗਾ ਵਰਕਰਾਂ, ਫੈਕਟਰੀ ਵਰਕਰਜ,ਐੱਸ ਕੇ ਐੱਮ ਅਤੇ ਬੈਂਕਾਂ/ਬੀਮਾ ਕਰਮਚਾਰੀਆਂ ਅਤੇ ਉਹਨਾਂ ਦੀਆਂ ਯੂਨੀਅਨਜ ਦੇ ਆਗੂਆ ਦਾ ਧੰਨਵਾਦ ਕੀਤਾ ਗਿਆ ਹੈ। ਸੀਟੂ ਦੀ ਆਲ ਇੰਡੀਆ ਸਕੱਤਰ ਭੈਣ ਊਸ਼ਾ ਰਾਣੀ,ਸੂਬਾਈ ਪ੍ਰਧਾਨ ਮਹਾਂਸਿੰਘ ਰੌੜੀ,ਜਨਰਲ ਸਕੱਤਰ ਚੰਦਰ ਸ਼ੇਖਰ, ਵਿੱਤ ਸਕੱਤਰ ਸੁੱਚਾ ਸਿੰਘ ਅਜਨਾਲਾ ਅਤੇ ਸਾਰੇ ਸੂਬਾਈ ਅਹੁਦੇਦਾਰਾਂ ਨੇ ਹੜਤਾਲ ਨੂੰ ਕਾਮਯਾਬ ਬਣਾਉਣ ਲਈ ਜਥੇਬੰਦੀਆਂ ਦੇ ਆਗੂਆ ਅਤੇ ਸੰਬੰਧਿਤ ਅਦਾਰਿਆ ਦੇ ਵਰਕਰਾ ਦਾ ਖੁਲ੍ਹੇ ਦਿਲ ਨਾਲ ਧੰਨਵਾਦ ਕੀਤਾ ਗਿਆ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆ ਦਾ ਹੜਤਾਲ ਦੀ ਕਾਮਯਾਬੀ ਅਤੇ ਬਹੁਤਾ ਥਾਂਵਾਂ 'ਤੇ ਲੰਗਰ ਚਲਾਉਣ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ ਹੈ। ਪਨਸਪ ਦੇ ਵਰਕਰਾ ਨੇ ਹੜਤਾਲ ਨੂੰ ਸਫਲ ਬਣਾਉਣ ਲਈ ਅਤੇ ਨਵਾਂਸ਼ਹਿਰ ਸਮੇਤ ਕਈ ਥਾਈਂ ਲੰਗਰ ਚਲਾਉਣ ਲਈ ਸ਼ਲਾਘਾ ਕੀਤੀ ਗਈ ਹੈ। ਸੀਟੂ ਨੇ ਹੜਤਾਲ ਵਿੱਚ ਭਾਗ ਲੈਣ ਲਈ ਜੀਵਨ ਬੀਮਾ ਨਿਗਮ ਅਤੇ ਬੈਂਕ ਕਰਮਚਾਰੀਆ ਦਾ ਸ਼ੁਕਰੀਆ ਕੀਤਾ ਗਿਆ ਹੈ। ਹੜਤਾਲ ਲਈ ਸਮਰਥਨ ਜੁਟਾਉਣ ਲਈ ਸਰਕਾਰੀ ਕਰਮਚਾਰੀਆ ਪ੍ਰਤੀ ਵੀ ਧੰਨਵਾਦ ਪ੍ਰਗਟ ਕੀਤਾ ਗਿਆ ਹੈ। ਸੀਟੂ ਦੇ ਆਗੂਆ ਨੇ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਨੂੰ ਤਾੜਨਾ ਕੀਤੀ ਹੈ ਕਿ ਆਪਣੀਆ ਮਜਦੂਰ ਵਿਰੁੱਧ ਨੀਤੀਆ ਦਾ ਤਿਆਗ ਕਰੇ ਨਹੀਂ ਤਾਂ ਦੇਸ਼ ਭਰ ਦੇ ਮਜਦੂਰਾ ਤੇ ਕਿਸਾਨਾ ਦੇ ਤਿੱਖੇ ਵਿਰੋਧ ਦੀ ਜਵਾਲਾ ਦਾ ਸੇਕ ਝੱਲਣ ਲਈ ਤਿਆਰ ਰਹੇ। ਸੀਟੂ ਨੇ ਭਗਵੰਤ ਸਿੰਘ ਮਾਨ ਸਰਕਾਰ ਨੂੰ ਵੀ ਕਰਵਾਉਂਦੇ ਦਿਤਾ ਹੈ ਕਿ ਉਹ ਮੋਦੀ ਦੀ ਪੈੜ ਵਿੱਚ ਪੈਰ ਧਰਨ ਦੀ ਬਜਾਏ ਮਜਦੂਰਾ-ਕਿਸਾਨਾ ਵਿਰੁੱਧ ਘਮੰਡੀਪੁਣੇ ਨੂੰ ਛੱਡ ਕੇ ਧਾਰਣ ਕੀਤੀ ਵਿਰੋਧੀ ਨੀਤੀ ਦਾ ਤਿਆਗ ਕਰਕੇ ਲੋਕ ਅਵਾਜ ਦੀ ਕਦਰ ਕਰੇ।

## ਪ੍ਰੇਮਿਕਾ ਦਾ ਚਾਕੂ ਮਾਰ ਕੇ ਕੀਤਾ ਕਤਲ, ਪੁਲਸ ਮੁਕਾਬਲੇ ਤੋਂ ਬਾਅਦ 'ਕਾਤਲ' ਪ੍ਰੇਮੀ ਗ੍ਰਿਫ਼ਤਾਰ

ਨੋਇਡਾ 10 ਜੁਲਾਈ। ਉੱਤਰ ਪ੍ਰਦੇਸ਼ ਦੇ ਨੋਇਡਾ 'ਚ ਪ੍ਰੇਮਿਕਾ ਦਾ ਚਾਕੂ ਨਾਲ ਹਮਲਾ ਕਰ ਕੇ ਕਤਲ ਕਰਨ ਦੇ ਦੋਸ਼ੀ ਨੂੰ ਪੁਲਸ ਨੇ ਮੁਕਾਬਲੇ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ। ਇਕ ਅਧਿਕਾਰੀ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਦੀ ਪਛਾਣ ਦਾਦਰੀ ਦੇ ਰਹਿਣ ਵਾਲੇ ਮੁਕੀਮ (38) ਵਜੋਂ ਹੋਈ ਹੈ ਅਤੇ ਮੁਕਾਬਲੇ 'ਚ ਉਸ ਦੇ ਪੈਰ 'ਚ ਗੋਲੀ ਲੱਗੀ ਹੈ। ਪੁਲਸ ਡਿਪਟੀ ਕਮਿਸ਼ਨਰ ਸ਼ਕਤੀ ਮੋਹਨ ਅਵਸਥੀ ਨੇ ਦੱਸਿਆ ਕਿ ਈਕੋਟੇਕ-ਤਿੰਨ ਥਾਣਾ ਖੇਤਰ ਦੀ ਨਿਰਮਾਣ ਵਿਹਾਰ ਕਾਲੋਨੀ 'ਚ ਰਹਿਣ ਵਾਲੀ ਇਕ ਔਰਤ ਦਾ 4 ਜੁਲਾਈ ਨੂੰ ਚਾਕੂ ਨਾਲ ਹਮਲਾ ਕਰ ਕੇ ਕਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਔਰਤ ਦੀ ਪਛਾਣ ਲੋਹਾਰਲੀ ਪਿੰਡ ਦੀ ਰਹਿਣ ਵਾਲੀ ਵਿਆਹੁਤਾ ਸ਼ਬਨਮ ਵਜੋਂ ਹੋਈ ਸੀ, ਜੋ ਪਤੀ ਸ਼ਹਾਬੁਦੀਨ ਤੋਂ ਵੱਖ ਆਪਣੇ ਪ੍ਰੇਮੀ ਨਾਲ ਰਹਿ ਰਹੀ ਸੀ। ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕਾ ਦੇ ਬੇਟੇ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕਰ ਕੇ ਪੁਲਸ ਨੇ ਕਤਲ ਦੇ ਦੋਸ਼ੀ ਨੂੰ ਮੁਕਾਬਲੇ ਤੋਂ ਬਾਅਦ



ਗ੍ਰਿਫ਼ਤਾਰ ਕਰ ਲਿਆ। ਅਵਸਥੀ ਨੇ ਦੱਸਿਆ ਕਿ ਸ਼ਨੀਵਾਰ ਸਵੇਰੇ ਪੁਲਸ ਨੂੰ ਸੂਚਨਾ ਮਿਲੀ ਕਿ ਦੋਸ਼ੀ ਮੋਟਰਸਾਈਕਲ ਤੋਂ ਫਰਾਰ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਿਸ ਤੋਂ ਬਾਅਦ ਚੌਗਾਨਪੁਰ ਗੋਲ ਚੱਕਰ ਕੋਲ ਪੁਲਸ ਨੇ ਵਾਹਨਾਂ ਦੀ ਜਾਂਚ ਸ਼ੁਰੂ ਕੀਤੀ। ਉਨ੍ਹਾਂ ਦੱਸਿਆ ਕਿ ਇਸੇ ਵਿਚ ਸ਼ੱਕੀ ਇਕ ਬਾਈਕ 'ਤੇ ਆਉਂਦਾ ਹੋਇਆ ਦਿਖਾਈ ਦਿੱਤਾ ਅਤੇ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ ਪਰ ਉਹ ਰੁਕਣ ਦੀ ਬਜਾਏ ਮੋਟਰਸਾਈਕਲ ਮੋੜ ਕੇ ਦੌੜਣ ਲੱਗਾ। ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਪਿੱਛਾ ਕਰ ਕੇ ਦੋਸ਼ੀ ਨੂੰ ਘੇਰ ਲਿਆ, ਜਿਸ ਤੋਂ ਬਾਅਦ ਉਸ ਨੇ ਪੁਲਸ ਮੁਲਾਜ਼ਮਾਂ 'ਤੇ ਗੋਲੀ ਚਲਾਈ। ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਵੀ ਜਵਾਬੀ ਕਾਰਵਾਈ 'ਚ ਗੋਲੀ ਚਲਾਈ, ਦੋਸ਼ੀ ਦੇ ਪੈਰ 'ਚ ਲੱਗੀ। ਅਧਿਕਾਰੀ ਨੇ ਦੱਸਿਆ ਕਿ ਪੁਲਸ ਨੂੰ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਕੇ ਇਲਾਜ ਲਈ ਹਸਪਤਾਲ 'ਚ ਦਾਖ਼ਲ ਕਰਵਾਇਆ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਦੋਸ਼ੀ ਨੇ ਪੁੱਛ-ਗਿੱਛ 'ਚ ਖ਼ੁਲਾਸਾ ਕੀਤਾ ਕਿ ਸ਼ਬਨਮ ਨਾਲ ਸੰਬੰਧਾਂ ਨੂੰ ਲੈ ਕੇ ਉਸ ਦੀ ਪਤਨੀ ਅਤੇ ਬੱਚੇ ਉਸ ਦਾ ਵਿਰੋਧ ਕਰ ਰਹੇ ਸਨ।

## ਇੱਕ ਲੱਖ ਤੋਂ ਤਿੰਨ ਲੱਖ ਰੁਪਏ ਤੱਕ ਦੀ ਰਕਮ ਦੇ ਵਿਤੀ ਵਿਵਾਦਾਂ ਦਾ ਹੋਵੇਗਾ ਹੱਲ

ਚੰਡੀਗੜ੍ਹ, 10 ਜੁਲਾਈ: ਉਤਰ ਹਰਿਆਣਾ ਬਿਜਲੀ ਵੰਡ ਨਿਗਮ ਖਪਤਕਾਰਾਂ ਨੂੰ ਭਰੋਸੇਮੰਦ ਅਤੇ ਬਿਨਾਂ ਰੋਕ ਦੇ ਬਿਜਲੀ ਸਪਲਾਈ ਲਈ ਵਚਨਬੱਧ ਹੈ। ਖਪਤਕਾਰ ਸੰਤੁਸ਼ਟੀ ਦੇ ਟੀਚੇ ਨੂੰ ਪਾ?ਰਪਤ ਕਰਨ ਲਈ ਬਿਜਲੀ ਨਿਗਮ ਵੱਲੋਂ ਅਨੇਕ ਮਹੱਤਵਪੂਰਨ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ ਤਾਂ ਜੋ ਖਪਤਕਾਰਾਂ ਦੀ ਸਮੱਸਿਆਵਾਂ ਨੂੰ ਤੁਰੰਤ ਹੱਲ ਕੀਤਾ ਜਾ ਸਕੇ। ਬਿਜਲੀ ਨਿਗਮ ਦੇ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਖਪਤਕਾਰ ਸ਼ਿਕਾਇਤ ਨਿਵਾਰਣ ਮੰਚ ਰੇਗੁਲੇਸ਼ 2.8.2 ਅਨੁਸਾਰ ਇੱਕ ਲੱਖ ਤੋਂ ਵੱਧ ਅਤੇ ਤਿੰਨ ਲੱਖ ਰੁਪਏ ਤੱਕ ਦੀ ਰਕਮ ਦੇ ਵਿਤੀ ਵਿਵਾਦਾਂ ਨਾਲ ਸਬੰਧਿਤ ਸ਼ਿਕਾਇਤਾਂ ਦੀ ਸੁਣਵਾਈ ਕਰੇਗਾ। ਰੋਹਤੱਕ ਜੋਨ ਦੇ ਬਿਜਲੀ ਖਪਤਕਾਰਾਂ ਦੀ ਸ਼ਿਕਾਇਤਾਂ ਦਾ ਨਿਵਾਰਣ ਮੰਚ ਦੀ ਕਾਰਵਾਈ 10 ਜੁਲਾਈ ਨੂੰ ਰੋਹਤੱਕ ਵਿੱਚ ਕੀਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਰੋਹਤੱਕ ਜੋਨ ਤਹਿਤ ਆਉਣ ਵਾਲੇ ਜ਼ਿਲ੍ਹਿਆਂ ਦੇ ਖਪਤਕਾਰਾਂ ਦੇ ਗਲਤ ਬਿਲਾਂ, ਬਿਜਲੀ ਦੀ ਦਰਾਂ ਨਾਲ ਸਬੰਧਿਤ ਮਾਮਲੇ, ਮੀਟਰ ਸਿਕਯੋਰਿਟੀ ਨਾਲ ਜੁੜੇ ਮਾਮਲੇ, ਖਰਾਬ ਹੋਏ ਮੀਟਰਾਂ ਨਾਲ ਸਬੰਧਿਤ ਮਾਮਲੇ ਅਤੇ ਵੋਲਟੇਜ਼ ਨਾਲ ਜੁੜੇ ਮਾਮਲਿਆਂ ਦਾ ਵੀ ਹੱਲ ਕੀਤਾ ਜਾਵੇਗਾ। ਖਪਤਕਾਰ ਅਤੇ ਨਿਗਮ ਵਿਚਕਾਰ ਨਾਲ ਕਿਸੇ ਵੀ ਵਿਵਾਦ ਦੇ ਨਿਪਟਾਨ ਲਈ ਫੋਰਮ ਵਿੱਚ ਵਿਤੀ ਮਾਮਲਿਆਂ ਨਾਲ ਸਬੰਧਿਤ ਸ਼ਿਕਾਇਤ ਪੇਸ਼ ਕਰਨ ਤੋਂ ਪਹਿਲਾਂ 6 ਮਹੀਨੇ ਦੌਰਾਨ ਖਪਤਕਾਰ ਵੱਲੋਂ ਭੁਗਤਾਨ ਕੀਤੇ ਗਏ ਬਿਜਲੀ ਦੇ ਔਸਤ ਖਰਚਿਆਂ ਦੇ ਆਧਾਰ 'ਤੇ ਗਣਨਾ ਕੀਤੀ ਗਈ ਹਰੇਕ ਮਹੀਨੇ ਲਈ ਦਾਅਵਾ ਕੀਤੀ ਗਈ ਰਕਮ ਖਪਤਕਾਰ ਨੂੰ ਜਮਾ ਕਰਵਾਣੀ ਹੋਵੇਗੀ। ਇਸ ਦੌਰਾਨ ਖਪਤਕਾਰ ਨੂੰ ਪ੍ਰਮਾਣਿਤ ਕਰਨਾ ਹੋਵੇਗਾ ਕਿ ਇਹ ਮਾਮਲਾ ਅਦਾਲਤ, ਅਥਾਰਿਟੀ ਜਾਂ ਫੋਰਮ ਦੇ ਸਾਹਮਣੇ ਵਿਚਾਰ ਅਧੀਨ ਨਹੀਂ ਹੈ ਕਿਉਂਕਿ ਇਸ ਅਦਾਲਤ ਜਾਂ ਫੋਰਮ ਵਿੱਚ ਵਿਚਾਰ ਅਧੀਨ ਮਾਮਲਿਆਂ 'ਤੇ ਮੀਟਿੰਗ ਦੌਰਾਨ ਵਿਚਾਰ ਨਹੀਂ ਕੀਤਾ ਜਾਵੇਗਾ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਵੱਖ-ਵੱਖ ਕੋਰਸਾਂ ਲਈ 2025 ਦੀ ਕੌਂਸਲਿੰਗ ਪ੍ਰਕਿਰਿਆ ਸਫਲਤਾਪੂਰਵਕ ਸੰਪਨ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ, 10 ਜੁਲਾਈ: ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਅੰਡਰਗ੍ਰੈਜੂਏਟ ਸੈਸ਼ਨ 2025 ਲਈ ਯੂਨੀਵਰਸਿਟੀ ਕੋਮਨ ਐਂਟਰੈਂਸ ਟੈਸਟ ਅਤੇ ਯੂਨੀਵਰਸਿਟੀ ਕੋਮਨ ਐਡਮਿਸ਼ਨ ਟੈਸਟ ਦੀ ਕੌਂਸਲਿੰਗ ਪ੍ਰਕਿਰਿਆ ਬੇਹੱਦ ਸਫਲ ਅਤੇ ਪਾਰਦਰਸ਼ੀ ਢੰਗ ਨਾਲ ਪੂਰੀ ਕਰ ਲਈ ਗਈ ਹੈ। ਇਹ ਕੌਂਸਲਿੰਗ ਯੂਨੀਵਰਸਿਟੀ ਦੇ ਵਿਗਿਆਨ ਅਤੇ ਇੰਜਨੀਅਰਿੰਗ ਫੈਕਲਟੀ ਅਧੀਨ ਆਉਣ ਵਾਲੇ 14 ਵਿਭਾਗਾਂ ਵਿੱਚ ਚੱਲ ਰਹੇ ਕੋਰਸਾਂ ਲਈ ਕਰਵਾਈ ਗਈ। ਇਹ ਪ੍ਰਕਿਰਿਆ ਵਿਦਿਆਰਥੀਆਂ ਵਿੱਚ ਵਧ ਰਹੀ ਰੁਚੀ ਅਤੇ ਯੂਨੀਵਰਸਿਟੀ ਪ੍ਰਤੀ ਭਰੋਸੇ ਨੂੰ ਦਰਸਾਉਂਦੀ ਹੈ, ਜਿਸ ਦੌਰਾਨ ਵੱਡੀ ਗਿਣਤੀ ਵਿੱਚ ਦਾਖਲੇ ਲਈ ਆਏ ਉਮੀਦਵਾਰਾਂ ਨੇ ਵਿਭਿੰਨ ਕੋਰਸਾਂ ਲਈ ਭਾਰੀ ਉਤਸ਼ਾਹ ਨਾਲ ਭਾਗ ਲਿਆ। ਇਸੇ ਕਰਕੇ ਲਗਭਗ ਸਾਰੇ ਕੋਰਸਾਂ ਵਿੱਚ ਸੀਟਾਂ ਪੂਰੀ ਤਰ੍ਹਾਂ ਭਰ ਗਈਆਂ ਹਨ। ਕੁਝ ਕੋਰਸਾਂ ਵਿੱਚ ਸੀਟਾਂ ਦੀ ਮੰਗ ਉਮੀਦ ਤੋਂ ਕਾਫੀ ਵੱਧ ਰਹੀ, ਜਿਸ ਕਰਕੇ ਯੂਨੀਵਰਸਿਟੀ ਨੇ ਇਸਨੂੰ ਇੱਕ ਸਹੀ ਦਿਸ਼ਾ ਵਿੱਚ ਵਧਣ ਵਾਲਾ ਸੰਕੇਤ ਕਰਾਰ ਦਿੱਤਾ ਹੈ। ਯੂ.ਸੀ. ਈ. ਟੀ.ਦੇ ਕੋਆਰਡੀਨੇਟਰ ਡਾ. ਤੇਜਵੰਤ ਸਿੰਘ ਕੰਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਬਾਰਡਰ ਏਰੀਆ ਅਤੇ ਪਿੰਡਾਂ 'ਚ ਰਹਿਣ ਵਾਲੇ ਵਿਦਿਆਰਥੀਆਂ ਲਈ ਨਿਰਧਾਰਤ ਸੁਪਰ ਨਿਊਮੈਰੀ ਕੋਟਾ ਸੀਟਾਂ ਦੀ ਕੌਂਸਲਿੰਗ ਵੀ ਜਲਦ ਵਿਭਾਗ ਪੱਧਰ 'ਤੇ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸੀਟਾਂ ਲਈ ਵੀ ਵਿਦਿਆਰਥੀਆਂ ਵਿੱਚ ਖਾਸ ਰੁਚੀ ਵੇਖਣ ਨੂੰ ਮਿਲੀ ਹੈ ਅਤੇ ਸੰਭਾਵਨਾ ਹੈ ਕਿ ਇਹ ਪ੍ਰਕਿਰਿਆ ਵੀ ਸਮੇਂ ਬੱਧ ਢੰਗ ਨਾਲ ਸੰਪੰਨ ਹੋ ਜਾਵੇਗੀ।ਡਾ. ਕੰਗ ਨੇ ਇਹ ਵੀ ਦੱਸਿਆ ਕਿ ਕੁਝ ਵਿਭਾਗਾਂ ਵਿੱਚ ਜੇਕਰ ਕੁਝ ਸੀਟਾਂ ਖਾਲੀ ਰਹਿ ਜਾਂਦੀਆਂ ਹਨ, ਤਾਂ ਉਨ੍ਹਾਂ ਦੀ ਵੇਟਿੰਗ ਲਿਸਟ 10 ਜੁਲਾਈ ਤੱਕ ਵਿਭਾਗਾਂ ਨੂੰ ਸੌਂਪੀ ਜਾਵੇਗੀ। ਵਿਭਾਗ ਆਪਣੇ ਪੱਧਰ 'ਤੇ ਯੋਗ ਉਮੀਦਵਾਰਾਂ ਨਾਲ ਸੰਪਰਕ ਕਰਕੇ ਇਨ੍ਹਾਂ ਸੀਟਾਂ ਨੂੰ ਭਰਨਗੇ, ਤਾਂ ਜੋ ਕਿਸੇ ਵੀ ਖਾਲੀ ਸੀਟ ਦਾ ਵਿਦਿਆਰਥੀਆਂ ਨੂੰ ਲਾਭ ਮਿਲ ਸਕੇ।ਇਸ ਤੋਂ ਪਹਿਲਾ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਨੇ 2025 ਦੀ ਪੂਰੀ ਦਾਖਲਾ ਪ੍ਰਕਿਰਿਆ ਨੂੰ ਨਿਰਵਿਘਨ, ਪਾਰਦਰਸ਼ੀ ਅਤੇ ਪ੍ਰਬੰਧਕ ਰੂਪ ਵਿੱਚ ਸੰਪੰਨ ਕਰਨ ਲਈ ਕੋਆਰਡੀਨੇਟਰ ਡਾ. ਤੇਜਵੰਤ ਸਿੰਘ ਕੰਗ, ਪ੍ਰੋ. ਬਲਵਿੰਦਰ ਸਿੰਘ ਅਤੇ ਪੂਰੇ ਕੌਂਸਲਿੰਗ ਟੀਮ ਦੀ ਸਾਰਥਕ ਭੂਮਿਕਾ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਨਵੇਂ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਸੈਸ਼ਨ ਦੀ ਸ਼ੁਰੂਆਤ ਲਈ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਨੂੰ ਇਮਾਨਦਾਰੀ, ਮਿਹਨਤ ਅਤੇ ਲਗਨ ਨਾਲ ਅੱਗੇ ਵਧਣ ਅਤੇ ਸਮਾਜ ਵਿੱਚ ਆਪਣਾ ਯੋਗਦਾਨ ਪਾਉਣ ਦੀ ਪ੍ਰੇਰਣਾ ਦਿੱਤੀ।ਇਹ ਕੌਂਸਲਿੰਗ ਪ੍ਰਕਿਰਿਆ ਨਾ ਸਿਰਫ਼ ਯੂਨੀਵਰਸਿਟੀ ਦੀ ਵਿਦਿਅਕ ਉੱਤਮਤਾ ਨੂੰ ਮੁੜ ਸਾਬਤ ਕਰਦੀ ਹੈ, ਸਗੋਂ ਇਹ ਵੀ ਦਰਸਾਉਂਦੀ ਹੈ ਕਿ ਵਿਦਿਆਰਥੀਆਂ ਦੇ ਭਵਿੱਖ ਲਈ ਸੰਸਥਾ ਕਿੰਨੀ ਗੰਭੀਰਤਾ ਨਾਲ ਕੰਮ ਕਰ ਰਹੀ ਹੈ।

## ਪਰਾਲੀ ਸਪਲਾਈ ਚੇਨ (ਫਸਲ ਅਵਸ਼ੇਸ਼ ਪ੍ਰਬੰਧਨ) 'ਤੇ ਗ੍ਰਾਂਟ ਤਹਿਤ ਬਿਨੈ ਮੰਗੇ

ਚੰਡੀਗੜ੍ਹ, 10 ਜੁਲਾਈ: ਹਰਿਆਣਾ ਸਰਕਾਰ ਨੇ ਸਾਲ 2025-26 ਲਈ ਪਰਾਲੀ ਪਪਲਾਈ ਚੇਨ (ਫਸਲ ਅਵਸ਼ੇਸ਼ ਪ੍ਰਬੰਧਨ) 'ਤੇ ਗ੍ਰਾਂਟ ਤਹਿਤ ਬਿਨੈ ਮੰਗੇ ਹਨ। ਇੱਕ ਸਰਕਾਰੀ ਬੁਲਾਰੇ ਨੇ ਇਸ ਬਾਰੇ ਵਿੱਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਇੱਕ ਕਰੋੜ ਅਤੇ 1.5 ਕਰੋੜ ਰੁਪਏ ਤੱਕ ਕੀਮਤ ਦਾ ਪਰਾਲੀ ਸਪਲਾਈ ਚੇਨ (ਫਸਲ ਅਵਸ਼ੇਸ਼ ਪ੍ਰਬੰਧਨ) ਨਾਲ ਸਬੰਧਿਤ ਪ੍ਰੋ?ਕਟ ਲਗਾਉਣ 'ਤੇ ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਗ੍ਰਾਂਟ ਦਿੱਤੀ ਜਾ ਰਹੀ ਹੈ, ਇਸ ਦੇ ਲਈ 15 ਜੁਲਾਈ, 2025 ਤੱਕ ਆਨਲਾਇਨ ਬਿਨੈ ਕੀਤਾ ਜਾ ਸਕਦਾ ਹੈ। ਇਹ ਬਿਨੈ ਖੇਤੀਬਾੜੀ ਪੋਰਟਲ 'ਤੇ ਕਰਨਾ ਹੋਵੇਗਾ। ਖੇਤੀਬਾੜੀ ਯੰਤਰ ਨਿਰਮਾਤਾ ਸਕੀਮ ਵਿੱਚ ਮਸ਼ੀਨਾਂ ਦੀ ਸਪਲਾਈ ਤਹਿਤ ਪੋਰਟਲ 'ਤੇ ਰਜਿਸਟ?ਰੇਸ਼ਣ ਕਰਵਾਉਣਾ ਹੋਵੇਗਾ। ਬੁਲਾਰੇ ਨੇ ਅੱਗੇ ਦਸਿਆ ਕਿ ਗ੍ਰਾਂਟ ਲਈ ਦੋ ਵਿਕਲਪ ਦਿੱਤੇ ਗਏ ਹਨ, ਇੰਨ੍ਹਾਂ ਵਿੱਚ ਪਹਿਲਾ ਵਿਕਲਪ ਤਹਿਤ ਪਰਿਯੋਜਨਾ ਲਾਗਤ ਦਾ 65 ਫੀਸਦੀ, 25 ਫੀਸਦੀ ਉਦਯੋਗ ਅਤੇ 10 ਫੀਸਦੀ ਏਗਰੀਗੇਟਰ ਦਾ ਅੰਸ਼ਦਾਨ ਹੋਵੇਗਾ। ਦੂਜੇ ਵਿਕਲਪ ਤਹਿਤ 65 ਫੀਸਦੀ ਗ੍ਰਾਂਟ ਅਤੇ 35 ਫੀਸਦੀ ਏਗਰੀਗੇਟਰ ਦਾ ਅੰਸ਼ਦਾਨ ਹੋਵੇਗਾ। ਉਨ੍ਹਾਂ ਨੇ ਇਹ ਵੀ ਦਸਿਆ ਕਿ ਬਿਨੈ ਦੇ ਬਾਅਦ ਲਾਭਕਾਰਾਂ ਦਾ ਚੋਣ ਸਬੰਧਿਤ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਗਠਨ ਜਿਲ੍ਹਾ ਪੱਧਰੀ ਕਾਰਜਕਾਰੀ ਕਮੇਟੀ ਅਤੇ ਸੂਬਾ ਪੱਧਰੀ ਅਨੁਮੋਦਿਤ ਕਮੇਟੀ ਵੱਲੋਂ ਕੀਤਾ ਜਾਵੇਗਾ।

## ਹਰਿਆਣਾ ਸਰਕਾਰ ਨੇ ਕੀਤਾ ਰਾਇਟ ਟੂ ਸਰਵਿਸ ਐਕਟ ਵਿੱਚ ਸ਼ੋਧ

ਚੰਡੀਗੜ੍ਹ, 10 ਜੁਲਾਈ: ਹਰਿਆਣਾ ਸਰਕਾਰ ਨੇ ਆਪਣੇ ਨਾਗਰਿਕਾਂ ਨੂੰ ਸਮੇਬੱਧ ਸੇਵਾਵਾਂ ਯਕੀਨੀ ਕਰਨ ਦੀ ਦਿਸ਼ਾ ਵਿੱਚ ਵੱਡਾ ਕਦਮ ਚੁੱਕਦੇ ਹੋਏ ਹਰਿਆਣਾ ਸੇਵਾ ਦਾ ਅਧਿਕਾਰ ਐਕਟ, 2014 ਵਿੱਚ ਸ਼ੋਧ ਕੀਤਾ ਹੈ। ਹੁਣ ਜੇਕਰ ਨਾਮਜਦ ਅਧਿਕਾਰੀ ਜਾਂ ਸ਼ਿਕਾਇਤ ਨਿਵਾਰਣ ਅਥਾਰਿਟੀ ਨਿਰਧਾਰਿਤ ਸਮੇ ਸਿਰ ਰਜਿਸਟੇ?ਰਸ਼ਨ ਜਾਂ ਅਪੀਲ 'ਤੇ ਫੈਸਲਾ ਨਹੀਂ ਕਰਦੇ ਹਨ ਤਾਂ ਸੇਵਾ ਦਾ ਅਧਿਕਾਰ ਕਮੀਸ਼ਨ ਅਜਿਹੇ ਮਾਮਲਿਆਂ ਵਿੱਚ ਖ਼ੁਦ ਨੋਟਿਸ ਲੈਅ ਸਕੇਗਾ। ਅਰਜ਼ੀ ਜਾਂ ਅਪੀਲ ਦੇ ਨਿਪਟਾਰੇ ਵਿੱਚ ਅਨੁਚਿਤ ਦੇਰੀ ਪਾਏ ਜਾਣ 'ਤੇ ਕਮੀਸ਼ਨ ਉੱਚੀਤ ਆਦੇਸ਼ ਜਾਰੀ ਕਰ ਸਕੇਗਾ। ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਵੱਲੋਂ ਜਾਰੀ ਇੱਕ ਨੋਟੀਫ਼ਿਕੇਸ਼ਨ ਅਨੁਸਾਰ, ਹਰਿਆਣਾ ਸੇਵਾ ਦਾ ਅਧਿਕਾਰ ਨਿਯਮ, 2014 ਦੇ ਨਿਯਮ 9 ਦੀ ਥਾਂ 'ਤੇ ਇੱਕ ਨਵਾ ਪ੍ਰਾਵਧਾਨ ਜੋੜਿਆ ਗਿਆ ਹੈ। ਇਹ ਨਿਯਮ ਹਰਿਆਣਾ ਸੇਵਾ ਦਾ ਅਧਿਕਾਰ ਨਿਯਮ, 2025 ਕਹੇ ਜਾਣਗੇ। ਜੇਕਰ ਕਿਸੇ ਸੂਚਿਤ ਸੇਵਾ ਦਾ ਲਾਭ ਚੁੱਕਣ ਲਈ ਅਰਜ਼ੀ ਦੇਣ ਤੋਂ ਪਹਿਲਾਂ ਹੀ ਸਬੰਧਿਤ ਮਾਮਲਾ ਕਿਸੇ ਕੋਰਟ ਜਾਂ ਸਬੰਧਿਤ ਵਿਭਾਗ ਦੀ ਸ਼ੋਧ ਅਥਾਰਟੀ ਸਾਹਮਣੇ ਵਿਚਾਰ ਅਧੀਨ ਹਨ, ਤਾਂ ਉਸ ਸਥਿਤੀ ਵਿੱਚ ਕਮੀਸ਼ਨ ਐਕਟ ਦੀ ਧਾਰਾ 17 ਤਹਿਤ ਨਾਮਜ਼ਦ ਅਧਿਕਾਰੀ ਜਾਂ ਪਹਿਲੀ ਜਾਂ ਦੂਜੀ ਸ਼ਿਕਾਇਤ ਨਿਵਾਰਣ ਅਥਾਰਿਟੀ ਵਿਰੁਧ ਉੱਦੋਂ ਤੱਕ ਆਪਣੀ ਸ਼ਕਤੀਆਂ ਦਾ ਪ੍ਰਯੋਗ ਨਹੀਂ ਕਰੇਗਾ, ਜਦੋਂ ਤੱਕ ਕਿ ਅਦਾਲਤ ਜਾਂ ਸ਼ੋਧ ਅਥਾਰਿਟੀ ਵੱਲੋਂ ਅੰਤਮ ਫੈਸਲਾ ਨਹੀਂ ਦਿੱਤਾ ਜਾਂਦਾ।

## ਪ੍ਰੇਮ ਨਗਰ ਸੇਵਾ ਸੁਸਾਇਟੀ ਨੇ ਖੇੜਾ ਰੋਡ ਵਿਖੇ ਕਰਵਾਇਆ 164ਵਾਂ ਮਹੀਨਾਵਾਰ

ਫਗਵਾੜਾ 10 ਜੁਲਾਈ: ਪ੍ਰੇਮ ਨਗਰ ਸੇਵਾ ਸੁਸਾਇਟੀ ਵਲੋਂ ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੇ ਯਤਨਾਂ ਸਦਕਾ ਸ. ਅਜੀਤ ਸਿੰਘ ਢਿੱਲੋਂ ਦੀ ਯਾਦ ਵਿਚ 164ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਸੀਨੀਅਰ ਸਿਟੀਜ਼ਨ ਕੇਅਰ ਸੈਂਟਰ ਖੇੜਾ ਰੋਡ ਫਗਵਾੜਾ ਵਿਖੇ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਪੱਤਰਕਾਰ ਟੀ.ਡੀ. ਚਾਵਲਾ ਨੇ ਸ਼ਿਰਕਤ ਕੀਤੀ। ਉਹਨਾਂ ਨੇ ਲੋੜਵੰਦ ਪਰਿਵਾਰਾਂ ਦੀਆਂ ਔਰਤਾਂ ਨੂੰ ਰਾਸ਼ਨ ਦੀ ਵੰਡ ਕਰਦਿਆਂ ਸੁਸਾਇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਤੋਂ ਪਹਿਲਾਂ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਅਤੇ ਜਨਰਲ ਸਕੱਤਰ ਸੁਰਿੰਦਰ ਪਾਲ ਨੇ ਪਤਵੰਤਿਆਂ ਨੂੰ ਜੀ ਆਇਆਂ ਆਖਿਆ। ਸਮਾਗਮ ਦੇ ਪ੍ਰਬੰਧਕ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਇਹ ਸੇਵਾ ਪਿਛਲੇ ਕਰੀਬ 15 ਸਾਲਾਂ ਤੋਂ ਨਿਰੰਤਰ ਜਾਰੀ ਹੈ। ਜਿਸ ਵਿੱਚ ਸਵ. ਅਜੀਤ ਸਿੰਘ ਢਿੱਲੋਂ ਦੇ ਪਰਿਵਾਰ ਦਾ ਵੱਡਮੁੱਲਾ ਯੋਗਦਾਨ ਮਿਲਦਾ ਹੈ। ਜੋ ਆਪਣੇ ਜੀਵਨ ਕਾਲ ਦੌਰਾਨ ਸਮਾਜ ਸੇਵਾ ਨੂੰ ਸਮਰਪਿਤ ਰਹੇ ਅਤੇ ਲੋੜਵੰਦਾਂ ਦੀ ਮਦਦ ਲਈ ਹਮੇਸ਼ਾ ਅੱਗੇ ਵਧ ਕੇ ਕੰਮ ਕੀਤਾ।

## ਪ੍ਰਧਾਨ ਮੰਤਰੀ ਦੇ ਵਿਕਸਿਤ ਭਾਰਤ ਦੇ ਵਿਜਨ ਨੂੰ ਸਾਕਾਰ ਕਰਨ ਵਿੱਚ ਉਦਯੋਗਾਂ ਦਾ ਰਹੇਗਾ ਵਿਸ਼ੇਸ਼ ਯੋਗਦਾਨ - ਉਦਯੋਗ ਮੰਤਰੀ ਰਾਓ ਨਰਬੀਰ ਸਿੰਘ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 10 ਜੁਲਾਈ: ਹਰਿਆਣਾ ਦੇ ਉਦਯੋਗ ਅਤੇ ਵਪਾਰ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਸਾਲ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਨਾਉਣ ਵਿੱਚ ਉਦਯੋਗਾਂ ਦਾ ਵੀ ਵਿਸ਼ੇਸ਼ ਯੋਗਦਾਨ ਰਹੇਗਾ। ਹਰਿਆਣਾ ਇਸੀ ਟੀਚੇ ਦੇ ਨਾਲ ਉਦਯੋਗਾਂ ਦੀ ਯੋਜਨਾਵਾਂ ਦੀ ਰੂਪਰੇਖਾ ਤਿਆਰ ਕਰ ਰਹੀ ਹੈ। ਸੂਬਾ ਸਰਕਾਰ ਸਟਾਰਟਅੱਪ ਤੋਂ ਲੈ ਕੇ ਐਮਐਸਐਮਈ ਤੇ ਨਵੀਂ ਆਈਐਮਈ ਵਿਕਸਿਤ ਕਰਨ ਦੀ ਦਿਸ਼ਾ ਵਿੱਚ ਅੱਗੇ ਵੱਧ ਰਹੀ ਹੈ, ਕਿਉਂਕਿ ਕਿਸੇ ਵੀ ਦੇਸ਼ ਦਾ ਵਿਕਾਸ ਉਦਯੋਗਾਂ ਦੇ ਬਿਨ੍ਹਾ ਸੰਭਵ ਨਹੀਂ ਹੈ। ਉਦਯੋਗਾਂ ਦੀ ਤਰੱਕੀ ਹੋਵੇਗੀ ਤਾਂ ਲੋਕਾਂ ਨੂੰ ਰੁਜਗਾਰ ਮਿਲੇਗਾ ਅਤੇ ਦੇਸ਼ ਮਜਬੂਤ ਹੋਵੇਗਾ। ਮੰਤਰੀ ਅੱਜ ਇੱਥੇ ਸਿਵਲ ਸਕੱਤਰੇਤ ਵਿੱਚ ਉਦਯੋਗ ਅਤੇ ਵਪਾਰ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਹੋਈ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੰਤਰੀ ਰਾਓ ਨਰਬੀਰ ਸਿੰਘ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਦੂਜੇ ਸੂਬਿਆਂ ਵਿੱਚ ਉਦਮੀਆਂ ਨੂੰ ਦਿੱਤੀ ਜਾ ਰਹੀ ਸਬਸਿਡੀ ਦੀ ਜਾਣਕਾਰੀ ਲੈਣ ਅਤੇ ਹਰਿਆਣਾ ਤੋਂ ਜੇਕਰ ਸਬਸਿਡੀ ਦੂਜੇ ਸੂਬਿਆਂ ਵਿੱਚ ਵੱਧ ਹੈ ਤਾਂ ਉਸ ਨੂੰ ਅਸੀਂ ਆਪਣੇ ਸੂਬੇ ਵਿੱਚ ਵੀ ਲਾਗੂ ਕਰਨ। ਤਾਂ ਜੋ ਹਰਿਆਣਾ ਵਿੱਚ ਵੀ ਹੋਰ ਵੱਧ ਉਦਯੋਗ ਸਥਾਪਿਤ ਹੋ ਸਕਣ ਅਤੇ ਸੂਬਾਵਾਸੀਆਂ ਨੂੰ ਰੁਜਗਾਰ ਮਿਲੇ। ਉਨ੍ਹਾਂ ਨੇ ਕਿਹਾ ਕਿ ਆਈਐਮਟੀ ਤੇ ਹੋਰ ਐਚਐਸਆਈਆਈਡੀਸੀ ਦੀ ਉਦਯੋਗਿਕ ਸੰਪਦਾਵਾਂ ਵਿੱਚ ਗ੍ਰੀਨ ਬੇਲਟ ਨੂੰ ਪ੍ਰੋਤਸਾਹਨ ਦਿੱਤਾ ਜਾਵੇ ਅਤੇ 15 ਜੁਲਾਈ ਤੋਂ ਸ਼ੁਰੂ ਮਹੀਨਾ ਪੌਧਾਰੁਪਣ ਮੁਹਿੰਮ ਦੌਰਾਨ ਵੱਧ ਤੋਂ ਵੱਧ ਪੌਧਾਰੋਪਣ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਅਧਿਕਾਰੀ ਇਹ ਯਕੀਨੀ ਕਰਨ ਕਿ ਮਾਨਸੂਨ ਦੇ ਦੋ ਮਹੀਨਿਆਂ ਦੇ ਬਾਅਦ ਉਦਯੋਗਿਕ ਖੇਤਰਾਂ ਵਿੱਚ 15 ਸਤੰਬਰ ਤੋਂ ਸੜਕਾਂ ਦੀ ਮੁਰੰਮਤ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਵਿਭਾਗ ਦੇ ਜਿਲ੍ਹਾ ਪੱਧਰ 'ਤੇ ਦਫਤਰਾਂ ਵਿੱਚ ਕਾਰਜਸ਼ੈਲੀ ਨੂੰ ਹੋਰ ਬਿਤਹਰ ਬਣਾਇਆ ਜਾਵੇ, ਤਾਂ ਜੋ ਉਦਮੀਆਂ ਦਾ ਵਿਭਾਗ ਦੇ ਪ੍ਰਤੀ ਭਰੋਸਾ ਹੋਰ ਮਜਬੂਤ ਹੋਵੇ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੀ ਪ੍ਰਾਥਮਿਕਤਾ ਹੈ ਕਿ ਉਦਮੀਆਂ ਨੂੰ ਬਿਹਤਰ ਸਹੂਲਤ ਮਹੁਇਆ ਕਰਵਾਈ ਜਾਵੇ। ਇਸ ਨੂੰ ਲੈ ਕੇ ਤੇਜੀ ਨਾਲ ਕੰਮ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸੂਬਾ ਤੇ ਕੇਂਦਰ ਸਰਕਾਰ ਵੱਲੋਂ ਉਦਯੋਗਾਂ ਦੇ ਵਿਕਾਸ ਲਈ ਬਣਾਈ ਗਈ ਭਲਾਈਕਾਰੀ ਯੋਜਨਾਵਾਂ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਜਾਵੇ, ਤਾਂ ਜੋ ਵੱਧ ਤੋਂ ਵੱਧ ਲੋਕ ਉਦਯੋਗ ਸਥਾਪਿਤ ਕਰਨ ਲਈ ਪ੍ਰੇਰਿਤ ਹੋ ਸਕਣ। ਮੀਟਿੰਗ ਵਿੱਚ ਹਰਿਆਣਾ ਦੇ ਉਦਯੋਗ ਅਤੇ ਵਪਾਰ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਸ੍ਰੀ ਅਮਿਤ ਅਗਰਵਾਲ, ਡਾਇਰੈਕਟਰ ਡੀ ਕੇ ਵੋਹਰਾ ਤੇ ਹੋਰ ਅਧਿਕਾਰੀ ਮੌਜੂਦ ਰਹੇ।

## ਕ੍ਰਾਂਤੀ ਐਕਸਪ੍ਰੈਸ 'ਚ ਬੰਬ ਰੱਖੇ ਜਾਣ ਦੀ ਮਿਲੀ ਸੂਚਨਾ, ਜਾਂਚ ਕਰਨ 'ਤੇ 'ਝੂਠੀ' ਨਿਕਲੀ ਖ਼ਬਰ

ਝਾਂਸੀ 10 ਜੁਲਾਈ। ਹਜ਼ਰਤ ਨਿਜ਼ਾਮੂਦੀਨ ਤੋਂ ਦੁਰਗ ਜਾ ਰਹੀ ਛੱਤੀਸਗੜ੍ਹ ਸੰਪਰਕ ਕ੍ਰਾਂਤੀ ਐਕਸਪ੍ਰੈਸ ਵਿੱਚ ਸ਼ੁੱਕਰਵਾਰ ਰਾਤ ਨੂੰ ਬੰਬ ਹੋਣ ਦੀ ਸੂਚਨਾ ਮਿਲਣ ਤੋਂ ਬਾਅਦ ਝਾਂਸੀ ਰੇਲਵੇ ਸਟੇਸ਼ਨ 'ਤੇ ਪੂਰੀ ਤਲਾਸ਼ੀ ਲਈ ਗਈ। ਕੋਈ ਸ਼ੱਕੀ ਵਸਤੂ ਨਾ ਮਿਲਣ ਤੋਂ ਬਾਅਦ ਟ?ਰੇਨ ਨੂੰ ਲਗਭਗ ਇੱਕ ਘੰਟੇ ਬਾਅਦ ਉਸਦੀ ਮੰਜ਼ਿਲ 'ਤੇ ਭੇਜ ਦਿੱਤਾ ਗਿਆ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਇਸ ਗੱਲ ਦੀ ਜਾਣਕਾਰੀ ਦਿੱਤੀ। ਅਧਿਕਾਰੀਆਂ ਅਨੁਸਾਰ 12824 ਛੱਤੀਸਗੜ੍ਹ ਸੰਪਰਕ ਕ੍ਰਾਂਤੀ ਐਕਸਪ੍ਰੈਸ ਸ਼ੁੱਕਰਵਾਰ ਸ਼ਾਮ ਨੂੰ ਲਗਭਗ 6 ਵਜੇ ਹਜ਼ਰਤ ਨਿਜ਼ਾਮੂਦੀਨ ਤੋਂ ਰਵਾਨਾ ਹੋਈ, ਜਿਸ ਤੋਂ ਬਾਅਦ ਇੱਕ ਅਣਪਛਾਤੇ ਵਿਅਕਤੀ ਨੇ ਫ਼ੋਨ ਕਰਕੇ ਦੱਸਿਆ ਕਿ ਇਸ ਟ?ਰੇਨ ਦੇ ਸਲੀਪਰ ਕੋਚ ਵਿੱਚ ਬੰਬ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੂਚਨਾ ਮਿਲਦੇ ਹੀ ਲਖਨਊ ਦੇ ਰੇਲਵੇ ਕੰਟਰੋਲ ਰੂਮ ਦੇ ਅਧਿਕਾਰੀ ਚੌਕਸ ਹੋ ਗਏ ਅਤੇ ਸੁਰੱਖਿਆ ਦੇ ਮੱਦੇਨਜ਼ਰ ਰੇਲਗੱਡੀ ਨੂੰ ਅਗਲੇ ਸਟਾਪ, ਝਾਂਸੀ ਦੇ ਵੀਰਾਂਗਣਾ ਲਕਸ਼ਮੀਬਾਈ ਸਟੇਸ਼ਨ 'ਤੇ ਰੋਕ ਦਿੱਤਾ ਗਿਆ ਅਤੇ ਜਾਂਚ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਜ਼ਿਲ੍ਹਾ ਮੈਜਿਸਟ?ਰੇਟ ਪ੍ਰਮੋਦ ਝਾਅ ਨੇ ਪੁਲਸ ਸੁਪਰਡੈਂਟ (ਰੇਲਵੇ) ਵਿਪੁਲ ਕੁਮਾਰ ਸ਼੍ਰੀਵਾਸਤਵ, ਰੇਲਵੇ ਪੁਲਸ ਫੋਰਸ (ਆਰਪੀਐਫ) ਕਮਾਂਡੈਂਟ ਵਿਵੇਕਾਨੰਦ ਨਾਰਾਇਣ ਅਤੇ ਸੁਰੱਖਿਆ ਅਧਿਕਾਰੀਆਂ ਦੇ ਨਾਲ ਸਟੇਸ਼ਨ ਦੇ ਪਲੇਟਫਾਰਮ ਨੰਬਰ ਦੋ ਅਤੇ ਤਿੰਨ ਨੂੰ ਪੂਰੀ ਤਰ੍ਹਾਂ ਖਾਲੀ ਕਰਵਾ ਲਿਆ। ਅਧਿਕਾਰੀਆਂ ਨੇ ਦੱਸਿਆ ਕਿ ਇੱਥੇ ਆਉਣ ਵਾਲੀਆਂ ਹੋਰ ਰੇਲਗੱਡੀਆਂ ਨੂੰ ਦੂਜੇ ਪਲੇਟਫਾਰਮਾਂ 'ਤੇ ਭੇਜ ਦਿੱਤਾ ਗਿਆ ਹੈ ਅਤੇ ਛੱਤੀਸਗੜ੍ਹ ਸੰਪਰਕ ਕ੍ਰਾਂਤੀ ਦੀ ਜਾਂਚ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸ ਦੌਰਾਨ ਆਰਪੀਐਫ ਡੌਗ ਸਕੁਐਡ ਅਤੇ ਬੰਬ ਨਿਰੋਧਕ ਦਸਤੇ ਨੂੰ ਵੀ ਬੁਲਾਇਆ ਗਿਆ।

## ਸੀਐੱਮਆਰ ਡਿਲੀਵਰੀ ਵਿੱਚ ਡਿਫਾਲਟ ਲਈ ਵਨ ਟਾਇਮ ਸੈਟਲਮੈਂਟ ਸਕੀਮ 'ਤੇ ਕੀਤਾ ਜਾ ਰਿਹਾ ਕੰਮ - ਰਾਜ ਮੰਤਰੀ ਰਾਜੇਸ਼ ਨਾਗਰ

ਚੰਡੀਗੜ੍ਹ, 10 ਜੁਲਾਈ: ਹਰਿਆਣਾ ਦੇ ਖ਼ੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਰਾਜ ਮੰਤਰੀ ਸ੍ਰੀ ਰਾਜੇਸ਼ ਨਾਗਰ ਨੇ ਕਿਹਾ ਕਿ ਪਿਛਲੇ ਸਾਲਾਂ ਵਿੱਚ ਜਿਨ੍ਹਾਂ ਰਾਇਸ ਮਿਲਰਸ ਵੱਲੋਂ ਸੀਐੱਮਆਰ ਡਿਲੀਵਰੀ ਵਿੱਚ ਡਿਫਾਲਟ ਕੀਤਾ ਸੀ ਅਤੇ ਉਨ੍ਹਾਂ ਰਾਇਸ ਮਿਲਰਸ ਵੱਲੋਂ ਸੂਬਾ ਸਰਕਾਰ ਦੀ ਰਕਮ ਬਕਾਇਆ ਹੈ ਉਨ੍ਹਾਂ ਲਈ ਵਨ ਟਾਇਮ ਸੈਟਲਮੈਂਟ (ਇੱਕ ਮੁਸ਼ਤ ਨਿਪਟਾਨ) ਯੋਜਨਾ 'ਤੇ ਕੰਮ ਕੀਤਾ ਜਾ ਰਿਹਾ ਹੈ। ਸ੍ਰੀ ਰਾਜੇਸ਼ ਨਾਗਰ ਅੱਜ ਰਾਇਸ ਮਿਲਰਸ ਐਸੋਸਇਏਸ਼ਨ ਦੇ ਨਾਲ ਇਸ ਵਿਸ਼ਾ 'ਤੇ ਹੋਈ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਉਨ੍ਹਾਂ ਨੇ ਦਸਿਆ ਕਿ ਜਿਨ੍ਹਾਂ ਰਾਇਸ ਮਿਲਰਸ ਵੱਲੋਂ, ਵਿਭਾਗ ਦੀ ਤੈਅ ਆਖੀਰੀ ਮਿੱਤੀ ਤੱਕ ਭਾਰਤੀ ਖ਼ੁਰਾਕ ਨਿਗਮ ਨੂੰ ਸੀਐੱਮਆਰ ਡਿਲੀਵਰੀ ਪੂਰੀ ਕਰ ਦਿੱਤੀ ਗਈ ਸੀ, ਉਨ੍ਹਾਂ ਨੂੰ ਵਿਭਾਗ ਵੱਲੋਂ ਬੋਨਸ ਜਾਰੀ ਕਰ ਦਿੱਤਾ ਗਿਆ ਹੈ। ਪ੍ਰਿੰਟਿੰਗ ਐਂਡ ਸਟੇਸ਼ਨਰੀ ਰਾਜ ਮੰਤਰੀ ਸ੍ਰੀ ਰਾਜੇਸ਼ ਨਾਗਰ ਨੇ ਦਸਿਆ ਕਿ ਸੂਬੇ ਦੇ ਵੱਖ-ਵੱਖ ਵਿਭਾਗਾਂ ਵਿੱਚ ਵਰਤੋ ਹੋਣ ਵਾਲੇ ਫੋਟੋਸਟੇਟ ਪੇਪਰ ਨੂੰ ਪ੍ਰਿੰਟਿੰਗ ਐਂਡ ਸਟੇਸ਼ਨੀ ਵਿਭਾਗ ਵੱਲੋਂ ਦਿੱਤਾ ਜਾਵੇਗਾ। ਇਸ ਨਾਲ ਨਾ ਸਿਰਫ ਸਰਕਾਰ ਦੇ ਖਰਚ ਵਿੱਚ ਕਮੀ ਆਵੇਗੀ ਸਗੋ ਸਮੇਂ ਦੀ ਬਚੱਤ ਵੀ ਹੋਵੇਗੀ। ਇਸ ਤੋਂ ਇਲਾਵਾ, ਵਿਭਾਗ ਦੇ ਕੰਮਾਂ ਵਿੱਚ ਪਾਰਦਰਸ਼ਿਤਾ ਵੀ ਆਵੇਗੀ। ਉਨ੍ਹਾਂ ਨੇ ਪ੍ਰਿੰਟਿੰਗ ਐਂਡ ਸਟੇਸ਼ਨਰੀ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਸੂਬੇ ਵਿੱਚ ਜਿੱਥੇ ਵੀ ਵਿਭਾਗ ਦੀ ਜਮੀਨ ਹੈ ਉਸ ਨੂੰ ਚੋਣ ਕਰ ਇੱਕ ਯੋਜਨਾ ਤਿਆਰ ਕੀਤੀ ਜਾਵੇ। ਤਾਂ ਜੋ ਚੋਣ ਜਮੀਨ ਨੂੰ ਵਰਤੋਂ ਵਿੱਚ ਲਿਆਇਆ ਜਾ ਸਕੇ। ਉਨ੍ਹਾਂ ਨੇ ਇਹ ਵੀ ਨਿਰਦੇਸ਼ ਦਿੱਤੇ ਹਨ ਕਿ ਪ੍ਰਿੰਟਿੰਗ ਦੇ ਲਈ ਨਵੀਂ ਤਕਨੀਕ ਦੀ ਮਸ਼ੀਨਾਂ ਦੀ ਵਰਤੋ ਕੀਤੀ ਜਾਵੇ।

## ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ 3 ਮੁਲਜ਼ਮ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਕਪੂਰਥਲਾ 10 ਜੁਲਾਈ। ਥਾਣਾ ਸਦਰ ਕਪੂਰਥਲਾ ਦੀ ਪੁਲਸ ਨੇ ਭੁਲਾਣਾ ਇਲਾਕੇ ਵਿਚ ਸੁਨਿਆਰੇ ਨੂੰ ਲੁੱਟ ਦਾ ਸ਼ਿਕਾਰ ਬਣਾਉਣ ਵਾਲੇ 3 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਤੋਂ ਲੁੱਟ ਦਾ ਸਾਮਾਨ, ਸਕੂਟਰ, ਅਪਰਾਧ ਦੌਰਾਨ ਵਰਤਿਆ ਗਿਆ ਤੇਜ਼ਧਾਰ ਦਾਤਰ ਅਤੇ ਮੋਟਰਸਾਈਕਲ ਵੀ ਬਰਾਮਦ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਐੱਸ. ਐੱਸ. ਪੀ. ਗੌਰਵ ਤੂਰਾ ਦੇ ਹੁਕਮਾਂ 'ਤੇ ਜ਼ਿਲ੍ਹਾ ਭਰ 'ਚ ਚਲਾਈ ਜਾ ਰਹੀ ਅਪਰਾਧ ਵਿਰੋਧੀ ਮੁਹਿੰਮ ਤਹਿਤ ਐੱਸ. ਪੀ. (ਡੀ.) ਪ੍ਰਭਜੋਤ ਸਿੰਘ ਵਿਰਕ ਅਤੇ ਡੀ. ਐੱਸ. ਪੀ. (ਸਬ ਡਿਵੀਜ਼ਨ) ਦੀਪ ਕਰਨ ਸਿੰਘ ਦੀ ਨਿਗਰਾਨੀ ਹੇਠ ਥਾਣਾ ਸਦਰ ਕਪੂਰਥਲਾ ਅਤੇ ਭੁਲਾਣਾ ਪੁਲਸ ਚੌਕੀ ਦੇ ਇੰਚਾਰਜ ਏ. ਐੱਸ. ਆਈ. ਦਵਿੰਦਰ ਪਾਲ ਤੋਂ ਆਰ. ਸੀ. ਐੱਫ਼. ਨੇੜੇ ਹੋਈ ਲੁੱਟ ਬਾਰੇ ਸਾਂਝੀ ਰਿਪੋਰਟ ਪ੍ਰਾਪਤ ਹੋਈ ਸੀ। ਪੁਲਸ ਨੂੰ ਦਿੱਤੀ ਆਪਣੀ ਸ਼ਿਕਾਇਤ 'ਚ ਪੀੜਤ ਸੁਰਜੀਤ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਗਲੀ ਨੰਬਰ 5, ਗੁਲਜ਼ਾਰ ਨਗਰ, ਸੈਦੋ ਭੁਲਾਣਾ ਨੇ ਦੱਸਿਆ ਸੀ ਕਿ ਉਸਦੀ ਆਰ.



ਸੀ. ਐੱਫ਼. ਦੇ ਗੇਟ ਨੰਬਰ 3 ਦੇ ਨੇੜੇ ਇੱਕ ਜਵੈਲਰ ਦੀ ਦੁਕਾਨ ਹੈ। ਆਮ ਵਾਂਗ ਉਹ ਆਪਣੀ ਦੁਕਾਨ ਬੰਦ ਕਰਕੇ ਆਪਣੇ ਸਕੂਟਰ 'ਤੇ ਆਪਣੇ ਘਰ ਜਾ ਰਿਹਾ ਸੀ। ਇਸ ਦੌਰਾਨ ਉਸ ਨੇ ਰਸਤੇ ਵਿਚ ਇਕ ਏ. ਟੀ. ਐੱਮ. 'ਤੇ ਰੁਕ ਕੇ 8000 ਰੁਪਏ ਦੀ ਨਕਦੀ ਕਢਵਾਈ। ਜਦੋਂ ਉਹ ਏ. ਟੀ. ਐੱਮ. ਤੋਂ ਬਾਹਰ ਆਇਆ ਤਾਂ ਬਾਹਰ 3 ਨੌਜਵਾਨ ਖੜ੍ਹੇ ਸਨ, ਜਿਨ੍ਹਾਂ ਦੇ ਹੱਥਾਂ 'ਚ 2 ਤੇਜ਼ਧਾਰ ਦਾਤਰ ਸਨ ਤੇ ਇੱਕ ਵਿਅਕਤੀ ਮੋਟਰਸਾਈਕਲ 'ਤੇ ਸਵਾਰ ਸੀ। ਨੌਜਵਾਨਾਂ ਵਿਚੋਂ ਇਕ ਨੇ ਸੁਰਜੀਤ ਸਿੰਘ 'ਤੇ ਹਮਲਾ ਕਰ ਦਿੱਤਾ ਅਤੇ ਸਕੂਟਰ ਅਤੇ 25000 ਰੁਪਏ ਦੀ ਨਕਦੀ ਖੋਹ ਲਈ ਅਤੇ ਕਪੂਰਥਲਾ ਵੱਲ ਫਰਾਰ ਹੋ ਗਏ। ਡੀ. ਐੱਸ. ਪੀ. (ਸਬ ਡਿਵੀਜ਼ਨ) ਦੀਪ ਕਰਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਤੁਰੰਤ ਮਾਮਲੇ ਵਿਚ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਲਈ ਕਾਰਵਾਈ ਕੀਤੀ। ਜਿਸ ਤਹਿਤ ਚੌਕੀ ਭੁਲਾਣਾ ਪੁਲਿਸ ਦੇ ਇੰਚਾਰਜ ਨੇ ਉਪਰੋਕਤ ਘਟਨਾ ਨੂੰ ਅੰਜਾਮ ਦੇਣ ਵਾਲੇ ਮੁਲਜ਼ਮਾਂ ਵਿਚੋਂ ਜਸਕਰਨ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਸੈਦੋ ਭੁਲਾਣਾ ਨੂੰ ਗ੍ਰਿਫ਼ਤਾਰ ਕਰ ਲਿਆ, ਜਿਸ ਨੇ ਆਪਣਾ ਜੁਰਮ ਕਬੂਲ ਕਰ ਲਿਆ ਅਤੇ ਆਪਣੇ ਸਾਥੀਆਂ ਬਾਰੇ ਵੀ ਦੱਸਿਆ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੇ ਨਾਮ ਕਮਲਪ੍ਰੀਤ ਸਿੰਘ ਉਰਫ਼ ਬਿੱਲਾ ਪੁੱਤਰ ਬਲਬੀਰ ਸਿੰਘ ਵਾਸੀ ਬਰਿੰਦਪੁਰ ਅਤੇ ਲਵਪ੍ਰੀਤ ਸਿੰਘ ਉਰਫ਼ ਲਵ ਪੁੱਤਰ ਪਾਲ ਸਿੰਘ ਵਾਸੀ ਭਾਨੋਲੰਗਾ, ਥਾਣਾ ਸਦਰ ਕਪੂਰਥਲਾ ਹਨ। ਮੁਲਜ਼ਮਾਂ ਤੋਂ ਅਪਰਾਧ ਦੌਰਾਨ ਵਰਤਿਆ ਗਿਆ ਤੇਜ਼ਧਾਰ ਦਾਤਰ ਅਤੇ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ, ਨਾਲ ਹੀ ਪੀੜਤ ਤੋਂ ਲੁੱਟਿਆ ਗਿਆ ਸਕੂਟਰ ਅਤੇ ਲੁੱਟੀ ਗਈ ਰਕਮ ਵਿੱਚੋਂ 3000 ਰੁਪਏ ਦੀ ਨਕਦੀ ਅਤੇ ਦੁਕਾਨ ਦੀਆਂ ਚਾਬੀਆਂ ਵੀ ਬਰਾਮਦ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਤੋਂ ਪੁੱਛਗਿੱਛ ਜਾਰੀ ਹੈ। ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਖ਼ੁਲਾਸਾ ਕੀਤਾ ਕਿ ਉਨ੍ਹਾਂ ਨੇ ਇਸ ਘਟਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ ਉਕਤ ਵਿਅਕਤੀ ਦੀ ਰੇਕੀ ਕੀਤੀ ਸੀ ਅਤੇ ਫਿਰ ਘਟਨਾ ਨੂੰ ਅੰਜਾਮ ਦਿੱਤਾ ਸੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪੰਜਾਬ ’ਚ ਇਸ ਦਵਾਈ ’ਤੇ ਮੁਕੰਮਲ ਪਾਬੰਦੀ ! ਕੈਮਿਸਟਾਂ ਨੂੰ ਜਾਰੀ ਹੋਏ ਸਖ਼ਤ ਹੁਕਮ

**ਕੌਮੀ ਪਤ੍ਰਿਕਾ**

ਬਠਿੰਡਾ 10 ਜੁਲਾਈ। ਜ਼ਿਲ੍ਹਾ ਮੈਜਿਸਟ?ਰੇਟ ਸ਼ੌਕਤ ਅਹਿਮਦ ਪਰੇ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ-163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮ ਅਨੁਸਾਰ ਜ਼ਿਲ੍ਹਾ ਬਠਿੰਡਾ ਦੀ ਹਦੂਦ ਅੰਦਰ ਟਰੈਕਟਰਾਂ ਅਤੇ ਸਬੰਧਿਤ ਸੰਦਾਂ ਆਦਿ ਦੇ ਖ਼ਤਰਨਾਕ ਪ੍ਰਦਰਸ਼ਨ/ਸਟੰਟ ਕਰਨ ਨੂੰ ਆਯੋਜਿਤ ਕਰਨ ’ਤੇ ਪੂਰਨ ਰੋਕ ਲਗਾਈ ਗਈ ਹੈ। ਜਾਰੀ ਹੁਕਮ ਅਨੁਸਾਰ ਜ਼ਿਲ੍ਹੇ ’ਚ ਪ੍ਰੀਗਾਬਾਲਿਨ 75 ਐੱਮ. ਜੀ. ਦੇ ਕੈਪਸੂਲ ਅਤੇ ਗੋਲੀਆਂ ਦੀ ਵਿਕਰੀ ’ਤੇ ਮੁਕੰਮਲ ਤੌਰ ’ਤੇ ਪਾਬੰਦੀ ਲਗਾਈ ਗਈ ਹੈ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਕੈਮਿਸਟ ਵੱਲੋਂ ਦਵਾਈ ਦੇਣ ਸਮੇਂ ਪ੍ਰਿਸਕ੍ਰਿਪਸ਼ਨ ਸਲਿੱਪ ’ਤੇ ਆਪਣੀ ਮੋਹਰ ਲਗਾਈ ਜਾਵੇਗੀ ਅਤੇ ਦਵਾਈ ਦੇਣ ਦੀ ਮਿਤੀ ਦਰਜ ਕੀਤੀ ਜਾਵੇ। ਸਿਵਲ ਸਰਜਨ ਬਠਿੰਡਾ ਦੇ ਪੱਤਰ ’ਤੇ ਕੀਤੀ ਗਈ ਕਾਰਵਾਈ ਸਬੰਧੀ ਇਹ ਹੁਕਮ ਜਾਰੀ ਕੀਤਾ ਗਿਆ ਹੈ। ਸਿਵਲ ਸਰਜਨ ਨੇ ਆਪਣੀ ਰਿਪੋਰਟ ’ਚ ਦੱਸਿਆ ਹੈ ਕਿ ਕੈਪਸੂਲ ਦਾ ਆਮ ਲੋਕਾਂ ਵੱਲੋਂ ਮੈਡੀਕਲ ਨਸ਼ੇ ਵਜੋਂ ਸੇਵਨ ਕੀਤਾ ਜਾ ਰਿਹਾ ਹੈ। ਉਨ੍ਹਾਂ ਵੱਲੋਂ ਕੈਪਸੂਲ ਦੀ ਵਿਕਰੀ ’ਤੇ ਮੁਕੰਮਲ ਤੌਰ ’ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ। ਜਾਰੀ ਹੁਕਮ ਅਨੁਸਾਰ ਥੋਕ ਵਿਕਰੇਤਾ, ਪ੍ਰਚੂਨ ਵਿਕਰੇਤਾ, ਕੈਮਿਸਟ/ਮੈਡੀਕਲ ਸਟੋਰ ਦੇ ਮਾਲਕ, ਹਸਪਤਾਲਾਂ ਦੇ ਅੰਦਰ ਫਾਰਮੇਸੀਆਂ ਜਾਂ ਕੋਈ ਹੋਰ ਵਿਅਕਤੀ ਪ੍ਰੀਗਾਬਾਲਿਨ 75 ਮਿਲੀਗ੍ਰਾਮ ਦੀ ਅਸਲ ਪਰਚੀ ਤੋਂ ਬਿਨਾਂ ਨਹੀਂ ਵੇਚੇਗਾ। ਪ੍ਰੀਗਾਬਾਲਿਨ (75 ਮਿਲੀਗ੍ਰਾਮ ਤੱਕ) ਦੀ ਖ਼ਰੀਦ ਅਤੇ ਵਿਕਰੀ ਦਾ ਸਹੀ ਰਿਕਾਰਡ ਰੱਖਣ ਤੋਂ ਇਲਾਵਾ, ਉਹ ਇਨ੍ਹਾਂ ਵੇਰਵਿਆਂ ਕੈਮਿਸਟ/ਰਿਟੇਲਰ ਦਾ ਵਪਾਰਕ ਨਾਮ, ਵੰਡਣ ਦੀ ਮਿਤੀ, ਵੰਡੀਆਂ ਗਈਆਂ ਗੋਲੀਆਂ ਦੀ ਸੰਖਿਆ ਵਾਲੀ ਅਸਲ ਪਰਚੀ ’ਤੇ ਮੋਹਰ ਵੀ ਲਗਾਉਣਾ ਯਕੀਨੀ ਬਣਾਉਣਗੇ। ਹੁਕਮ ਅਨੁਸਾਰ ਥੋਕ ਵਿਕਰੇਤਾ, ਪ੍ਰਚੂਨ ਵਿਕਰੇਤਾ, ਕੈਮਿਸਟ/ਮੈਡੀਕਲ ਸਟੋਰ ਦੇ ਮਾਲਕ, ਹਸਪਤਾਲਾਂ ਦੇ ਅੰਦਰ ਫਾਰਮੇਸੀਆਂ ਵਾਲੇ ਸਲਿੱਪ ਦੀ ਸਹੀ ਪੜਚੋਲ ਕਰਕੇ



ਇਹ ਯਕੀਨੀ ਬਣਾਉਣਗੇ ਕਿ ਪ੍ਰੀਗਾਬਾਲਿਨ ਕੈਪਸੂਲ ਤੇ ਗੋਲੀਆਂ ਦੀ ਅਸਲ ਸਲਿੱਪ ਦੇ ਵਿਰੁੱਧ ਪਹਿਲਾਂ ਕਿਸੇ ਹੋਰ ਡਰੱਗ ਵਿਕਰੇਤਾ ਵਲੋਂ ਉਪਰੋਕਤ ਕੈਪਸੂਲ ਨਹੀਂ ਦਿੱਤਾ ਗਿਆ ਹੈ। ਉਹ ਇਹ ਵੀ ਯਕੀਨੀ ਬਣਾਉਣਗੇ ਕਿ ਦਿੱਤੀਆਂ ਜਾ ਰਹੀਆਂ ਗੋਲੀਆਂ/ਕੈਪਸੂਲ ਦੀ ਗਿਣਤੀ ਸਲਿੱਪ ’ਤੇ ਲਿਖੇ ਮਿਆਦ ਤੋਂ ਵੱਧ ਨਹੀਂ ਹੋਣੀਆਂ ਚਾਹੀਦੀਆਂ। ਜਾਰੀ ਕੀਤੇ ਗਏ ਹੋਰ ਹੁਕਮ ਅਨੁਸਾਰ ਜ਼ਿਲ੍ਹੇ ਦੀ ਖੇਤਰੀ ਸੀਮਾ ਦੇ ਅੰਦਰ ਕਿਸੇ ਵੀ ਮੇਲੇ, ਧਾਰਮਿਕ ਜਲੂਸ, ਵਿਆਹ-ਸ਼ਾਦੀ, ਜਲੂਸ ਜਾਂ ਕਿਸੇ ਹੋਰ ਇਕੱਠ ਜਾਂ ਕਿਸੇ ਵਿੱਦਿਅਕ ਅਦਾਰੇ, ਕੈਂਪਸ ਦੀ ਹਦੂਦ ਅੰਦਰ ਜਾਂ ਅਹਾਤੇ ਅੰਦਰ ਕੋਈ ਵੀ ਵਿਅਕਤੀ ਹਥਿਆਰ ਨਹੀਂ ਲੈ ਕੇ ਜਾਵੇਗਾ। ਜ਼ਿਲ੍ਹੇ ਦੀ ਖੇਤਰੀ ਸੀਮਾ ਦੇ ਅੰਦਰ ਕਿਸੇ ਵੀ ਸਥਾਨ ’ਤੇ ਕੋਈ ਵੀ ਜਨਤਾ ਦਾ ਮੈਂਬਰ ਕਿਸੇ ਵੀ ਤਿੱਖੇ ਧਾਰ ਵਾਲੇ ਹਥਿਆਰਾਂ/ਬੰਦੂਕ ਹਥਿਆਰਾਂ ਸਮੇਤ ਹਥਿਆਰਾਂ ਦੀ ਨਿਸ਼ਾਨਦੇਹੀ ਜਾਂ ਪ੍ਰਦਰਸ਼ਨ ਨਹੀਂ ਕਰੇਗਾ। ਹੁਕਮ ਅਨੁਸਾਰ ਜਨਤਾ ਦਾ ਕੋਈ ਵੀ ਮੈਂਬਰ ਸ਼ੋਸਲ ਮੀਡੀਆਂ ’ਤੇ ਹਥਿਆਰਾਂ ਦੀ ਪ੍ਰਦਰਸ਼ਨੀ ਜਾਂ ਪ੍ਰਮੋਸ਼ਨ ਕਰਨ ਵਾਲੀ ਕੋਈ ਤਸਵੀਰ ਜਾਂ ਵੀਡੀਓ ਅਪਲੋਡ ਨਹੀਂ ਕਰੇਗਾ ਅਤੇ ਨਾ ਹੀ ਹਥਿਆਰਾਂ ਦੀ ਵਰਤੋਂ ਦੀ ਵਡਿਆਈ ਕਰਨ ਵਾਲਾ ਕੋਈ ਟੈਕਸਟ ਪੋਸਟ ਪਾਵੇਗਾ ਤੇ ਨਾ ਸ਼ੇਅਰ ਕਰੇਗਾ। ਕੋਈ ਵੀ ਵਿਅਕਤੀ ਕਿਸੇ ਵੀ ਸਮਾਗਮ/ਕਾਰਜ/ਪ੍ਰੋਗਰਾਮ ਆਦਿ ’ਚ ਕੋਈ ਅਜਿਹਾ ਗੀਤ ਨਹੀਂ ਗਾਏਗਾ ਅਤੇ ਨਾ ਹੀ ਅਜਿਹਾ ਕੋਈ ਨਾਟਕ ਖੇਡੇਗਾ, ਜਿਸ ਨਾਲ ਹਥਿਆਰਾਂ ਦੀ ਪ੍ਰਦਰਸ਼ਨੀ ਜਾਂ ਪ੍ਰਮੋਸ਼ਨ ਹੁੰਦੀ ਹੋਵੇ। ਇਹ ਹੁਕਮ ਆਰਮਡ ਫੋਰਸਿਜ਼ ਦੇ ਮੈਂਬਰਾਂ, ਪੁਲਸ, ਹੋਮ ਗਾਰਡਾਂ ਜਾਂ ਅਜਿਹੇ ਹੋਰ ਸਰਕਾਰੀ ਕਰਮਚਾਰੀਆਂ ’ਤੇ ਲਾਗੂ ਨਹੀਂ ਹੋਵੇਗਾ, ਜਿਨ੍ਹਾਂ ਕੋਲ ਰਾਜ ਦੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਹਥਿਆਰ ਹਨ, ਜੋ ਸੁਰੱਖਿਆ ਗਾਰਡਾਂ ਦੇ ਕਰਮਚਾਰੀ ਵਿੱਦਿਅਕ ਅਤੇ ਵਪਾਰਕ ਅਦਾਰੇ ਹੋਟਲ ਵਿਆਹ ਸਥਾਨ ਆਦਿ ’ਤੇ ਆਪਣੀ ਡਿਊਟੀ ਨਿਭਾਅ ਰਹੇ ਹਨ, ’ਤੇ ਲਾਗੂ ਨਹੀਂ ਹੋਵੇਗਾ। ਇਹ ਹੁਕਮ 31 ਅਗਸਤ 2025 ਤੱਕ ਲਾਗੂ ਰਹਿਣਗੇ।

## ਸਿਖਿਆ ਮੰਤਰੀ ਮਹੀਪਾਲ ਢਾਂਡਾ ਨੇ ਕੇਂਦਰੀ ਮੰਤਰੀ ਧਰਮੇਂਦਰ ਪ੍ਰਧਾਨ ਨਾਲ ਕੀਤੀ ਮੁਲਾਕਾਤ, ਹਰਿਆਣਾ ਦੀ ਕਈ ਨੀਤੀਆਂ ਦੇ ਬਾਰੇ ਦਿੱਤੀ ਜਾਣਕਾਰੀ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 10 ਜੁਲਾਈ: ਹਰਿਆਣਾ ਦੇ ਸਿਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਅੱਜ ਨਵੀਂ ਦਿੱਲੀ ਵਿੱਚ ਕੇਂਦਰੀ ਸਿੱਖਿਆ ਮੰਤਰੀ ਸ੍ਰੀ ਧਰਮੇਂਦਰ ਪ੍ਰਧਾਨ ਨਾਲ ਮੁਲਾਕਾਤ ਕੀਤੀ। ਗਲਬਾਤ ਦੌਰਾਨ ਸਿਖਿਆ ਮੰਤਰੀ ਨੇ ਉਨ੍ਹਾਂ ਨੂੰ ਜਾਣੂ ਕਰਾਇਆ ਕਿ ਹਰਿਆਣਾ ਨੇ ਕੌਮੀ ਸਿੱਖਿਆ ਨੀਤੀ-2020 ਨੂੰ ਇਸ ਵਿਦਿਅਕ ਸੈਸ਼ਨ ਤੋਂ ਲਾਗੂ ਕਰ ਦਿੱਤਾ ਹੈ। ਇਸੀ ਦੇ ਅਨੁਰੂਪ ਕੋਰਸ ਵੀ ਤਿਆਰ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸੂਬਿਆਂ ਨੂੰ ਕੌਮੀ ਸਿੱਖਿਆ ਨੀਤੀ ਨੂੰ ਆਪਣੇ-ਆਪਣੇ ਸੂਬਿਆਂ ਵਿੱਚ ਸਾਲ 2030 ਤੱਕ ਲਾਗੂ ਕਰਨ ਦਾ ਟੀਚਾ ਦਿੱਤਾ ਸੀ, ਜਦੋਂ ਕਿ ਹਰਿਆਣਾ ਨੇ ਇਸ ਨੂੰ 5 ਸਾਲ ਪਹਿਲਾਂ ਹੀ 2025 ਵਿੱਚ ਲਾਗੂ ਕਰ ਦੇਸ਼ ਦੇ ਸਾਹਮਣੇ ਇੱਕ ਮਿਸਾਲ ਪੇਸ਼ ਕੀਤੀ ਹੈ। ਸਿੱਖਿਆ ਮੰਤਰੀ ਸ੍ਰੀ ਢਾਂਡਾ ਨੇ ਕੇਂਦਰੀ ਮੰਤਰੀ ਨੂੰ ਇਸ ਗੱਲ ਦੀ ਵੀ ਜਾਣਕਾਰੀ ਦਿੱਤੀ ਕਿ ਇਹ ਸੱਭ ਹਰਿਆਣਾ ਸਰਕਾਰ ਦੀ ਸਿੱਖਿਆ ਦੇ ਪ੍ਰਤੀ ਗੰਭੀਰਤਾ ਨੂੰ ਦਰਸ਼ਾਉਂਦਾ ਹੈ। ਇਸ ਨੀਤੀ ਨੂੰ ਸਿਰੇ ਚੜਾਉਣ ਵਿੱਚ ਵਿਭਾਗ ਦੇ ਅਧਿਕਾਰੀਆਂ ਦੀ ਦਿਨ-ਰਾਤ ਮਿਹਨਤ ਵੀ ਸ਼ਾਮਿਲ ਹੈ। ਕੇਂਦਰੀ ਮੰਤਰੀ ਸ੍ਰੀ ਧਰਮੇਂਦਰ ਪ੍ਰਧਾਨ ਨੇ ਦੇਸ਼ ਵਿੱਚ ਸੱਭ ਤੋਂ ਪਹਿਲਾਂ ਕੌਮੀ ਸਿੱਖਿਆ ਨੀਤੀ ਨੂੰ ਲਾਗੂ ਕਰਨ ਲਈ ਹਰਿਆਣਾ ਸਰਕਾਰ ਦੀ ਸ਼ਲਾਘਾ ਕੀਤੀ। ਗਲਬਾਤ ਦੌਰਾਨ ਸਿਖਿਆ ਮੰਤਰੀ ਨੇ ਹਰਿਆਣਾ ਸਰਕਾਰ ਦੀ ਕਈ ਫਲੈਗਸ਼ਿਪ ਪ੍ਰੋਗਰਾਮਾਂ ਦੇ ਬਾਰੇ ਵੀ ਕੇਂਦਰੀ ਮੰਤਰੀ ਨੂੰ ਜਾਣੂ ਕਰਵਾਇਆ। ਉਨ੍ਹਾਂ ਨੇ ਦਸਿਆ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਜੇਈਈ ਤੇ ਨੀਟ ਦੀ ਪ੍ਰੀਖਿਆ ਵਿੱਚ ਉਮਦਾ ਪ੍ਰਦਰਸ਼ਨ ਕੀਤਾ ਹੈ ਅਤੇ 72 ਵਿਦਿਆਰਥੀਆਂ ਨੇ ਸਫਲਤਾ ਹਾਸਲ ਕੀਤੀ। ਜੋ ਸਰਕਾਰੀ ਸਕੂਲਾਂ ਦੀ ਇੱਕ ਵੱਡੀ ਉਪਲਬਧੀ ਹੈ। ਉਨ੍ਹਾਂ ਨੇ ਸ੍ਰੀ ਪ੍ਰਧਾਨ ਨੂੰ ਦਸਿਆ ਕਿ ਹਰਿਆਣਾ ਖੇਡਾਂ ਦਾ ਪਾਵਰ ਹਾਊਸ ਬਣ ਚੁੱਕਾ ਹੈ। ਇੱਥੇ ਦੇ ਖਿਡਾਰੀ ਕੌਮੀ ਤੇ ਕੌਮਾਂਤਰੀ ਖੇਡ ਮੁਕਾਬਲਿਆਂ ਵਿੱਚ ਮੈਡਲ ਜਿੱਤ ਕੇ ਦੇਸ਼ ਦਾ ਨਾਮ ਰੋਸ਼ਨ ਕਰ ਰਹੇ ਹਨ। ਸਾਡੇ ਖਿਡਾਰੀ ਹੋਰ ਵੱਧ ਮੈਡਲ ਜਿੱਤਣ ਇਸੀ ਨੂੰ ਧਿਆਨ ਵਿੱਚ ਰੱਖ ਕੇ ਸਕੂਲਾਂ ਵਿੱਚ ਖੇਡਾਂ ਨੂੰ ਪ੍ਰੋਤਸਾਹਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ ਕੇਂਦਰੀ ਮੰਤਰੀ ਨੂੰ ਦਸਿਆ ਕਿ ਸਰਕਾਰੀ ਸਕੂਲਾਂ ਨੂੰ ਚਾਂਚਾਰਤ ਮਜਬੂਤ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਵਿਗਿਆਨ ਅਤੇ ਇੰਜੀਨੀਅਰਿੰਗ ਖੇਤਰਾਂ ਵਿੱਚ ਕੁੜੀਆਂ ਨੂੰ ਅੱਗੇ ਵਧਾਉਣ ਲਈ ਕਲਪਨਾ ਚਾਵਲਾ ਸਕਾਲਰਸ਼ਿਪ ਯੋਜਨਾ ਚਲਾਈ ਜਾ ਰਹੀ ਹੈ।

## ਸਲਾਈ-ਕਢਾਈ ਕਰਨ ਵਾਲੀ ਬੀਬੀ ਦੀ ਕਿਸਮਤ ਨੇ ਮਾਰੀ ਪਲਟੀ, ਰਾਤੋਂ-ਰਾਤ ਬਣੀ ਕਰੋੜਾਂ ਦੀ ਮਾਲਕ

ਮਾਨਸਾ 10 ਜੁਲਾਈ। ਕਹਿੰਦੇ ਨੇ ਕਿਸਮਤ ਕਦੋਂ ਪਲਟੀ ਮਾਰ ਜਾਵੇ ਇਸ ਦਾ ਕਿਸੇ ਨੂੰ ਨਹੀਂ ਪਤਾ। ਅਜਿਹਾ ਹੀ ਕੁਝ ਹੋਇਆ ਹੈ ਮਾਨਸਾ ਦੀ ਵੀਰਪਾਲ ਕੌਰ ਨਾਲ। ਜਿਸ ਦੀ ਡੇਢ ਕਰੋੜ ਦੀ ਲਾਟਰੀ ਨਿਕਲੀ ਹੈ। ਵੀਰਪਾਲ ਕੌਰ ਜਿਸ ਨੇ ਦੋ ਦਿਨ ਪਹਿਲਾਂ ਇਹ ਲਾਟਰੀ ਪਾਈ ਸੀ ਜਿਸ ਵਿਚ ਉਸਨੂੰ ਡੇਢ ਕਰੋੜ ਦਾ ਇਨਾਮ ਲੱਗਿਆ ਹੈ। ਵੀਰਪਾਲ ਕੌਰ ਸਲਾਈ ਕਢਾਈ ਕਰਕੇ ਆਪਣੇ ਬੱਚਿਆਂ ਦਾ ਗੁਜ਼ਾਰਾ ਕਰਦੀ ਹੈ। ਡੇਢ ਕਰੋੜ ਦੀ ਲਾਟਰੀ ਲੱਗਣ ਤੋਂ ਬਾਅਦ ਉਸ ਦਾ ਢੋਲ-ਢਮੱਕਿਆਂ ਨਾਲ ਸਵਾਗਤ ਕੀਤਾ ਗਿਆ। ਜਾਣਕਾਰੀ ਦਿੰਦਿਆਂ ਵੀਰਪਾਲ ਕੌਰ ਨੇ ਦੱਸਿਆ ਕਿ ਉਹ ਅਕਸਰ ਹੀ ਲਾਟਰੀ ਪਾਉਂਦੀ ਰਹਿੰਦੀ ਸੀ ਜਿਸ ਵਿਚ ਛੋਟੇ-ਮੋਟੇ ਇਨਾਮ ਨਿਕਲਦੇ ਰਹਿੰਦੇ ਸੀ ਪਰ ਇਸ ਵਾਰ ਡੇਢ ਕਰੋੜ ਦੀ ਲਾਟਰੀ ਨਿਕਲੀ ਹੈ

# ਵਾਹਨ ਚਾਲਕਾਂ ਲਈ ਨਵੇਂ ਹੁਕਮ ਜਾਰੀ

ਮੋਗਾ 10 ਜੁਲਾਈ। ਜ਼ਿਲਾ ਮੈਜਿਸਟ?ਰੇਟ-ਕਮ-ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਘਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮੋਗਾ ਸ਼ਹਿਰ ਦੇ ਮੇਨ ਬਾਜ਼ਾਰ ਵਿਚ ਸਵੇਰੇ 8 ਤੋਂ ਸ਼ਾਮ 8 ਵਜੇ ਤੱਕ ਭਾਰੀ ਵਾਹਨਾਂ ਦੀ ਐਂਟਰੀ ’ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਵਾਹਨ ਇਸ ਸਮੇਂ ਜੀ. ਟੀ. ਰੋਡ ਰਾਹੀਂ ਵਾਇਆ ਗਾਂਧੀ ਰੋਡ ਤੋਂ ਰੇਲਵੇ ਰੋਡ/ਪ੍ਰਤਾਪ ਰੋਡ, ਚੈਂਬਰ ਰੋਡ, ਸਟੇਡੀਅਮ ਰੋਡ ਦੇ ਸਾਹਮਣੇ ਗਲੀ ਨੰਬਰ 9 ਰਾਹੀਂ ਦੇਵ ਹੋਟਲ ਚੌਕ ਤੱਕ ਜਾਇਆ ਕਰਨਗੇ। ਜ਼ਿਲਾ ਮੈਜਿਸਟ?ਰੇਟ ਸਾਗਰ ਸੇਤੀਆ ਨੇ ਦੱਸਿਆ ਕਿ ਮੋਗਾ ਸ਼ਹਿਰ ਦੇ ਮੇਨ ਬਾਜ਼ਾਰ (ਲਾਈਟਾਂ ਵਾਲਾ ਚੌਕ ਤੋਂ ਦੇਵ ਹੋਟਲ) ਤੱਕ ਭਾਰੀ ਵਾਹਨਾਂ ਦੀ ਸਵੇਰੇ 8 ਤੋਂ ਸ਼ਾਮ 8 ਵਜੇ ਤੱਕ ਐਂਟਰੀ ਹੋਣ ਨਾਲ ਬਾਜ਼ਾਰ ਵਿਚ ਭੀੜ ਵੱਧ ਜਾਂਦੀ ਹੈ ਅਤੇ ਆਵਾਜਾਈ ਵਿਚ ਰੁਕਾਵਟ ਪੇਸ਼ ਆਉਂਦੀ ਹੈ। ਇਸ ਨਾਲ ਆਮ ਲੋਕਾਂ ਵਿਚ ਵਾਹਨ ਇਕ ਦੂਸਰੇ ਤੋਂ ਅੱਗੇ ਕੱਢਣ ਕਰਕੇ ਤਕਰਾਰ ਪੈਦਾ ਹੋਣ ਦੀ ਸੰਭਾਵਨਾ ਬਣ ਜਾਂਦੀ ਹੈ। ਇਸ ਕਰਕੇ ਲੜਾਈ ਝਗੜਾ ਵੀ ਹੋ ਸਕਦਾ ਹੈ। ਉਕਤ ਨੂੰ ਮੁੱਖ ਰੱਖਦੇ ਹੋਏ ਇਹ ਪਾਬੰਦੀ ਆਦੇਸ਼ ਜਾਰੀ ਕੀਤੇ ਗਏ ਹਨ। ਇਹ ਹੁਕਮ 31 ਅਗਸਤ, 2025 ਤੱਕ ਲਾਗੂ ਰਹਿਣਗੇ ਅਤੇ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਤੇ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਸ ਤੋਂ ਇਲਾਵਾ ਜ਼ਿਲਾ ਮੈਜਿਸਟ?ਰੇਟ ਵੱਲੋਂ ਸਾਈਕਲ, ਰਿਕਸ਼ਾ, ਟਰੈਕਟਰ-ਟਰਾਲੀ, ਰੇਹੜੀ ਅਤੇ ਹੋਰ ਗੱਡੀ ਜਿਸ ਦੇ ਅੱਗੇ ਪਿੱਛੇ ਲਾਈਟਾਂ ਨਹੀਂ ਹਨ, ਲਾਲ ਰੰਗ ਦੇ ਰਿਫਲੈਕਟਰ ਜਾਂ ਕੋਈ ਆਈ ਗਲਾਸ ਜਾਂ ਚਮਕਦਾਰ ਟੇਪ ਫਿੱਟ ਕਰਵਾਏ ਬਿਨਾਂ ਚਲਾਉਣ ’ਤੇ ਪਾਬੰਦੀ ਲਗਾਈ ਗਈ ਹੈ। ਉਨ੍ਹਾਂ ਕਿਹਾ ਕਿ ਰਿਫਲੈਕਟਰ ਆਦਿ ਨਾ ਲੱਗਾ ਹੋਣ ਕਰ ਕੇ ਅੱਗੇ ਤੋਂ ਤੇਜ਼ ਲਾਈਟਾਂ ਵਾਲਾ ਵਹੀਕਲ ਆਉਣ ’ਤੇ ਅਜਿਹੇ ਵ?ਹੀਕਲਜ਼ ਵਿਖਾਈ ਨਹੀਂ ਦਿੰਦੇ ਅਤੇ ਹਾਦਸੇ ਦਾ ਕਾਰਨ ਬਣਦੇ ਹਨ। ਇਸ ਨਾਲ ਜਿੱਥੇ ਮਾਲੀ ਤੇ ਜਾਨੀ ਨੁਕਸਾਨ ਹੁੰਦੇ ਹਨ, ਉਥੇ ਕਈ ਵਾਰ ਆਮ ਜਨਤਾ ਵਿਚ ਅਸ਼ਾਂਤੀ ਦਾ ਖਤਰਾ ਪੈਦ ਹੋਣ ਦੀ ਵੀ ਸੰਭਾਵਨਾ ਬਣੀ ਰਹਿੰਦੀ ਹੈ।

## 15 ਦਿਨ ਪਹਿਲਾਂ ਹੋਈ ਮੌਤ ਦੇ ਮਾਮਲੇ ਚ ਵੱਡਾ ਖ਼ੁਲਾਸਾ, ਪਤਨੀ ਨੇ ਪ੍ਰੇਮੀ ਮਰਵਾਇਆ ਪਤੀ

ਮੂਨਕ 10 ਜੁਲਾਈ। ਕਰੀਬ 15 ਦਿਨ ਪਹਿਲਾਂ ਹਲਕਾ ਲਹਿਰਾ ਦੇ ਪਿੰਡ ਬੱਲਰਾਂ ਵਿਖੇ ਇਕ ਵਿਅਕਤੀ ਦੀ ਹੋਈ ਮੌਤ ਦੇ ਕਾਰਨਾਂ ਦਾ ਉਸ ਸਮੇਂ ਵੱਡਾ ਖੁਲਾਸਾ ਹੋਇਆ ਜਦੋਂ ਮਾਮਲਾ ਪ੍ਰੇਮ ਸੰਬੰਧਾਂ ਦਾ ਨਿਕਲਿਆ। ਪੁਲਸ ਨੇ ਮ੍ਰਿਤਕ ਨੌਜਵਾਨ ਦੇ ਭਰਾ ਦੇ ਬਿਆਨਾਂ ’ਤੇ ਮ੍ਰਿਤਕ ਦੀ ਪਤਨੀ ਅਤੇ ਉਸਦੇ ਪ੍ਰੇਮੀ (ਮ੍ਰਿਤਕ ਦੀ ਭੂਆ ਦੇ ਪੁੱਤ) ਵਿਰੁੱਧ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐੱਸਪੀ ਮੂਨਕ ਗੁਰਿੰਦਰ ਸਿੰਘ ਬੱਲ ਨੇ ਦੱਸਿਆ ਕਿ ਕੁੱਝ ਦਿਨ ਪਹਿਲਾਂ ਪਿੰਡ ਬੱਲਰਾਂ ਵਿਖੇ ਇਕ ਨੌਜਵਾਨ ਦੀ ਮੌਤ ਹੋਈ ਸੀ। ਸੀਸੀਟੀਵੀ ਫੁਟੇਜ



ਦੇਖਣ ਤੋਂ ਬਾਅਦ ਮ੍ਰਿਤਕ ਦੇ ਭਰਾ ਪ੍ਰਗਟ ਸਿੰਘ ਪੁੱਤਰ ਨੇਕ ਸਿੰਘ ਵਾਸੀ ਬੱਲਰਾਂ ਨੇ ਪੁਲਸ ਨੂੰ ਲਿਖਤੀ ਬਿਆਨ ਵਿਚ ਦੱਸਿਆ ਕਿ ਮੇਰੇ ਵੱਡੇ ਭਰਾ ਜਗਸੀਰ ਸਿੰਘ ਦਾ ਵਿਆਹ ਕਰੀਬ 8 ਸਾਲ ਪਹਿਲਾਂ ਪਿੰਡ ਬਖੋਰਾ ਕਲਾਂ ਦੀ ਹਰਪ੍ਰੀਤ ਕੌਰ ਨਾਲ ਹੋਇਆ ਸੀ ਜੋ ਕਿ ਸਾਡੇ ਤੋਂ ਅਲੱਗ ਰਹਿੰਦੇ ਹਨ। 18 ਜੂਨ ਨੂੰ ਹਰਪ੍ਰੀਤ ਕੌਰ ਪੇਕੇ ਗਈ ਹੋਈ ਸੀ। ਉਸ ਤੋਂ ਬਾਅਦ ਜਦੋਂ ਅਸੀਂ ਆਪਣੇ ਭਰਾ ਦਾ ਘਰ ਬਾਹਰੋਂ ਬੰਦ ਦੇਖਿਆ ਤਾਂ ਉਸ ਨੇ ਗੇਟ ਨਹੀਂ ਖੋਲਿਆ ਜਦੋਂ ਮੈਂ, ਮੇਰੇ ਪਿਤਾ ਅਤੇ ਹੋਰਨਾਂ ਨੇ ਗੇਟ ਖੋਲਿਆ ਤਾਂ ਭਰਾ ਮੰਜੇ ’ਤੇ ਮ੍ਰਿਤਕ ਪਿਆ ਸੀ ਅਤੇ ਉਸਦੇ ਸਿਰ ਤੇ ਪਿਛਲੇ ਪਾਸੇ ਸੱਟ ਦੇ ਨਿਸ਼ਾਨ ਸਨ। ਉਸ ਸਮੇਂ ਪਰਿਵਾਰ ਨੂੰ ਕਿਸੇ ’ਤੇ ਸ਼ੱਕ ਨਹੀਂ ਸੀ, ਜਿਸ ਦੇ ਚੱਲਦੇ ਉਸਦਾ ਸਸਕਾਰ ਕਰ ਦਿੱਤਾ ਗਿਆ ਅਤੇ ਉਸਦੇ ਖ਼ੂਨ ਨਾਲ ਲਿਬੜੇ ਕੱਪੜੇ ਵੀ ਸਸਕਾਰ ਸਮੇਂ ਜਲਾ ਦਿੱਤੇ ਗਏ, ਪਰ ਸੀਸੀਟੀਵੀ ਕੈਮਰੇ ਦੇਖਣ ਤੋਂ ਪਤਾ ਚੱਲਿਆ ਕਿ ਸਾਡੀ ਭੂਆ ਦਾ ਬੇਟਾ ਹਰਪ੍ਰੀਤ ਸਿੰਘ ਘਟਨਾ ਦੀ ਰਾਤ ਮੇਰੇ ਭਰਾ ਨੂੰ ਘਰੇ ਛੱਡ ਕੇ ਆਇਆ ਸੀ ,ਜਿਸ ’ਤੇ ਮੇਰੇ ਭਰਾ ਦੀ ਪਤਨੀ ਅਤੇ ਭੂਆ ਦੇ ਬੇਟੇ ਦੇ ਨਜਾਇਜ਼ ਸਬੰਧ ਹੋਣ ਦਾ ਸ਼ੱਕ ਯਕੀਨ ਵਿਚ ਬਦਲ ਗਿਆ। ਇਸ ਸਬੰਧੀ ਮ੍ਰਿਤਕ ਦੇ ਭਰਾ ਨੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਮੇਰੇ ਭਰਾ ਨੂੰ ਮੇਰੀ ਭਰਜਾਈ ਨੇ ਆਪਣੇ ਕਥਿਤ ਪ੍ਰੇਮੀ ਤੋਂ ਮਰਵਾਇਆ ਹੈ। ਜਿਸ ਦੇ ਚੱਲਦੇ ਪੁਲਸ ਨੇ ਮ੍ਰਿਤਕ ਦੇ ਭਰਾ ਦੇ ਬਿਆਨਾਂ ਦੇ ਅਧਾਰ ’ਤੇ ਮ੍ਰਿਤਕ ਦੀ ਪਤਨੀ ਅਤੇ ਉਸਦੇ ਪ੍ਰੇਮੀ ਖਿਲਾਫ ਮੁਕੱਦਮਾ ਦਰਜ ਕਰਦਿਆਂ ਗ੍ਰਿਫਤਾਰ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਪੰਜਾਬੀ ਅਦਾਕਾਰਾ ਤਾਨੀਆ ਦੇ ਪਿਤਾ ’ਤੇ ਹਮਲਾ ਕਰਨ ਦੇ ਮਾਮਲੇ ’ ਆਇਆ ਨਵਾਂ ਮੋੜ

ਮੋਗਾ 10 ਜੁਲਾਈ। ਕੋਟ ਈਸੇ ਖਾਂ ਦੇ ਮਸ਼ਹੂਰ ਡਾਕਟਰ ਅਨਿਲਜੀਤ ਕੰਬੋਜ (ਹਰਬੰਸ ਨਰਸਿੰਗ ਹੋਮ) ਨੂੰ ਉਨ੍ਹਾਂ ਦੇ ਹੀ ਹਸਪਤਾਲ ਵਿਚ ਕੁਝ ਦਿਨ ਪਹਿਲਾਂ ਗੋਲੀਆ ਮਾਰਨ ਵਾਲੇ ਮਾਮਲੇ ਵਿਚ ਉਸ ਸਮੇਂ ਨਵਾਂ ਮੋੜ ਆ ਗਿਆ ਜਦੋਂ ਪੁਲਸ ਨੇ ਇਸ ਵਾਰਦਾਤ ਵਿਚ ਇਕ ਔਰਤ ਨੂੰ ਕਾਬੂ ਕਰ ਲਿਆ। ਮਿਲੀ ਜਾਣਕਾਰੀ ਮੁਤਾਬਕ ਅਨਿਲ ਕੰਬੋਜ ਨੂੰ ਗੋਲੀਆਂ ਮਾਰਨ ਵਾਲੇ ਗੁਰਮਨਦੀਪ ਸਿੰਘ ਉਰਫ ਫੌਜੀ ਪੁੱਤਰ ਬੋਹੜ ਸਿੰਘ ਵਾਸੀ ਤਲਵੰਡੀ ਸੂਬਾ ਸਿੰਘ ਜ਼ਿਲਾ ਤਰਨਤਾਰਨ ਨੂੰ ਪਨਾਹ ਦੇਣ ਵਾਲੀ ਪਵਨਦੀਪ ਕੌਰ ਨੂੰ ਪੁਲਸ ਨੇ ਗ੍ਰਿਫ਼ਤਾਰ ਕੀਤਾ ਹੈ, ਉਕਤ ਦੋਸ਼ਣ ਖ਼?ਲਾਫ਼ ਪੁਲਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਕਿਸੇ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਮਿਤੀ 4-7-25 ਨੂੰ ਜਿਸ ਗੁਰਮਨਦੀਪ ਸਿੰਘ ਉਰਫ ਫੌਜੀ ਪੁੱਤਰ ਬੋਹੜ ਸਿੰਘ ਵਾਸੀ ਤਲਵੰਡੀ ਸੂਬਾ ਸਿੰਘ ਜ਼ਿਲ੍ਹਾ ਤਰਨਤਾਰਨ ਨੇ ਡਾ.ਅਨਿਲਜੀਤ ਕੰਬੋਜ ਤੇ ਗੋਲੀਆਂ ਚਲਾਈਆਂ ਸਨ, ਨੂੰ ਪਵਨਦੀਪ ਕੌਰ ਪੁੱਤਰੀ ਜਗਤਾਰ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਸੋਢਾ ਥਾਣਾ ਸਰਹਿੰਦ ਜ਼ਿਲ੍ਹਾ ਸ੍ਰੀ ਫਤਹਿਗੜ ਸਾਹਿਬ ਨੇ ਆਪਣੇ ਘਰ ਵਿਚ ਪਨਾਹ ਦਿੱਤੀ ਜੋ ਅੱਜ ਥਾਣਾ ਕੋਟ ਈਸੇ ਖਾਂ ਦੇ ਪਿੰਡ ਜਨੇਰ ਬੱਸ ਅੱਡਾ ਪਰ ਖੜੀ ਕਿਸੇ ਵਹੀਕਲ ਦਾ ਇੰਤਜ਼ਾਰ ਕਰ ਰਹੀ ਹੈ

# 50 ਫ਼ੀਸਦੀ ਤੱਕ ਸਸਤੀਆਂ ਹੋ ਗਈਆਂ ਲਗਜ਼ਰੀ ਕਾਰਾਂ

**ਕੌਮੀ ਪਤ੍ਰਿਕਾ**

ਬਿਜ਼ਨਸ ਡੈਸਕ 10 ਜੁਲਾਈ। ਰਾਜਧਾਨੀ ਦਿੱਲੀ ਵਿੱਚ ਸੈਕਿੰਡ ਹੈਂਡ ਕਾਰਾਂ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ ਆਈ ਹੈ। ਪੁਰਾਣੇ ਵਾਹਨਾਂ ’ਤੇ ਲਗਾਈਆਂ ਗਈਆਂ ਪਾਬੰਦੀਆਂ ਕਾਰਨ ਸੈਕਿੰਡ ਹੈਂਡ ਕਾਰਾਂ ਦੀਆਂ ਕੀਮਤਾਂ ਵਿੱਚ 40 ਤੋਂ 50 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਇਹ ਜਾਣਕਾਰੀ ਚੈਂਬਰ ਆਫ਼ ਟ?ਰੇਡ ਐਂਡ ਇੰਡਸਟਰੀ (ਸੀਟੀਆਈ) ਨੇ ਸ਼ੁੱਕਰਵਾਰ ਨੂੰ ਦਿੱਤੀ। ਸੀਟੀਆਈ ਦੇ ਚੇਅਰਮੈਨ ਬ੍ਰਿਜੇਸ਼ ਗੋਇਲ ਅਨੁਸਾਰ, ਪੁਰਾਣੇ ਵਾਹਨਾਂ ’ਤੇ ਲਗਾਈਆਂ ਗਈਆਂ ਪਾਬੰਦੀਆਂ ਕਾਰਨ ਦਿੱਲੀ ਦਾ ਸੈਕਿੰਡ ਹੈਂਡ ਕਾਰ ਬਾਜ਼ਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਲਗਭਗ 60 ਲੱਖ ਵਾਹਨ ਪ੍ਰਭਾਵਿਤ ਹੋਏ ਹਨ। ਦਿੱਲੀ ਵਿੱਚ ਪੈਟਰੋਲ ਕਾਰਾਂ ਦੀ ਵੱਧ ਤੋਂ ਵੱਧ ਉਮਰ 15 ਸਾਲ ਅਤੇ ਡੀਜ਼ਲ ਕਾਰਾਂ ਦੀ 10 ਸਾਲ ਨਿਰਧਾਰਤ ਕੀਤੀ ਗਈ ਹੈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਸੜਕਾਂ ’ਤੇ ਚੱਲਣ ਦੀ ਇਜਾਜ਼ਤ ਨਹੀਂ ਹੈ। ਪੁਰਾਣੀਆਂ ਕਾਰਾਂ ਦੀਆਂ ਕੀਮਤਾਂ ਵਿੱਚ ਗਿਰਾਵਟ ਕਾਰਨ, ਬਾਹਰੀ ਸੂਬਿਆਂ ਦੇ ਖਰੀਦਦਾਰ ਦਿੱਲੀ ਵੱਲ ਮੁੜ ਰਹੇ ਹਨ। ਕਰੋਲ ਬਾਗ, ਪ੍ਰੀਤ ਵਿਹਾਰ, ਪੀਤਮਪੁਰਾ ਅਤੇ ਮੋਤੀ



ਨਗਰ ਵਰਗੇ ਖੇਤਰਾਂ ਵਿੱਚ 1,000 ਤੋਂ ਵੱਧ ਸੈਕਿੰਡ ਹੈਂਡ ਕਾਰ ਡੀਲਰ ਸਸਤੇ ਭਾਅ ’ਤੇ ਕਾਰਾਂ ਵੇਚ ਰਹੇ ਹਨ। ਇਹ ਕਾਰਾਂ ਆਮ ਤੌਰ ’ਤੇ ਪੰਜਾਬ, ਰਾਜਸਥਾਨ, ਯੂਪੀ, ਬਿਹਾਰ, ਕਰਨਾਟਕ, ਤਾਮਿਲਨਾਡੂ ਅਤੇ ਕੇਰਲ ਵਰਗੇ ਰਾਜਾਂ ਵਿੱਚ ਜਾਂਦੀਆਂ ਹਨ। ਗੋਇਲ ਅਨੁਸਾਰ, ਲਗਜ਼ਰੀ ਸੈਕਿੰਡ ਹੈਂਡ ਕਾਰਾਂ ਜੋ ਪਹਿਲਾਂ 6-7 ਲੱਖ ਵਿੱਚ ਵਿਕਦੀਆਂ ਸਨ, ਹੁਣ ਸਿਰਫ 4-5 ਲੱਖ ਵਿੱਚ ਖਰੀਦੀਆਂ ਜਾ ਸਕਦੀਆਂ ਹਨ। ਬਾਹਰੀ ਸੂਬਿਆਂ ਤੋਂ ਆਉਣ ਵਾਲੇ ਖਰੀਦਦਾਰ ਮੌਜੂਦਾ ਸਥਿਤੀ ਨੂੰ ਸਮਝਦੇ ਹੋਏ ਹਮਲਾਵਰ ਢੰਗ ਨਾਲ ਸੌਦੇਬਾਜ਼ੀ ਕਰ ਰਹੇ ਹਨ। ਕਾਰ ਡੀਲਰਾਂ ਨੇ ਇਹ ਵੀ ਕਿਹਾ ਕਿ ਦੂਜੇ ਰਾਜਾਂ ਵਿੱਚ ਵਿਕਰੀ ਲਈ ਜ਼ਰੂਰੀ ਐਨਓਸੀ (ਨੋ ਇਤਰਾਜ਼ ਸਰਟੀਫਿਕੇਟ) ਪ੍ਰਾਪਤ ਕਰਨ ਵਿੱਚ ਮੁਸ਼ਕਲ ਆ ਰਹੀ ਹੈ। ਪਹਿਲਾਂ ਇਹ ਪ੍ਰਕਿਰਿਆ ਸਰਲ ਸੀ, ਪਰ ਹੁਣ ਸਰਕਾਰੀ ਵਿਭਾਗਾਂ ਦੀ ਹੌਲੀ ਪ੍ਰਕਿਰਿਆ ਅਤੇ ਤਕਨੀਕੀ ਗੁੰਝਲਾਂ ਕਾਰਨ ਡੀਲਰਾਂ ਨੂੰ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਦਿੱਲੀ ਸਰਕਾਰ ਨੇ 1 ਜੁਲਾਈ ਤੋਂ ਪੁਰਾਣੇ ਵਾਹਨਾਂ ਦੇ ਸੰਚਾਲਨ ’ਤੇ ਪਾਬੰਦੀ ਲਗਾ ਦਿੱਤੀ ਹੈ, ਜੋ ਕਿ ਅਦਾਲਤ ਦੇ ਹੁਕਮਾਂ ’ਤੇ ਅਧਾਰਤ ਹੈ। ਹਾਲਾਂਕਿ, ਇਸ ਫੈਸਲੇ ਦੇ ਵਿਆਪਕ ਵਿਰੋਧ ਤੋਂ ਬਾਅਦ, ਸਰਕਾਰ ਨੇ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ (CAQM) ਨੂੰ ਤੁਰੰਤ ਪ੍ਰਭਾਵ ਨਾਲ ਪਾਬੰਦੀ ਹਟਾਉਣ ਦੀ ਬੇਨਤੀ ਕੀਤੀ ਹੈ।

## ਨਿਗਮ ਸਫਾਈ ਸੇਵਕ ਯੂਨੀਅਨਾਂ ਵਲੋਂ ਮੁਲਾਜਮਾ ਦਾ ਸਰਵਿਸ ਰਿਕਾਰਡ ਆਈ.ਐਚ.ਆਰ.ਐਮ.ਐਸ ਪੋਰਟਲ ਤੇ ਅਪਲੋਡ ਕਰਨ ਲਈ ਵਧੀਕ ਕਮਿਸ਼ਨਰ ਦਾ ਕੀਤਾ ਧੰਨਵਾਦ

ਅੰਮ੍ਰਿਤਸਰ 10 ਜੁਲਾਈ। ਨਿਗਮ ਸਫਾਈ ਯੂਨੀਅਨਾਂ ਵਲੋਂ ਸਫਾਈ ਸੇਵਕ ਕਰਮਚਾਰੀਆਂ ਦਾ ਸਰਵਿਸ ਰਿਕਾਰਡ ਆਈ.ਐਚ.ਆਰ.ਐਮ.ਐਸ ਪੋਰਟਲ ਤੇ ਅਪਲੋਡ ਕਰਨ ਲਈ ਵਧੀਕ ਕਮਿਸ਼ਨਰ ਸੁਰਿਦੰਰ ਸਿੰਘ ਦਾ ਧੰਨਵਾਦ ਕੀਤਾ। ਨਗਰ ਨਿਗਮ ਵਲੋਂ ਮੁਲਾਜਮਾਂ ਦੇ ਰਿਕਾਰਡ ਨੂੰ ਆਨਲਾਈਨ ਕਰਨ ਦਾ ਕੰਮ ਕਮਿਸ਼ਨਰ ਨਗਰ ਨਿਗਮ ਗੁਲਪ੍ਰੀਤ ਸਿੰਘ ਔਲਖ ਦੇ ਹੁਕਮਾਂ ਅਨੁਸਾਰ ਵਧੀਕ ਕਮਿਸ਼ਨਰ ਸੁਰਿਦੰਰ ਸਿੰਘ, ਡਾ.ਰਮਾ, ਅਤੇ ਸੁਪਰਡੰਟ ਨੀਰਜ ਭੰਡਾਰੀ ਦੀ ਅਗੁਵਾਈ ਵਿੱਚ ਕੀਤਾ ਗਿਆ। ਇਸ ਨਾਲ ਸਰਕਾਰੀ ਕਰਮਚਾਰੀਆਂ ਨੂੰ ਆਪਣੀ ਸੈਲਰੀ ਸਲਿਪ ਲੈਣ ਲਈ ਆਪਣੇ ਰਜਿਸਟਰਡ ਮੁਬਾਇਲ ਨੰਬਰ ਤੇ ਆਈ.ਐਚ.ਆਰ.ਐਮ.ਐਸ ਐਪ ਡਾਊਨਲਾਊਡ ਕਰਕੇ ਇਕ ਹੀ ਕਲਿਕ ਨਾਲ ਉਪਲਬਧ ਹੋ ਜਾਵੇਗੀ ਅਤੇ ਇਸ ਦੇ ਨਾਲ ਹੀ ਕਰਮਚਾਰੀ ਆਪਣੀ ਸਾਲਾਨਾ ਤਰਕੀ , ਏ.ਸੀ.ਪੀ , ਨੋਮੀਨੇਸ਼ਨ ਆਦਿ ਦੀ ਜਾਣਕਾਰੀ ਲੈ ਸਕਣਗੇ । ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਦਸਿਆ ਕਿ ਨਿਗਮ ਕਰਮਚਾਰੀਆਂ ਦੀ ਪਿਛਲੇ ਕਾਫੀ ਸਮੇਂ ਤੋ ਸਰਵਿਸ ਰਿਕਾਰਡ ਆਈ.ਐਚ.ਆਰ.ਐਮ.ਐਸ ਪੋਰਟਲ ਤੇ ਕਰਨ ਦੀ ਮੰਗ ਕੀਤੀ ਜਾ ਰਹੀ ਸੀ, ਜਿਸ ਲਈ ਅਧਿਕਾਰੀਆਂ ਦੀ ਇਕ ਵਿਸ਼ੇਸ਼ ਟੀਮ ਲਗਾਈ ਗਈ ਸੀ । ਉਹਨਾਂ ਕਿਹਾ ਕਿ ਹੁਣ ਕਿਸੇ ਵੀ ਮੁਲਾਜਮ ਦਾ ਸਰਵਿਸ ਰਿਕਾਰਡ ਜਾ ਸੇਵਾ ਪੱਤਰੀ /ਫਾਈਲ ਗੁੰਮ ਨਹੀ ਹੋਵੇਗੀ ਅਤੇ ਨਾ ਹੀ ਮੁਲਾਜਮ ਨੂੰ ਆਪਣੀ ਸੈਲਰੀ ਸਲਿਪ ਲੈਣ ਲਈ ਅਮਲਾ ਕਲਰਕ ਕੋਲ ਜਾਣਾ ਪਵੇਗਾ । ਮੁਲਾਜਮਾਂ ਦਾ ਸਰਵਿਸ ਰਿਕਾਰਡ ਆਨ-ਲਾਈਨ ਹੋਣ ਨਾਲ ਸਾਰੇ ਕਰਮਚਾਰੀ ਆਪਣੇ ਮੁਬਾਇਲ ਨੰਬਰ ਨੂੰ ਇਸ ਐਪ ਨਾਲ ਜੋੜ ਕੇ ਆਪਣੀ ਲੋਗ ਇਨ ਆਈ.ਡੀ ਰਾਹੀਂ ਆਪਣਾ ਸਰਵਿਸ ਰਿਕਾਰਡ ਆਪ ਦੇਖ ਸਕਦਾ ਹੈ । ਅਤੇ ਹੁਣ ਤਨਖਾਹਾਂ ਵੀ ਆਈ.ਐਚ.ਆਰ.ਐਮ.ਐਸ ਪੋਰਟਲ ਰਾਹੀਂ ਤਿਆਰ ਕੀਤੀ ਤਨਖਾਹ ਪਰਚੀਆ ਅਨੁਸਾਰ ਹੀ ਮਿਲੇਗੀ ।

# ਵਿੱਤ ਮੰਤਰੀ ਅਤੇ ਸਥਾਨਕ ਸਰਕਾਰਾਂ ਮੰਤਰੀ ਨੇ ਵਾਟਰ ਸਪਲਾਈ ਜਥੇਬੰਦੀ ਦੇ ਆਗੂਆਂ ਨਾਲ ਕੀਤੀ ਮੀਟਿੰਗ

ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ , ਮੈਬਰ ਜ਼ਿਲ੍ਹਾ ਸਾਂਝ ਕੇਂਦਰ, ਮੈਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਬਰ ਵੂਮੈਨ ਕੌਸਲਿੰਗ ਸੈਲ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ, ਇਸ ਮੌਕੇ ਸਿਲਾਈ ਕਢਾਈ ਸੈਂਟਰ ਦੀ ਟੀਚਰ ਕਰਮਜੀਤ ਕੌਰ ਵਲੋਂ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ,ਵਿਸ਼ੇਸ਼ ਤੌਰ ਤੇ ਐਸ ਪੀ ਪਰਾਸ਼ਰ, ਭੁਪਿੰਦਰ ਕਰੋਜੀਵਾਲਾ,ਸਟੇਟ ਐਵਾਰਡੀ ਰੁਪਿੰਦਰ ਕੌਰ,ਰੁਦਰਪ੍ਰਤਾਪ ਸਿੰਘ , ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ, ਗੁਰਲੀਨ ਕੌਰ ਨੇ ਵੀ ਸ਼ਮੂਲੀਅਤ ਕੀਤੀ,ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਦੇ ਪ੍ਰਧਾਨ ਰਿਟਾਇਰ ਐਸ ਡੀ ਓ ਬਿਜਲੀ ਬੋਰਡ ਵਿਨੇ ਸ਼ਰਮਾ ਵਲੋ ਆਪਣੇ ਸਵਰਗੀ ਬੇਟੇ ਹਿਮਾਂਸ਼ੂ ਸ਼ਰਮਾ ਦੀ ਨਿੱਘੀ ਯਾਦ ਵਿੱਚ ਲੋੜਵੰਦ ਔਰਤਾਂ ਅਤੇ ਲੜਕੀਆਂ ਲਈ ਫਰੀ ਸਿਲਾਈ ਕਢਾਈ ਸੈਂਟਰ ਖੋਲਣਾ ਸ਼ਲਾਘਾਯੋਗ ਉਪਰਾਲਾ ਹੈ, ਉਹਨਾਂ ਕਿਹਾ ਕਿ ਔਰਤਾਂ ਅਤੇ ਲੜਕੀਆਂ ਇਸ ਸਿਲਾਈ ਕਢਾਈ ਸੈਂਟਰ ਵਿਚੋਂ ਸਿਖਲਾਈ ਲੈ ਕੇ ਆਪਣਾ ਸਵੈ ਰੋਜ਼ਗਾਰ ਚਲਾ ਸਕਦੀਆਂ ਹਨ,ਉਹਨਾਂ ਕਿਹਾ ਕਿ ਇਸ ਸੰਸਥਾ ਵਲੋਂ ਸਮੇਂ ਸਮੇਂ ਸਿਰ ਲੋੜਵੰਦ ਲੜਕੀਆਂ ਦੇ ਵਿਆਹਾ ਵਿਚ ਮਦਦ, ਲੋੜਵੰਦ ਪਰਿਵਾਰਾਂ ਨੂੰ ਰਾਸ਼ਨ, ਲੋੜਵੰਦ ਮਰੀਜ਼ਾਂ ਲਈ ਵੀਲਚੇਅਰ, ਟਰਾਈਸਾਈਕਲ, ਮੁਫ਼ਤ ਦਵਾਈਆਂ , ਲੋੜਵੰਦ ਬੱਚਿਆਂ ਲਈ ਵਰਦੀਆਂ, ਕਿਤਾਬਾਂ,ਕਾਪੀਆਂ,ਪੜਾਈ ਲਈ ਫੀਸ ਆਦਿ ਦੀ ਮਦਦ ਕੀਤੀ ਜਾਂਦੀ ਹੈ ਜੌ ਕਿ ਬਹੁਤ ਹੀ ਪ੍ਰਸੰਸਾਯੋਗ ਕਦਮ ਹੈ, ਇਸ ਮੌਕੇ ਵਿਨੇ ਸ਼ਰਮਾ ਨੇ ਕਿਹਾ ਕਿ ਉਹਨਾਂ ਵਲੋਂ ਅਤੇ ਉਹਨਾਂ ਦੀ ਸੰਸਥਾ ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਵਲੋਂ ਅੱਗੇ ਤੋਂ ਵੀ ਹਮੇਸ਼ਾ ਲੋਕ ਭਲਾਈ ਦੇ ਕੰਮਾਂ ਲਈ ਹਰ ਸੰਭਵ ਮਦਦ ਕੀਤੀ ਜਾਂਦੀ ਰਹੇਗੀ , ਅਤੇ ਸਿਲਾਈ ਕਢਾਈ ਸੈਂਟਰ ਦਾ ਕੋਰਸ ਪੂਰਾ ਹੋਣ ਤੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੀ ਦਿੱਤੇ ਜਾਣਗੇ।

## ਸੰਪਾਦਕੀ

# ਸਾਈਬਰ ਅਪਰਾਧ ਸਾਡੇ ਸਮਿਆਂ ਦਾ 'ਮੌਨ ਵਾਇਰਸ' ਬਣ ਕੇ ਉੱਭਰ ਰਿਹੈ

ਅਜਿਹੇ ਡਿਜੀਟਲ ਯੁੱਗ ਵਿੱਚ ਜਿੱਥੇ ਕਿਸੇ ਵੀ ਸਹੂਲਤ ਦੀ ਕੀਮਤ ਤਾਰਨੀ ਪੈ ਰਹੀ ਹੈ, ਸਾਈਬਰ ਅਪਰਾਧ ਸਾਡੇ ਸਮਿਆਂ ਦਾ 'ਮੌਨ ਵਾਇਰਸ' ਬਣ ਕੇ ਉੱਭਰ ਰਿਹਾ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਹਾਲ ਹੀ ਵਿੱਚ 10 ਲੱਖ ਰੁਪਏ ਦੇ ਧੋਖਾਧੜੀ ਮਾਮਲੇ ਵਿੱਚ ਜ਼ਮਾਨਤ ਤੋਂ ਨਾਂਹ ਕਰ ਕੇ ਇੱਕ ਵਾਰ ਫਿਰ ਤੋਂ ਧਿਆਨ ਸਾਈਬਰ ਅਪਰਾਧੀਆਂ ਦੀ ਵਡੇਰੀ ਪਹੁੰਚ ਅਤੇ 'ਡਿਜੀਟਲ ਭਾਰਤ' ਲਈ ਵਧ ਰਹੇ ਖ਼ਤਰੇ ਉੱਤੇ ਕੇਂਦਰਿਤ ਕੀਤਾ ਹੈ; ਨਾਲ ਹੀ ਨਿਆਂਪਾਲਿਕਾ ਦੀ ਚਿੰਤਾ ਨੂੰ ਵੀ ਉਭਾਰਿਆ ਹੈ। ਅੱਜ ਸਾਈਬਰ ਅਪਰਾਧ ਹੈਰਾਨੀਜਨਕ ਤੌਰ 'ਤੇ ਬਹੁਪੱਖੀ ਹੈ। ਫਿਸ਼ਿੰਗ ਅਤੇ ਪਛਾਣ ਸਬੰਧੀ ਜਾਣਕਾਰੀਆਂ ਦੀ ਚੋਰੀ ਤੋਂ ਲੈ ਕੇ ਆਨਲਾਈਨ ਸਟਾਕਿੰਗ ਅਤੇ ਜਬਰੀ ਵਸੂਲੀ ਤੱਕ ਸਮਾਜ ਦਾ ਕੋਈ ਵੀ ਵਰਗ ਸੁਰੱਖਿਅਤ ਨਹੀਂ ਬਚਿਆ; ਖ਼ਾਸ ਤੌਰ 'ਤੇ ਬਜ਼ੁਰਗਾਂ ਨੂੰ ਖ਼ਤਰਾ ਸਭ ਤੋਂ ਵੱਧ ਹੈ, ਜਿਨ੍ਹਾਂ ਨੂੰ ਵਿੱਤੀ ਅਪਰਾਧਾਂ ਲਈ ਤੇਜ਼ੀ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜਿਵੇਂ ਹਾਲੀਆ ਖ਼ਬਰਾਂ ਵੀ ਦਰਸਾਉਂਦੀਆਂ ਹਨ, ਡਿਜੀਟਲ ਧੋਖਾਧੜੀ ਉਨ੍ਹਾਂ ਨਾਲ ਸਭ ਤੋਂ ਜ਼ਿਆਦਾ ਹੋ ਰਹੀ ਹੈ।

'ਡਿਜੀਟਲ ਗ੍ਰਿਫ਼ਤਾਰੀ' ਨਾਲ ਜੁੜੀ ਧੋਖਾਧੜੀ ਨੇ ਇਸ ਫ਼ਰੇਬ ਵਿੱਚ ਹੋਰ ਵਾਧਾ ਕੀਤਾ ਹੈ, ਜਿੱਥੇ ਘੁਟਾਲੇਬਾਜ਼ ਲੋਕਾਂ ਤੋਂ ਪੈਸੇ ਕਢਵਾਉਣ ਲਈ ਅਧਿਕਾਰੀਆਂ ਦਾ ਰੂਪ ਧਾਰ ਰਹੇ ਹਨ। ਇਸ ਰੁਝਾਨ 'ਚ ਵਾਧੇ ਤੋਂ ਬਾਅਦ ਗੋਆ ਪੁਲੀਸ ਨੂੰ ਬੈਂਕਾਂ ਨੂੰ ਇਹ ਸੁਝਾਅ ਦੇਣਾ ਪਿਆ ਹੈ ਕਿ ਉਹ ਵੱਡੇ ਲੈਣ-ਦੇਣ ਦੀ ਸੂਚਨਾ ਪੁਲੀਸ ਨਾਲ ਸਾਂਝੀ ਕਰਨ।

ਪੁਲੀਸ ਤੇ ਹੋਰਨਾਂ ਏਜੰਸੀਆਂ ਨੂੰ ਆਈਪੀ ਲੌਗ ਅਤੇ ਕੇਵਾਈਸੀ ਵਰਗੀ ਮਹੱਤਵਪੂਰਨ ਜਾਣਕਾਰੀ ਤੱਕ ਪਹੁੰਚ ਬਣਾਉਣ 'ਚ ਦੇਰ ਹੋ ਜਾਂਦੀ ਹੈ, ਜਦੋਂਕਿ ਸਾਈਬਰ ਅਪਰਾਧੀ ਉਨ੍ਹਾਂ ਤੋਂ ਕਈ ਕਦਮ ਅੱਗੇ ਹੁੰਦੇ ਹਨ। ਫਿਰ ਵੀ ਹੁਣ ਤਾਲਮੇਲ ਨਾਲ ਕਾਰਵਾਈ ਪਹਿਲਾਂ ਨਾਲੋਂ ਵੱਧ ਹੋ ਰਹੀ ਹੈ। ਬੈਂਕ ਅਤੇ ਪੁਲੀਸ 'ਚ ਸਹਿਯੋਗ ਵਧ ਰਿਹਾ ਹੈ। ਜਾਗਰੂਕਤਾ ਮੁਹਿੰਮਾਂ ਵੀ ਚਲਾਈਆਂ ਜਾ ਰਹੀਆਂ ਹਨ- ਜਿਵੇਂ ਹਾਲ ਹੀ ਵਿੱਚ ਹਿਮਾਚਲ ਪ੍ਰਦੇਸ਼ ਦੇ ਪੋਰਟਮੋਰ ਵਰਗੇ ਛੋਟੇ ਜਿਹੇ ਕਸਬੇ ਵਿੱਚ ਲੋਕਾਂ ਨੂੰ ਇਸ ਬਾਰੇ ਚੌਕਸ ਕੀਤਾ ਗਿਆ। ਇਸ ਤਰ੍ਹਾਂ ਨਾਗਰਿਕਾਂ 'ਚ ਗਿਆਨ ਦਾ ਪਾੜਾ ਘਟ ਰਿਹਾ ਹੈ ਪਰ ਸਿਰਫ਼ ਢਾਂਚਾਗਤ ਯਤਨ ਹੀ ਕਾਫ਼ੀ ਨਹੀਂ ਹੋਣਗੇ। ਰੋਕਥਾਮ ਵਿੱਚ ਲੋਕਾਂ ਨੂੰ ਵੀ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਆਪਣੇ ਆਪ ਨੂੰ ਬਚਾਉਣ ਲਈ ਚੁੱਕੇ ਗਏ ਸਾਧਾਰਨ ਜਿਹੇ ਕਦਮ ਵੀ ਅੱਗੇ ਜਾ ਕੇ ਮਦਦਗਾਰ ਸਾਬਿਤ ਹੋ ਸਕਦੇ ਹਨ: ਫੋਨ ਕਾਲਾਂ 'ਤੇ ਕਦੇ ਵੀ ਨਿੱਜੀ ਜਾਣਕਾਰੀ ਜਾਂ ਓਟੀਪੀ ਸਾਂਝੇ ਨਾ ਕਰੋ; ਸ਼ੱਕੀ ਲਿੰਕਾਂ 'ਤੇ ਕਲਿੱਕ ਕਰਨ ਤੋਂ ਬਚੋ; ਪਾਸਵਰਡ ਨਿਯਮਿਤ ਤੌਰ 'ਤੇ ਬਦਲਦੇ ਰਹੋ; ਐਂਟੀ-ਵਾਇਰਸ ਸੌਫਟਵੇਅਰ ਅਤੇ ਫਾਇਰਵਾਲ ਲਗਾ ਕੇ ਰੱਖੋ; ਅਣਜਾਣ ਨੰਬਰ ਬਲੌਕ ਕਰੋ; ਐਪਸ 'ਤੇ ਕਾਲਰ ਆਈਡੀ ਲਾ ਕੇ ਰੱਖੋ ਤੇ ਸ਼ੱਕੀ ਗਤੀਵਿਧੀ ਦੀ ਜਾਣਕਾਰੀ ਵੀ ਤੁਰੰਤ ਸਾਂਝੀ ਕਰੋ।

ਸੰਭਾਵਨਾ ਹੈ ਕਿ ਸਾਲ 2025 ਤੱਕ ਆਲਮੀ ਪੱਧਰ ਉੱਤੇ ਸਾਈਬਰ ਅਪਰਾਧ ਸਾਲਾਨਾ 10.5 ਖ਼ਰਬ ਡਾਲਰ ਨੂੰ ਛੂਹ ਜਾਵੇਗਾ, ਭਾਰਤ ਦਾ ਉਤਸ਼ਾਹੀ ਡਿਜੀਟਲ ਇਨਕਲਾਬ ਮਜ਼ਬੂਤ ਸੁਰੱਖਿਆ ਪਰਤ ਤੋਂ ਬਿਨਾਂ ਨਾਕਾਮ ਹੋ ਸਕਦਾ ਹੈ। ਸਾਈਬਰ ਸੁਰੱਖਿਆ ਨੂੰ ਹਰ ਕਲਿੱਕ ਨਾਲ ਸਿਰਫ਼ ਤਕਨੀਕੀ ਹਿਫਾਜ਼ਤ ਵਜੋਂ ਨਹੀਂ, ਬਲਕਿ ਨਾਗਰਿਕ ਜ਼ਿੰਮੇਵਾਰੀ ਵਜੋਂ ਲਿਆ ਜਾਣਾ ਚਾਹੀਦਾ ਹੈ।

# ਚਚੇਰੇ ਭਰਾਵਾਂ ਊਧਵ ਤੇ ਰਾਜ ਠਾਕਰੇ ਦਾ ਮੇਲ

ਸ਼ਿਵ ਸੈਨਾ ਦੇ ਇੱਕ ਧੜੇ ਦੇ ਮੁਖੀ ਊਧਵ ਠਾਕਰੇ ਅਤੇ ਮਹਾਰਾਸ਼ਟਰ ਨਵਨਿਰਮਾਣ ਸੈਨਾ ਦੇ ਮੁਖੀ ਰਾਜ ਠਾਕਰੇ ਵੱਲੋਂ ਹਤਾਸ਼ਾ 'ਚ ਖੇਡਿਆ ਗਿਆ ਇਹ ਆਖ਼ਿਰੀ ਦਾਅ ਹੈ। ਲੰਮਾ ਸਮਾਂ ਇੱਕ-ਦੂਜੇ ਤੋਂ ਦੂਰ ਰਹੇ ਤੇ ਵਰਤਮਾਨ 'ਚ ਆਪਣੀਆਂ ਪਾਰਟੀਆਂ ਦੀ ਹੋਂਦ ਬਰਕਰਾਰ ਰੱਖਣ ਲਈ ਸੰਘਰਸ਼ ਕਰ ਰਹੇ, ਚਚੇਰੇ ਭਰਾ ਸ਼ਨਿਚਰਵਾਰ ਨੂੰ ਮੁੰਬਈ ਦੀ ਰੈਲੀ ਵਿੱਚ ਕਰੀਬ ਦੋ ਦਹਾਕਿਆਂ ਬਾਅਦ ਪਹਿਲੀ ਵਾਰ ਇੱਕੋ ਮੰਚ 'ਤੇ ਇਕੱਠੇ ਨਜ਼ਰ ਆਏ। ਉਨ੍ਹਾਂ ਇਸ ਨੂੰ 'ਜੇਤੂ' ਰੈਲੀ ਕਰਾਰ ਦਿੱਤਾ ਕਿਉਂਕਿ ਇਹ ਭਾਜਪਾ ਦੀ ਅਗਵਾਈ ਵਾਲੀ ਰਾਜ ਸਰਕਾਰ ਵੱਲੋਂ ਤੀਜੀ ਭਾਸ਼ਾ ਵਜੋਂ ਹਿੰਦੀ ਦੀ ਸ਼ੁਰੂਆਤ ਦਾ ਫ਼ੈਸਲਾ ਪਲਟੇ ਜਾਣ ਤੋਂ ਕੁਝ ਦਿਨਾਂ ਬਾਅਦ ਹੋਈ ਹੈ।

ਸ਼ਿਵ ਸੈਨਾ ਬਾਨੀ ਬਾਲਾ ਸਾਹਿਬ ਠਾਕਰੇ ਦਾ ਪੁੱਤਰ ਊਧਵ ਅਤੇ ਭਤੀਜਾ ਰਾਜ ਆਪਣੇ ਸਿਆਸੀ ਨਸੀਬ ਨੂੰ ਮੁੜ ਚਮਕਾਉਣ ਲਈ 'ਮਰਾਠੀ ਮਾਨੂਸ਼' ਦੇ ਪੱਤੇ ਉੱਤੇ ਨਿਰਭਰ ਕਰ ਰਹੇ ਹਨ। ਉਹ ਭਾਜਪਾ ਉੱਤੇ ਮਹਾਰਾਸ਼ਟਰ ਵਾਸੀਆਂ ਨੂੰ ਇੱਕ ਜਾਂ ਦੂਜੇ ਬਹਾਨੇ ਵੰਡਣ ਦਾ ਦੋਸ਼ ਲਾ ਰਹੇ ਹਨ; ਹਾਲਾਂਕਿ ਉਨ੍ਹਾਂ ਦੀ ਲੜਾਈ ਸਿਰਫ਼ ਭਗਵਾ ਪਾਰਟੀ ਦੇ ਖ਼ਿਲਾਫ਼ ਹੀ ਨਹੀਂ ਸਗੋਂ ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ 'ਅਧਿਕਾਰਤ' ਸ਼ਿਵ ਸੈਨਾ ਦੇ ਖ਼ਿਲਾਫ਼ ਵੀ ਹੈ। ਇਹ ਸ਼ਿੰਦੇ ਹੀ ਸਨ ਜਿਨ੍ਹਾਂ 2022 ਵਿੱਚ ਭਾਜਪਾ ਨਾਲ ਹੱਥ ਮਿਲਾ ਕੇ ਊਧਵ ਦੀ ਅਗਵਾਈ ਵਾਲੀ ਮਹਾਵਿਕਾਸ ਅਗਾੜੀ (ਐੱਮਵੀਏ) ਸਰਕਾਰ ਤੋੜ ਦਿੱਤੀ ਸੀ। ਠਾਕਰੇ ਭਰਾਵਾਂ ਦੀ ਮੁੜ ਮਿਲਣੀ ਦਾ ਮਤਲਬ ਹੈ ਕਿ ਸ਼ਿੰਦੇ ਹੁਣ ਮਰਾਠੀ ਵੋਟਾਂ ਨੂੰ ਹਲਕੇ ਵਿੱਚ ਨਹੀਂ ਲੈ ਸਕਦੇ।

ਮਹਾਰਾਸ਼ਟਰ ਵਿੱਚ ਦੋਵੇਂ ਗੱਠਜੋੜ- ਸੱਤਾਧਾਰੀ ਮਹਾਯੁਤੀ ਅਤੇ ਵਿਰੋਧੀ ਧਿਰ ਦਾ ਐੱਮਵੀਏ- ਅੰਦਰੂਨੀ ਮਤਭੇਦਾਂ ਨਾਲ ਘਿਰੇ ਹੋਏ ਹਨ। ਸੂਬੇ ਦੀ ਰਾਜਨੀਤੀ ਨੇ ਹਾਲ ਹੀ ਦੇ ਸਾਲਾਂ ਵਿੱਚ ਕਈ ਉਤਰਾਅ-ਚੜ੍ਹਾਅ ਦੇਖੇ ਹਨ ਅਤੇ ਰਾਜ ਭਰ ਵਿੱਚ ਹੋਣ ਵਾਲੀਆਂ ਸਥਾਨਕ ਇਕਾਈਆਂ ਦੀਆਂ ਚੋਣਾਂ ਦੇ ਮੱਦੇਨਜ਼ਰ ਅਗਲੇ ਕੁਝ ਮਹੀਨਿਆਂ ਵਿੱਚ ਹੋਰ ਉਤਰਾਅ-ਚੜ੍ਹਾਅ ਦੀ ਉਮੀਦ ਵੀ ਕੀਤੀ ਜਾ ਰਹੀ ਹੈ।

ਠਾਕਰੇ ਭਰਾਵਾਂ ਦਾ ਫੌਰੀ ਟੀਚਾ ਮੁੰਬਈ ਦੀ ਵੱਕਾਰੀ ਮਿਉਂਸਿਪਲ ਕਾਰਪੋਰੇਸ਼ਨ ਵਿੱਚ ਪੈਰ ਜਮਾਉਣਾ ਹੈ, ਜਦੋਂਕਿ ਸ਼ਿੰਦੇ ਦੇ ਸ਼ਿਵ ਸੈਨਾ ਧੜੇ ਦਾ ਮਾੜਾ ਪ੍ਰਦਰਸ਼ਨ ਉਸ ਦੇ ਦਰਜੇ ਨੂੰ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਮੁਕਾਬਲੇ ਕਮਜ਼ੋਰ ਕਰ ਸਕਦਾ ਹੈ। ਉਂਝ ਇਹ ਵੀ ਸੋਚਣ ਵਾਲੀ ਗੱਲ ਹੈ ਕਿ ਕੀ ਊਧਵ ਧੜਾ ਆਪਣੇ ਐੱਮਵੀਏ ਦੇ ਸਹਿਯੋਗੀਆਂ ਕਾਂਗਰਸ ਅਤੇ ਸ਼ਰਦ ਪਵਾਰ ਦੀ ਅਗਵਾਈ ਵਾਲੀ ਐੱਨਸੀਪੀ ਦੇ ਸਮਰਥਨ ਤੋਂ ਬਿਨਾਂ ਇਹ ਕਦਮ ਚੁੱਕੇਗਾ ?

ਆਸ ਹੈ ਕਿ ਕਾਂਗਰਸ ਵੀ ਕੁਝ ਨਗਰ ਨਿਗਮ ਚੋਣਾਂ ਇਕੱਲਿਆਂ ਲੜ ਸਕਦੀ ਹੈ। ਤੇਜ਼ੀ ਨਾਲ ਬਦਲ ਰਹੇ ਸਮੀਕਰਨ ਊਧਵ ਅਤੇ ਰਾਜ ਦਾ ਇਕਜੁੱਟ ਰਹਿਣਾ ਅਤੇ ਬਾਲਾ ਸਾਹਿਬ ਦੀ ਵਿਰਾਸਤ ਦਾ ਲਾਭ ਉਠਾਉਣਾ ਮੁਸ਼ਕਿਲ ਕਰ ਦੇਣਗੇ।

# ਸਿਹਤ ਵਿਭਾਗ ਵੱਲੋਂ ਮਨਾਈ ਜਾ ਰਹੀ ਹੈ "ਦਸਤ ਰੋਕੂ ਮੁਹਿੰਮ"

**ਬਰਨਾਲਾ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਬਰਨਾਲਾ ਡਾ. ਬਲਜੀਤ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਬਰਨਾਲਾ ਵੱਲੋਂ ਪੰਜਾਬ ਸਰਕਾਰ ਦੇ ਹੁਕਮਾਂ ਅਧੀਨ ਦਸਤ ਰੋਕੂ ਮੁਹਿੰਮ ਮਨਾਈ ਜਾ ਰਹੀ ਹੈ।
ਉਨ੍ਹਾਂ ਦੱਸਿਆ ਕਿ ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ, ਭਵਿੱਖ ਤਾਂ ਹੀ ਉਂਜਲਾ ਹੋਵੇਗਾ ਜੇਕਰ ਉਹ ਤੰਦਰੁਸਤ ਹੋਵੇਗਾ, ਇਸ ਟੀਚੇ ਨੂੰ ਮੁੱਖ ਰੱਖਦਿਆਂ "ਜੁਲਾਈ ਮਹੀਨਾ ਦਸਤ ਰੋਕੂ ਮੁਹਿੰਮ ਵਜੋਂ ਨਰਸਿੰਗ ਵਿਦਿਆਰਥਿਆਂ ਅਤੇ ਆਸ਼ਾ ਵਰਕਰਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।



ਸਿਵਲ ਸਰਜਨ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਪੰਜ ਸਾਲ ਤੋਂ ਛੋਟੇ ਬੱਚਿਆਂ ਦੀ ਮੌਤ ਦਰ ਨੂੰ ਘਟਾਉਣਾ ਹੈ ਅਤੇ ਦਸਤ ਰੋਗ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਨੂੰ ਜ਼ੀਰੋ 'ਤੇ ਲਿਆਉਣਾ ਹੈ। ਸੰਸਾਰ ਵਿਚ ਹਰ ਸਾਲ 0 ਤੋਂ 5 ਸਾਲ ਤੱਕ ਦੇ ਬੱਚਿਆਂ ਦੀਆਂ ਦੋ ਲੱਖ ਮੌਤਾਂ ਕੇਵਲ ਦਸਤ ਰੋਗ ਕਾਰਨ ਹੀ ਹੁੰਦੀਆਂ ਹਨ, ਜਿਨ੍ਹਾਂ ਵਿਚੋਂ ਇਕ ਲੱਖ ਮੌਤਾਂ ਕੇਵਲ ਭਾਰਤ ਵਿੱਚ ਹੀ ਹੁੰਦੀਆਂ ਹਨ ।

ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਗੁਰਬਿੰਦਰ ਕੌਰ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਘਰ-ਘਰ ਵਿਚ ਜਿੱਥੇ 0 ਤੋਂ 5 ਸਾਲ ਤੱਕ ਛੋਟੇ ਬੱਚੇ ਹਨ, ਆਸ਼ਾ ਵਲੋਂ ਓ.ਆਰ.ਐਸ. ਦੇ ਪੈਕਟ ਮੁਫ਼ਤ ਵੰਡੇ ਜਾ ਰਹੇ ਹਨ ਅਤੇ ਦਸਤ ਹੋਣ ਦੀ ਹਾਲਤ ਵਿਚ ਜ਼ਿੰਕ ਦੀਆਂ ਗੋਲੀਆਂ ਮੁਫ਼ਤ ਦਿੱਤੀਆਂ ਜਾਣਗੀਆਂ।

ਜ਼ਿਲ੍ਹਾ ਬੀ.ਸੀ.ਸੀ. ਕੋਆਰਡੀਨੇਟਰ ਹਰਜੀਤ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਦੇ ਮਾਸ ਮੀਡੀਆ ਵਿੰਗ ਵੱਲੋਂ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਦਸਤ ਰੋਕੂ ਪੰਦਰਵਾੜੇ ਸੰਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਸੰਚਾਰ ਦੇ ਵੱਖ ਵੱਖ ਸਾਧਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ ਤਾਂ ਜੋ ਆਮ ਲੋਕ ਤੱਕ ਮਹੀਨਾ ਭਰ ਚਲਾਈ ਜਾ ਰਹੀ ਮੁਹਿੰਮ ਦੀ ਮਹੱਤਤਾ ਬਾਰੇ ਸੰਦੇਸ਼ ਘਰ ਘਰ ਤੱਕ ਪਹੁੰਚ ਸਕੇ।

# ਫੂਡ ਸੇਫਟੀ ਟੀਮ ਵਲੋਂ ਖਾਧ ਪਦਾਰਥਾਂ ਦੀ ਕੀਤੀ ਜਾਂਚ

**ਬਰਨਾਲਾ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਬਰਨਾਲਾ ਦੀ ਫੂਡ ਸੇਫ਼ਟੀ ਟੀਮ ਵੱਲੋਂ ਡਿਪਟੀ ਕਮਿਸ਼ਨਰ ਸ੍ਰੀ ਟੀ. ਬੈਨਿਥ ਦੇ ਦਿਸ਼ਾ ਨਿਰਦੇਸ਼ ਅਤੇ ਡਾ. ਬਲਜੀਤ ਸਿੰਘ ਸਿਵਲ ਸਰਜਨ ਬਰਨਾਲਾ ਦੀ ਅਗਵਾਈ ਹੇਠ ਜ਼ਿਲ੍ਹੇ ਵਿਚ ਖਾਣ ਪੀਣ ਵਾਲੀਆਂ ਚੀਜ਼ਾਂ ਦੀ ਗੁਣਵੱਤਾ ਚੈੱਕ ਕਰਨ ਲਈ ਚੈਕਿੰਗ ਕੀਤੀ ਜਾ ਰਹੀ ਹੈ।

ਇਸੇ ਲੜੀ ਤਹਿਤ ਸਿਹਤ ਵਿਭਾਗ ਬਰਨਾਲਾ ਦੀ ਫੂਡ ਸੇਫ਼ਟੀ ਟੀਮ ਵੱਲੋ ਡਾ. ਜਸਪ੍ਰੀਤ ਸਿੰਘ ਜ਼ਿਲ੍ਹਾ ਸਿਹਤ ਅਫ਼ਸਰ ਬਰਨਾਲਾ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਸੈਂਪਲਿੰਗ ਕੀਤੀ ਗਈ।

ਇਸ ਸਬੰਧੀ ਮੈਡਮ ਸੀਮਾ ਰਾਣੀ ਫੂਡ ਸੇਫ਼ਟੀ ਅਫ਼ਸਰ ਨੇ ਦੱਸਿਆ ਕਿ ਟੀਮ ਵਲੋਂ ਸ਼ਹਿਰ ਦੇ ਵੱਖ ਵੱਖ ਫੂਡ ਸਪਲੀਮੈਂਟ ਸਟੋਰਾਂ ਤੋਂ 3 ਫੂਡ ਸਪਲੀਮੈਂਟ ਦੇ ਸੈਂਪਲ ਲਏ ਗਏ।
ਮੈਡਮ ਸੀਮਾ ਨੇ ਦੱਸਿਆ ਕਿ ਇਹ ਸੈਂਪਲਿੰਗ ਮਾਰਕਿਟ ਵਿੱਚ ਘਟੀਆ ਮਿਆਰ ਅਤੇ ਨਕਲੀ ਵਿਕਣ ਵਾਲੇ ਫੂਡ ਸਪਲੀਮੈਂਟਾਂ ਦੀ ਜਾਂਚ ਕਰਨ ਲਈ ਕੀਤੀ ਗਈ ਹੈ ਤਾਂ ਜੋ ਆਮ ਲੋਕਾਂ ਤੱਕ ਉੱਚ ਮਿਆਰ ਦੇ ਸਪਲੀਮੈਂਟ ਮੁਹੱਈਆ ਹੋ ਸਕਣ ਅਤੇ ਆਮ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਸਪਲੀਮੈਂਟ ਸਟੋਰਾਂ ਨੂੰ ਨੱਥ ਪਾਈ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ 3 ਹੋਰ ਸੈਂਪਲ ਜਿਸ ਵਿੱਚ 1 ਘਿਓ ਅਤੇ 2 ਪਨੀਰ ਦੇ ਲਏ ਗਏ ਹਨ। ਸਾਰੇ ਸੈਂਪਲ ਸੀਲ ਕਰਨ ਉਪਰੰਤ ਫੂਡ ਐਨਾਲਿਸਟ ਪੰਜਾਬ ਖਰੜ ਲੈਬ ਵਿਖੇ ਭੇਜੇ ਜਾ ਚੁੱਕੇ ਹਨ ਜਿਨ੍ਹਾਂ ਦੀਆਂ ਨਤੀਜਾ ਰਿਪੋਰਟਾਂ ਆਉਣ ਉਪਰੰਤ ਫੂਡ ਸੇਫ਼ਟੀ ਐਕਟ ਅਧੀਨ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।




# ਸਰਕਾਰੀ ਪ੍ਰਾਇਮਰੀ ਸਕੂਲ ਹੈਦਰ ਨਗਰ ਵਿਖੇ ਲਗਾਇਆ ਗਿਆ ਸਮਰ ਕੈਂਪ



**ਮਲੇਰਕੋਟਲਾ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗਰਮੀ ਦੇ ਛੁੱਟੀਆਂ ਦਾ ਚਾਅ ਹਰ ਇੱਕ ਬੱਚੇ ਨੂੰ ਹੁੰਦਾ ਹੈ। ਜਿਵੇਂ ਹੀ ਛੁੱਟੀਆਂ ਨੇੜੇ ਆਉਂਦੀਆਂ ਹਨ ,ਬੱਚਿਆਂ ਅੰਦਰ ਇੱਕ ਵੱਖਰਾ ਚਾਅ ਵੇਖਣ ਨੂੰ ਮਿਲਦਾ ਹੈ, ਕਈ ਬੱਚੇ ਨਾਨੀ ਘਰ ਜਾਂਦੇ ਹਨ ,ਕਈ ਮਾਸੀ ਕੋਲ ਜਾਂ ਹੋਰ ਵੱਖ ਵੱਖ ਰਿਸ਼ਤੇਦਾਰੀਆਂ ਵਿੱਚ ਜਾਂਦੇ ਹਨ, ਪਰ ਹੈਦਰ ਨਗਰ ਦੇ ਬੱਚਿਆਂ ਵਿੱਚ ਇੱਕ ਵਿਲੱਖਣ ਗੱਲ ਹੈ ,ਜੋ ਉਹਨਾਂ ਦੇ ਅੰਦਰ ਸਿੱਖਣ ਦੀ ਗੱਲ ਹੈ ਉਹ ਸਭ ਤੋਂ ਵਧੀਆ ਗੱਲ ਹੈ।

ਇਸੇ ਕਰਕੇ ਸਰਕਾਰੀ ਪ੍ਰਾਇਮਰੀ ਸਕੂਲ ਹੈਦਰ ਨਗਰ ਵਿਖੇ ਸਮਰ ਕੈਂਪ18ਜੂਨ ਤੋਂ 28ਜੂਨ ਤੱਕ ਆਯੋਜਨ ਕੀਤਾ ਗਿਆ। ਜਿਸ ਵਿਚ ਬੱਚਿਆਂ ਨੇ 10ਦਿਨ ਚੱਲੇ ਸਮਰ ਕੈਂਪ ਵਿੱਚ ਵੱਖ ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਕੀਤੀਆਂ ਸਕੂਲ ਮੁਖੀ ਮੁਹੰਮਦ ਰਮਜ਼ਾਨ ਜੀ ਨੇ ਬੱਚਿਆਂ ਨੂੰ ਮਿਡ ਡੇ ਮੀਲ ਦੇ ਨਾਲ ਨਾਲ ਤਰ੍ਹਾਂ ਤਰ੍ਹਾਂ ਦੇ ਪਕਵਾਨ ,ਫਰੂਟ ਵੀ ਖਵਾਏ ਜਿਸ ਨੂੰ ਖਾ ਕਿ ਬੱਚੇ ਬਹੁਤ ਖੁਸ਼ ਹੋਏ।

ਬੱਚਿਆਂ ਨੇ ਡਰਾਇੰਗ, ਚਿੱਤਰਕਾਰੀ, ਸੁੰਦਰ ਲਿਖਾਈ ਪੌਦਿਆਂ ਦੀ ਸਾਂਭ ਸੰਭਾਲ, ਵੱਖ ਵੱਖ ਤਰ੍ਹਾਂ ਦੇ ਪਕਵਾਨ ਬਣਾਉਣੇ ਸਿਖਾਏ, ਘਰ ਦੀ ਸਕੂਲ ਦੀ ਸਾਫ ਸਬੰਧੀ ਗੱਲਾਂ ਦੱਸੀਆਂ, ਗਿੱਧਾ ਭੰਗੜਾ , ਫੈਂਸੀ ਡਰੈਸ ਮੁਕਾਬਲੇ ਬਹੁਤ ਵਧੀਆ ਕੀਤੇ ਸਮੂਹ ਸਟਾਫ ਵੱਲੋਂ ਬੱਚਿਆਂ ਨਾਲ ਰਲ ਕੇ ਵੱਖ ਵੱਖ ਗਤੀਵਿਧੀਆਂ ਕੀਤੀਆਂ।

ਇਸੇ ਤਰ੍ਹਾਂ ਦੇ ਸਮਰ ਕੈਂਪ ਦਾ ਬੱਚਿਆਂ ਨੂੰ ਉੱਪਰ ਬਹੁਤ ਵਧੀਆ ਪ੍ਰਭਾਵ ਵੇਖਣ ਨੂੰ ਮਿਲਿਆ ਅਤੇ ਬੱਚਿਆਂ ਨੇ ਪੂਰਾ ਹਫਤਾ ਬਹੁਤ ਖੁਸ਼ ਹੋ ਕੇ ਸਮਰ ਕੈਂਪ ਦਾ ਆਨੰਦ ਮਾਣਿਆ।

# ਸੜਕਾਂ ਤੇ ਕੂੜਾ ਸੁੱਟਣ ਵਾਲਿਆਂ ਦੇ ਕੀਤੇ ਜਾਣਗੇ ਚਲਾਨ: ਕਮਿਸ਼ਨਰ ਨਗਰ ਨਿਗਮ




**ਅੰਮ੍ਰਿਤਸਰ 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਡਾ. ਅਜੇ ਗੁਪਤਾ ਨੇ ਅੱਜ ਡਿਪਟੀ ਕਮਿਸ਼ਨਰ ਸ਼੍ਰੀਮਤੀ ਸਾਕਸ਼ੀ ਸਾਹਨੀ, ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ, ਪੀਐਸਪੀਸੀਐਲ ਅਧਿਕਾਰੀਆਂ, ਨਗਰ ਨਿਗਮ ਅਧਿਕਾਰੀਆਂ ਅਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਵਿਧਾਇਕ ਡਾ. ਅਜੇ ਗੁਪਤਾ ਨੇ ਕਿਹਾ ਕਿ ਕੇਂਦਰੀ ਵਿਧਾਨ ਸਭਾ ਹਲਕੇ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਪੱਕੇ ਤੌਰ ਤੇ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਾ ਆਵੇ। ਉਨ੍ਹਾਂ ਅਧਿਕਾਰੀਆਂ ਨੂੰ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਜਾਣਕਾਰੀ ਦਿੱਤੀ। ਜਿਸ ਵਿੱਚ ਜਿਹੜੇ ਟਿਊਬਵੈੱਲ ਕੰਮ ਨਹੀਂ ਕਰ ਰਹੇ ਹਨ, ਉਨ੍ਹਾਂ ਨੂੰ ਇੱਕ ਹਫ਼ਤੇ ਦੇ ਅੰਦਰ-ਅੰਦਰ ਸਹੀ ਕਰਨ ਲਈ ਕਿਹਾ ਗਿਆ ਉਨ੍ਹਾਂ ਅਧਿਕਾਰੀਆਂ ਨੂੰ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਖਰਾਬ ਲਗਭਗ 383 ਸਟਰੀਟ ਲਾਈਟ ਪੁਆਇੰਟਾਂ ਦੀ ਜਲਦੀ ਤੋਂ ਜਲਦੀ ਸਹੀ ਕਰਨ ਦੇ ਨਿਰਦੇਸ਼ ਵੀ ਦਿੱਤੇ। ਵਿਧਾਇਕ ਡਾ. ਅਜੇ ਗੁਪਤਾ ਨੇ ਸ੍ਰੀ ਦਰਬਾਰ ਸਾਹਿਬ ਵੱਲ ਜਾਣ ਵਾਲੇ 4 ਰਾਡੀਅਲਸ ਰੋਡ ਨੂੰ ਸ਼ੁਰੂ ਕਰਨ ਲਈ ਨਿਗਮ ਕਮਿਸ਼ਨਰ ਨਾਲ ਵਿਸਥਾਰਪੂਰਵਕ ਗੱਲਬਾਤ ਕੀਤੀ। ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਇਨ੍ਹਾਂ ਸੜਕਾਂ ਨੂੰ ਬਣਾਉਣ ਲਈ ਨਿਗਮ ਵੱਲੋਂ ਇੱਕ ਆਰਕੀਟੈਕਟ ਨੂੰ ਨਿਯੁਕਤ ਕੀਤਾ ਗਿਆ ਹੈ। ਆਰਕੀਟੈਕਟ ਵੱਲੋਂ ਇਨ੍ਹਾਂ ਸੜਕਾਂ ਦੇ ਡਰਾਇੰਗ ਬਣਾਏ ਜਾ ਰਹੇ ਹਨ। ਡਰਾਇੰਗ ਤਿਆਰ ਹੋਣ ਤੋਂ ਬਾਅਦ, ਅਗਲੇ 1 ਮਹੀਨੇ ਦੇ ਅੰਦਰ ਇਨ੍ਹਾਂ ਸੜਕਾਂ ਦਾ ਉਦਘਾਟਨ ਕਰਕੇ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਵਿਧਾਇਕ ਗੁਪਤਾ ਨੇ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਟੁੱਟੀਆਂ ਸੜਕਾਂ ਬਾਰੇ ਦੱਸਿਆ ਤਾਂ ਨਿਗਮ ਕਮਿਸ਼ਨਰ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸੜਕਾਂ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਵਿਧਾਇਕ ਡਾ. ਅਜੇ ਗੁਪਤਾ ਨੇ ਕਿਹਾ ਕਿ ਪਹਿਲਾਂ ਸਫਾਈ ਪ੍ਰਣਾਲੀ ਠੀਕ ਸੀ, ਹੁਣ ਸਫਾਈ ਪ੍ਰਣਾਲੀ ਸਹੀ ਢੰਗ ਨਾਲ ਕੰਮ ਨਹੀਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਫਾਈ ਪ੍ਰਣਾਲੀ ਸਬੰਧੀ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਘਰ-ਘਰ ਕੂੜਾ ਇਕੱਠਾ ਕਰਨ ਲਈ ਵਾਹਨਾਂ ਦੀ ਗਿਣਤੀ ਵੀ ਵਧਾਈ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਲੋਕਾਂ ਨੂੰ ਦਰਪੇਸ਼ ਸਾਰੀਆਂ ਸਮੱਸਿਆਵਾਂ ਦੱਸੀਆਂ ਗਈਆਂ ਹਨ।

ਕਮਿਸ਼ ?ਨਰ ਨਗਰ ਨਿਗਮ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਫਾਈ ਪ੍ਰਣਾਲੀ ਵਿੱਚ ਵੀ ਸੁਧਾਰ ਕੀਤਾ ਜਾਵੇਗਾ। ਸਫਾਈ ਵਿਵਸਥਾ ਲਈ ਸ਼ਹਿਰ ਵਾਸੀਆਂ ਦਾ ਸਹਿਯੋਗ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਗੰਦਗੀ ਫੈਲਾਉਣ ਵਾਲਿਆਂ ਦੇ ਚਲਾਨ ਕੀਤੇ ਜਾ ਰਹੇ ਹਨ। ਇਸ ਵੇਲੇ ਗੰਦਗੀ ਫੈਲਾਉਣ ਵਾਲੇ 200 ਤੋਂ ਵੱਧ ਲੋਕਾਂ ਦੇ ਚਲਾਨ ਕੀਤੇ ਜਾ ਚੁੱਕੇ ਹਨ।

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕਿਹਾ ਕਿ ਵਿਧਾਇਕ ਡਾ. ਅਜੇ ਗੁਪਤਾ ਵੱਲੋਂ ਦੱਸੀਆਂ ਗਈਆਂ ਸਾਰੀਆਂ ਸਮੱਸਿਆਵਾਂ ਲਿਖਤੀ ਰੂਪ ਵਿੱਚ ਅਧਿਕਾਰੀਆਂ ਨੂੰ ਦੱਸੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਸ਼੍ਰੀਮਤੀ ਸਾਕਸ਼ੀ ਸਾਹਨੀ ਨੇ ਕਿਹਾ ਕਿ 1 ਮਹੀਨੇ ਬਾਅਦ ਕੇਂਦਰੀ ਵਿਧਾਨ ਸਭਾ ਹਲਕੇ ਦੀਆਂ ਸਮੱਸਿਆਵਾਂ ਸਬੰਧੀ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨਾਲ ਇੱਕ ਹੋਰ ਮੀਟਿੰਗ ਹੋਵੇਗੀ ਅਤੇ ਕੀਤੇ ਗਏ ਕੰਮਾਂ ਦਾ ਜਾਇਜ਼ਾ ਲਿਆ ਜਾਵੇਗਾ। ਉਨ੍ਹਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਕਿਹਾ ਕਿ ਸ਼ਹਿਰ ਵਿਚ ਜੋ ਟਿਊਬਵੈੱਲ ਲਗਾਏ ਗਏ ਹਨ ਦੇ ਤਸੱਲੀਬਖਸ਼ ਕੰਮ ਕਰਨ ਦੇ ਸਰਟੀਫਿਕੇਟ ਸਬੰਧਤ ਅਧਿਕਾਰੀਆਂ ਤੋ ਲਏ ਜਾਣ ਅਤੇ ਸਰਟੀਫਿਕੇਟ ਪ੍ਰਾਪਤ ਹੋਣ ਉਪਰੰਤ ਹੀ ਸਬੰਧਤ ਠੇਕੇਦਾਰ ਨੂੰ ਅਦਾਇਗੀ ਕੀਤੀ ਜਾਵੇ।

ਇਸ ਮੀਟਿਗ ਵਿਚ ਐਸ. ਸੀ ਲੈਂਡ ਡਿਪੈਲਪਮੈਂਟ ਬੋਰਡ ਦੇ ਡਾਇਰੈਕਟਰ ਸ਼ ?ਰੀ ਰਵਿੰਦਰ ਹੰਸ ਨਗਰ ਨਿਗਮ ਦੇ ਐਸ. ਈ ਸੰਦੀਪ ਸਿੰਘ ਤੋ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਨੈਸ਼ਨਲ ਲੋਕ ਅਦਾਲਤ ਅਤੇ ਹੋਰ ਸਕੀਮਾਂ/ਸੇਵਾਵਾਂ ਸਬੰਧੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨ ਤਾਰਨ ਵੱਲੋਂ ਲੋਕਾਂ ਨੂੰ ਕੀਤਾ ਗਿਆ ਜਾਗਰੂਕ

**ਅੰਮ੍ਰਿਤਸਰ 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ, ਨਿਊ ਦਿੱਲੀ ਜੀਆਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ ਐਸ ਨਗਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਸ਼ ?ਰੀ ਕੰਵਲਜੀਤ ਸਿੰਘ ਬਾਜਵਾ, ਜਿਲ੍ਹਾ ਅਤੇ ਸ਼ੈਸਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ, ਸੀ ਜੇ ਐਮ-ਕਮ ਸਕੱਤਰ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਵੱਲੋਂ ਜ਼ਿਲ੍ਹਾ ਪੱਧਰ ਅਤੇ ਸਬ ਡਵੀਜਨ ਪੱਧਰ ਤੇ ਸਾਲ 2025 ਦੀ ਤੀਜੀ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਮਿਤੀ 13.09.2025 ਨੂੰ ਕੀਤਾ ਜਾ ਰਿਹਾ ਹੈ। ਇਸ ਲੋਕ ਅਦਾਲਤ ਸਬੰਧੀ ਮਿਸ ਸ਼ਿਲਪਾ, ਸੀ ਜੇ ਐਮ-ਕਮ ਸਕੱਤਰ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਜੀਆਂ ਵੱਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਹਰ ਤਰ੍ਹਾਂ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸਦੇ ਸਬੰਧ ਵਿੱਚ ਮਾਨਯੋਗ ਜਿਲ੍ਹਾਂ ਅਤੇ ਸ਼ੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਵਲੋਂ ਸਮੇਂ ਸਮੇਂ ਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਵੱਧ ਤੋਂ ਵੱਧ ਪਬਲਿਸਟੀ ਕਰਨ ਲਈ ਦਿਸ਼ਾ ਨਿਰਦੇਸ਼ਾਂ ਦਿੱਤੇ ਜਾਂਦੇ ਹਨ ਤਾਂ ਜੋ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ ਅਤੇ ਅਦਾਲਤਾਂ ਵਿੱਤ ਚੱਲ ਰਹੇ ਫੌਜਦਾਰੀ, ਰਾਜੀਨਾਮੇ-ਯੋਗ ਅਤੇ ਪ੍ਰੀ-ਲਿਟੀਗੇਟਵ ਕੇਸਾਂ ਵਿੱਚ ਸਮਝੋਤੇ ਰਾਹੀ ਰਾਜੀਨਾਮਾ ਕਰਨ ਲਈ ਆਪਣੇ ਕੇਸ ਲੋਕ ਅਦਾਲਤ ਵਿੱਤ ਲਗਾ ਕੇ ਵੱਧ ਤੋਂ ਵੱਧ ਲਾਭ ਉਠਾ ਸਕਣ।



ਇਸ ਤੋਂ ਇਲਾਵਾ ਹੋਰ ਸਕੀਮਾਂ ਬਾਰੇ ਦੱਸਿਆ ਜਾਦਾ ਹੈ ਹੋਰ ਵੀ ਵੱਖ ਵੱਖ ਪਿੰਡਾਂ, ਸ਼ਹਿਰਾਂ, ਸਕੂਲਾਂ ਅਤੇ ਕਾਲਜਾਂ ਆਦਿ ਵਿੱਚ ਸੈਮੀਨਾਰ ਲਗਾਵਾਕੇ ਲੋਕਾਂ ਨੂੰ ਲੋਕ ਅਦਾਲਤ ਵਿੱਤ ਕੇਸ ਲਗਾਉਣ ਦੁਆਰਾ ਮਿਲਣ ਵਾਲੇ ਲਾਭਾ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਜਿਸ ਨਾਲ ਲੋਕਾਂ ਨੂੰ ਕਾਨੂੰਨੀ ਸੇਵਾਵਾਂ ਅਤੇ ਕੋਮੀ ਲੋਕ ਅਦਾਲਤ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਹੋ ਸਕੇ ਉਹ ਸਰਕਾਰ ਵੱਲੋਂ ਮਿਲਣ ਵਾਲੀ ਸਹਾਇਤਾ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ ਅਤੇ ਜਿਸ ਨਾਲ ਉਹਨਾਂ ਦੇ ਸਮੇਂ ਅਤੇ ਪੈਸੇ ਦੀ ਬੱਚਤ ਹੋਵੇਗੀ ਅਤੇ ਵਾਰ ਵਾਰ ਅਦਾਲਤਾਂ ਦੇ ਚੱਕਰ ਲਗਾਉਣ ਤੋਂ ਵੀ ਛੁਟਕਾਰਾ ਮਿਲ ਜਾਵੇਗਾ। ਇਸ ਲੋਕ ਅਦਾਲਤ ਸਬੰਧੀ ਮਾਨਯੋਗ ਜਿਲ੍ਹਾਂ ਅਤੇ ਸ਼ੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਪੀ. ਐੱਲ. ਵੀਆਂ ਵੱਲੋਂ ਜਨਤਕ ਥਾਵਾਂ ਤੇ ਬੈਨਰ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

ਇਸ ਤੋਂ ਇਲਾਵਾ ਮਾਨਯੋਗ ਜਿਲ੍ਹਾਂ ਅਤੇ ਸਥਾਈ ਲੋਕ ਅਦਾਲਤ ਵਿੱਤ ਸ਼ੈਕਸ਼ਨ 22-(ਲ)ਆਫ ਲੀਗਲ ਸਰਵਿਸਿਸ ਅਥਾਰਟੀ ਐਕਟ, 1987 ਦੇ ਅਨੁਸਾਰ ਵੱਖ ਜਨ ਉਪਯੋਗੀ ਸੇਵਾਵਾਂ, ਜਿਵੇ ਕਿ ਟਰਾਂਸਪੋਰਟ ਸੇਵਾਵਾਂ, ਡਾਕ ਟੈਲੀਗਰਾਕ, ਟੈਲੀਫੋਨ, ਹਸਪਤਾਲ ਜਾਂ ਡਿਸਪੈਂਸਰੀ ਸੇਵਾਵਾਂ, ਬੀਮਾ ਸੇਵਾਵਾਂ, ਬੈਕਿੰਗ ਸੇਵਾਵਾਂ, ਸਿੱਖਿਆ ਸੇਵਾਵਾਂ, ਬੁਢਾਪਾ ਪੈਨਸ਼ਨ, ਸਗਨ ਸਕੀਮ, ਵਿਕਟਮ ਕੰਮਪਨਸ਼ੇਸ਼ਨ, ਆਦਿ ਬਾਰੇ ਕੇਸ ਲਗਾਏ ਜਾਂਦੇ ਹਨ ਅਤੇ ਉਹਨਾਂ ਦਾ ਬਹੁਤ ਘੱਟ ਸਮੇਂ ਵਿੱਚ ਨਿਪਟਾਰਾ ਕੀਤਾ ਜਾਂਦਾ ਹੈ ਜਿਸ ਨਾਲ ਲੋਕਾਂ ਨੂੰ ਖੱਜਲ ਖੁਆਰੀ ਤੋਂ ਬਚਾਇਆ ਜਾ ਸਕੇ।
ਇੱਥੇ ਇਹ ਵੀ ਵਰਣਨਯੋਗ ਹੈ ਕਿ ਸੀ.ਜੇ. ਐਮ-ਕਮ-ਸਕੱਤਰ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਵੱਲੋਂ ਪ੍ਰਿੰਟ-ਮੀਡੀਆ ਦੁਆਰਾ ਹਰ ਤਰੀਕੇ ਨਾਲ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਕੋਈ ਵੀ ਇਨਸਾਨ ਲੋਕ ਅਦਾਲਤ ਦਾ ਲਾਭ ਉਠਾਉਣ ਤੋਂ ਵਾਂਝਾ ਨਾ ਰਹਿ ਸਕੇ ਅਤੇ ਹਰ ਕੋਈ ਸਰਕਾਰ ਦੀਆਂ ਪ੍ਰਦਾਨ ਕੀਤੀਆਂ ਜਾ ਰਹੀਆਂ ਸਹੂਲਤਾਂ ਦਾ ਵੱਧ ਤੋ ਵੱਧ ਲਾਭ ਉਠਾ ਸਕੇ।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਵਿਖੇ ਪਲੇਸਮੈਂਟ ਕੈਂਪ

**ਰੂਪਨਗਰ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਵੱਲੋਂ ਡਿਪਟੀ ਕਮਿਸ਼ਨਰ ਸ਼੍ਰੀ ਵਰਜੀਤ ਸਿੰਘ ਵਾਲੀਆ ਦੀ ਅਗਵਾਈ ਹੇਠ ਹਫਤਾਵਰੀ ਪਲੇਸਮੈਂਟ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਇਸ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਰੂਪਨਗਰ ਸ. ਪ੍ਰਭਜੋਤ ਸਿੰਘ ਵੱਲੋਂ ਦੱਸਿਆ ਗਿਆ ਕਿ ਇਸ ਕੈਂਪ ਵਿੱਚ ਟਾਟਾ ਮੋਟਰਜ਼ ਰੋਪੜ ਅਤੇ ਏਬੀ ਐਨਰਜੀ ਸਲਿਊਸ਼ਨ ਵੱਲੋਂ ਵੱਖ-ਵੱਖ ਅਸਾਮੀਆਂ ਦੀ ਭਰਤੀ ਕਰਨ ਲਈ ਇੰਟਰਵਿਊ ਲਈ ਜਾਵੇਗੀਉਨ੍ਹਾਂ ਦੱਸਿਆ ਕਿ ਟਾਟਾ ਮੋਟਰਜ਼ ਰੋਪੜ ਵਲੋਂ ਸਹਾਇਕ ਦੀਆਂ 5 ਅਸਾਮੀਆਂ ਲਈ ਬਾਰਵੀਂ/ ਇਲੈਕਟ ?ਰੀਸ਼ਨ, ਆਟੋ ਇਲੈਕਟ ?ਰੀਸ਼ਨ, ਮੋਟਰ ਮਕੈਨਿਕ ਦੀ ਆਈ.ਟੀ.ਆਈ ਪਾਸ 18 ਤੋਂ 40 ਸਾਲ ਉਮਰ ਦੇ ਉਮੀਦਵਾਰਾਂ ਦੀ ਇੰਟਰਵਿਊ ਲਈ ਜਾਵੇਗੀ। ਇਨ੍ਹਾਂ ਅਸਾਮੀਆਂ ਲਈ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ 12,000/- ਤੋਂ 14,000/- ਪ੍ਰਤੀ ਮਹੀਨਾ ਤਨਖਾਹ ਅਤੇ ਪ੍ਰੋਤਸਾਹਨ ਮਿਲੇਗਾ। ਇਸ ਤੋਂ ਇਲਾਵਾ ਸਕਿੱਲਡ ਮੋਟਰ ਮਕੈਨਿਕ ਦੀਆਂ 5 ਅਸਾਮੀਆਂ ਲਈ ਆਈ.ਟੀ.ਆਈ ਪਾਸ 18 ਤੋਂ 40 ਸਾਲ ਦੇ ਉਮੀਦਵਾਰਾਂ ਦੀ ਇੰਟਰਵਿਊ ਲਈ ਜਾਵੇਗੀ। ਇਨ੍ਹਾਂ ਅਸਾਮੀਆਂ ਲਈ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ 16,000/- ਤੋਂ 25,000/- ਪ੍ਰਤੀ ਮਹੀਨਾ ਤਨਖਾਹ ਮਿਲੇਗੀ। ਇਲੈਕਟ ?ਰੀਸ਼ੀਅਨ ਦੀਆਂ 3 ਅਸਾਮੀਆਂ ਲਈ ਆਈ.ਟੀ.ਆਈ ਪਾਸ ਉਮੀਦਵਾਰਾਂ ਦੀ ਇੰਟਰਵਿਊ ਲਈ ਜਾਵੇਗੀ ਅਤੇ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ 12,000/- ਤੋਂ 25,000/- ਪ੍ਰਤੀ ਮਹੀਨਾ ਤਨਖਾਹ + ਪ੍ਰੋਤਸਾਹਨ ਮਿਲੇਗਾ। ਨੌਕਰੀ ਦਾ ਸਥਾਨ ਰੂਪਨਗਰ ਹੈ।

ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਏਬੀ ਐਨਰਜੀ ਸਲਿਊਸ਼ਨ ਕੰਪਨੀ ਵੱਲੋਂ ਸੇਲਜ਼ ਅਤੇ ਇਲੈਕਟ ?ਰੀਕਲ ਦੀਆਂ ਅਸਾਮੀਆਂ ਲਈ ਬਾਰਵੀਂ ਜਾਂ ਆਈ.ਟੀ.ਆਈ ਇਲੈਕਟ ?ਰੀਕਲ ਜਾਂ ਡਿਪਲੋਮਾ ਇਲੈਕਟ ?ਰੀਕਲ ਪਾਸ ਉਮੀਦਵਾਰਾਂ ਦੀ ਇੰਟਰਵਿਊ ਲਈ ਜਾਵੇਗੀ ਅਤੇ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ 12,000/- ਤੋਂ 18000/- ਪ੍ਰਤੀ ਮਹੀਨਾ ਤਨਖਾਹ ਮਿਲੇਗੀ। ਨੌਕਰੀ ਕਰਨ ਦਾ ਸਥਾਨ ਰੂਪਨਗਰ ਹੈ।ਮੀਨਾਕਸ਼ੀ ਸ਼ਰਮਾ, ਪਲੇਸਮੇਂਟ ਅਫ਼ਸਰ ਰੂਪਨਗਰ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਦੇ ਚਾਹਵਾਨ ਉਮੀਦਵਾਰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਮਿੰਨੀ ਸਕੱਤਰੇਤ, ਡੀ.ਸੀ. ਕੰਪਲੈਕਸ ਰੂਪਨਗਰ ਵਿਖੇ ਪਹੁੰਚ ਸਕਦੇ ਹਨ। ਕਿਸੇ ਵੀ ਹੋਰ ਜਾਣਕਾਰੀ ਲਈ ਹੈਲਪਲਾਈਨ ਨੰਬਰ 01881-222104 'ਤੇ ਕਾਲ ਕੀਤੀ ਜਾ ਸਕਦੀ ਹੈ।

# ਐਸਡੀਐਮ ਸਮਾਣਾ ਦੀ ਟੀਮ ਵੱਲੋਂ ਸਕੂਲ ਖੁਲ੍ਹਦਿਆਂ ਹੀ ਸੇਫ਼ ਸਕੂਲ ਵਾਹਨ ਨੀਤੀ ਤਹਿਤ ਸਕੂਲ ਵਾਹਨਾਂ ਦੀ ਚੈਕਿੰਗ, ਖਾਮੀਆਂ ਸਾਹਮਣੇ ਆਉਣ ਉਤੇ 22 ਚਲਾਨ ਕੱਟ

**ਸਮਾਣਾ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ ਦੇ ਐਸ.ਡੀ.ਐਮ ਰਿਚਾ ਗੋਇਲ ਦੀ ਅਗਵਾਈ ਹੇਠਲੀ ਵਿਸ਼ੇਸ਼ ਟੀਮ ਨੇ ਅੱਜ ਸਕੂਲ ਖੁਲ੍ਹਦਿਆਂ ਹੀ ਸਬ ਡਵੀਜਨ ਅੰਦਰ ਪੈਂਦੇ ਪ੍ਰਾਈਵੇਟ ਸਕੂਲਾਂ ਦੇ ਵਾਹਨਾਂ ਦੀ ਚੈਕਿੰਗ ਕੀਤੀ। ਇਸ ਦੌਰਾਨ ਸੇਫ ਸਕੂਲ ਵਾਹਨ ਨੀਤੀ ਤਹਿਤ ਸਾਹਮਣੇ ਆਈਆਂ ਖਾਮੀਆਂ ਕਰਕੇ 22 ਚਲਾਨ ਕੱਟੇ ਗਏ ਜਿਕਰਯੋਗ ਹੈਕਿ ਸਮਾਣਾ ਰੋਡ ਉਤੇ ਹੋਏ ਭਿਆਨਕ ਸੜਕ ਹਾਦਸੇ ਵਿੱਚ ਬੱਚਿਆਂ ਦੀਆਂ ਜਾਨਾਂ ਜਾਣ ਦਾ ਗੰਭੀਰ ਨੋਟਿਸ ਲੈਂਦਿਆਂ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੱਲੋਂ ਨੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਸੇਫ਼ ਸਕੂਲ ਵਾਹਨ ਪਾਲਿਸੀ ਤਹਿਤ ਮੁਤਾਬਿਕ ਸਬ ਡਵੀਜਨ, ਸਮਾਣਾ ਦੇ ਐਸ.ਡੀ.ਐਮ ਰਿਚਾ ਗੋਇਲ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਟੀਮ ਗਠਿਤ ਕੀਤੀ ਗਈ ਸੀ।




ਇਸ ਬਾਰੇ ਜਾਣਕਾਰੀ ਦਿੰਦਿਆਂ ਉਪ ਮੰਡਲ ਮੈਜਿਸਟਰੇਟ ਰਿਚਾ ਗੋਇਲ ਨੇ ਦੱਸਿਆ ਕਿ ਜੂਨ, ਮਹੀਨੇ ਵਿੱਚ ਸਾਰੇ ਸਕੂਲਾਂ ਦੇ ਪ੍ਰਿੰਸੀਪਲਾਂ ਤੇ ਇਨਚਾਰਜਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਸਨ, ਜਿਸ ਵਿੱਚ ਸਾਰੇ ਸਕੂਲਾਂ ਨੂੰ ਹਦਾਇਤ ਕੀਤੀ ਗਈ ਕਿ ਸਕੂਲਾਂ ਲਈ ਵਰਤੀ ਜਾ ਰਹੀ ਸਕੂਲ ਅਤੇ ਪ੍ਰਾਈਵੇਟ ਟਰਾਂਸਪੋਰਟ ਦਾ ਡਾਟਾ ਭੇਜਿਆ ਜਾਵੇ ਤਾਂ ਜੋ ਉਹਨਾਂ ਦੇ ਕਾਗਜਾਤ ਚੈਕ ਕੀਤੇ ਜਾ ਸਕਣ।ਇਸ ਉਪਰੰਤ ਸਕੂਲਾਂ ਵਲੋਂ ਸਾਂਝੀ ਕੀਤੀ ਗਈ ਸੂਚਨਾ ਨੂੰ ਰੂਲਾਂ ਤਹਿਤ ਚੈਕ ਕਰਦੇ ਹੋਏ ਜੋ ਕਮੀਆਂ ਪਾਈਆਂ ਗਈਆਂ ਉਸ ਬਾਰੇ ਰਿਪੋਰਟ ਸਕੂਲਾਂ ਨੂੰ ਵਾਪਸ ਭੇਜੀ ਗਈ।

ਉਹਨਾਂ ਨੂੰ ਹਦਾਇਤ ਕੀਤੀ ਗਈ ਕਿ ਸਾਰੀਆਂ ਖਾਮੀਆਂ ਤੁਰੰਤ ਪੂਰੀਆਂ ਕੀਤੀਆਂ ਜਾਣ ਅਤੇ ਇਸ ਸਬੰਧੀ ਬੱਚਿਆਂ ਦੇ ਮਾਪਿਆਂ ਨਾਲ ਵੀ ਰਾਬਤਾ ਕੀਤਾ ਜਾਵੇ ਅਤੇ ਉਨਾਂ ਨੂੰ ਵੀ ਜਾਰੀ ਹਦਾਇਤਾਂ ਸਬੰਧੀ ਜਾਣੂ ਕਰਵਾਇਆ ਜਾਵੇ।ਉਨ੍ਹਾਂ ਦੱਸਿਆ ਕਿ ਅੱਜ ਸਕੂਲ ਖੁੱਲ੍ਹਣ ਉਪਰੰਤ ਸਕੂਲਾਂ ਦੇ ਵਾਹਨਾਂ ਦੀ ਚੈਕਿੰਗ ਕੀਤੀ ਗਈ ਅਤੇ ਸੇਫ ਵਾਹਨ ਪਾਲਿਸੀ ਤਹਿਤ ਜੋ ਖਾਮੀਆਂ ਪਾਈਆਂ ਗਈਆਂ ਉਹਨਾਂ ਸਬੰਧੀ ਮੌਕੇ ਉਤੇ ਹੀ 22 ਚਲਾਨ ਕੱਟੇ ਗਏ। ਇਸ ਤੋਂ ਇਲਾਵਾ ਸਾਰੇ ਸਕੂਲਾਂ ਨੂੰ ਹਦਾਇਤਾਂ ਜਾਰੀ ਕੀਤੀ ਗਈ ਕਿ ਆਉਣ ਵਾਲੇ ਦਿਨਾਂ ਵਿੱਚ ਕਮੇਟੀ ਵਲੋਂ ਚੈਕਿੰਗ ਜਾਰੀ ਰਹੇਗੀ।ਇਸ ਲਈ ਜਿਹਨਾਂ ਸਕੂਲਾਂ ਦੇ ਵਾਹਨਾਂ ਦੇ ਕਾਗਜਾਂ ਵਿੱਚ ਜੋ ਵੀ ਕਮੀਆਂ ਹਨ, ਉਨਾਂ ਨੂੰ ਤੁਰੰਤ ਮੁਕੰਮਲ ਕਰ ਲਿਆ ਜਾਵੇ।ਇਹ ਵੀ ਕਿਹਾ ਗਿਆ ਕਿ ਜੇਕਰ ਸਕੂਲਾਂ ਦੇ ਵਾਹਨਜ ਜਾਂ ਪ੍ਰਾਈਵੇਟ ਵਾਹਨ ਹਰ ਪਖੋਂ ਸਹੀ ਹੋਣਗੇ ਤਾਂ ਹੀ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕਦੀ ਹੈ। ਬੱਚਿਆਂ ਦੀ ਸੁਰੱਖਿਆ ਪ੍ਰਸ਼ਾਸਨ, ਸਕੂਲਾਂ, ਮਾਪਿਆਂ ਆਦਿ ਸਭ ਦੀ ਸਮੂਹਿਕ ਜਿੰਮੇਵਾਰੀ ਹੈ।
ਇਸ ਤੋਂ ਇਲਾਵਾ ਕਈ ਸਕੂਲਾਂ ਵਲੋਂ ਐਸਡੀਐਮ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵਲੋਂ ਬੱਸਾਂ ਦੇ ਫਿਟਨੈਸ ਸਰਟੀਫਿਕੇਟ ਤੇ ਪਰਮਿਟ ਆਦਿ ਲੈਣ ਲਈ ਅਪਲਾਈ ਕੀਤਾ ਹੋਇਆ ਹੈ। ਪਰੰਤੂ ਉਹਨਾਂ ਨੂੰ ਫਾਇਨਲ ਕਾਗਜਾਤ ਪ੍ਰਾਪਤ ਨਹੀਂ ਹੋਏ।

# ਡੇਅਰੀ ਫਾਰਮਰਾਂ ਨੂੰ ਕੁਸ਼ਲ ਮੈਨੇਜਰ ਬਣਾਉਣ ਲਈ ਡੇਅਰੀ ਉੱਦਮ ਸਿਖਲਾਈ ਕੋਰਸ 14 ਜੁਲਾਈ ਤੋਂ ਹੋਵੇਗਾ ਸ਼ੁਰੂ

**ਤਰਨ ਤਾਰਨ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਕੈਬਨਿਟ ਮੰਤਰੀ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ, ਸ਼ ?ਰੀ ਗੁਰਮੀਤ ਸਿੰਘ ਖੁੱਡੀਆ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ, ਪੰਜਾਬ ਸ਼ ?ਰੀ ਕੁਲਦੀਪ ਸਿੰਘ ਜੱਸੋਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼ ?ਰੀ ਵਰਿਆਮ ਸਿੰਘ ਦੀ ਰਹਿਨੁਮਾਈ ਹੇਠ ਡੇਅਰੀ ਫਾਰਮਰਾਂ ਨੂੰ ਕੁਸ਼ਲ ਡੇਅਰੀ ਮੈਨੇਜਰ ਬਣਾਉਣ ਲਈ 4 ਹਫਤੇ ਦਾ ਡੇਅਰੀ ਉੱਦਮ ਸਿਖਲਾਈ ਕੋਰਸ ਮਿਤੀ 14 ਜੁਲਾਈ ਤੋਂ 12 ਅਗਸਤ 2025 ਤੱਕ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ, ਤਰਨ ਤਾਰਨ (ਨੇੜੇ ਮਾਲ ਮੰਡੀ) ਵਿਖੇ ਚਲਾਇਆ ਜਾ ਰਿਹਾ ਹੈ ।

ਜਿਸ ਵਿੱਚ ਦੁੱਧ ਤੋਂ ਬਣਨ ਵਾਲੇ ਪਦਾਰਥ, ਡੇਅਰੀ ਫਾਰਮ ਦਾ ਪ੍ਰਬੰਧ ,ਦੁਧਾਰੂ ਪਸ਼ੂਆਂ ਦੀ ਨਸਲ ਸੁਧਾਰ, ਦੁਧਾਰੂ ਪਸ਼ੂਆਂ ਦੇ ਅੰਦਰੂਨੀ ਪ੍ਰਬੰਧਨ ਅਤੇ ਸੰਤੁਲਿਤ ਪਸ਼ੂ ਖੁਰਾਕ ਸਬੰਧੀ ਆਧੁਨਿਕ ਤਕਨੀਕ ਨਾਲ ਟ ?ਰੇਨਿੰਗ ਦਿੱਤੀ ਜਾ ਰਹੀ ਹੈ । ਇਸ ਸਿਖਲਾਈ ਲਈ ਜਿਲਾ ਤਰਨ ਤਾਰਨ ਦੇ ਚਾਹਵਾਨ ਡੇਅਰੀ ਫਾਰਮਰ ਮਿਤੀ 14 ਜੁਲਾਈ 2025 ਤੋਂ ਪਹਿਲਾ ਮੈਟ੍ਰਿਕ ਦਾ ਸਰਟੀਫਿਕੇਟ, ਅਧਾਰ ਕਾਰਡ ਸਮੇਤ ਪਾਸਪੋਰਟ ਸਾਈਜ ਫੋਟੋ (ਅਨੁਸੂਚਿਤ ਜਾਤੀ ਸਿਖਿਆਰਥੀ ਆਪਣਾ ਅਨੁਸੂਚਿਤ ਜਾਤੀ ਸਰਟੀਫਿਕੇਟ) ਨਾਲ ਲੈ ਕੇ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ, ਤਰਨ ਤਾਰਨ ਵਿਖੇ ਸੰਪਰਕ ਕਰਨ।

ਟਰੇਨਿੰਗ ਲਈ ਜਨਰਲ ਕੈਟਾਗਰੀ ਦੇ ਫਾਰਮਰਾਂ ਲਈ ਫੀਸ 5000/- ਰੁਪਏ ਹੈ ਅਤੇ ਅਨੁਸੂਚਿਤ ਜਾਤੀ ਦੇ ਫਾਰਮਰਾਂ ਲਈ 4000/- ਰੁਪਏ ਹੈ ।ਫੀਸ ਨਕਦ ਲਈ ਜਾਵੇਗੀ ।ਸਿਖਲਾਈ ਸਫਲਤਾ ਪੂਰਵਕ ਪ੍ਰਾਪਤ ਕਰਨ ਤੋਂ ਬਾਅਦ ਬੈਂਕਾਂ ਤੋਂ ਸਸਤੀਆਂ ਵਿਆਜ ਦਰਾਂ ਤੇ ਕਰਜ਼ਾ ਮੁਹੱਈਆ ਕਰਵਾਇਆ ਜਾਵੇਗਾ, ਜਿਸ ਤੇ ਜਨਰਲ 25% ਅਤੇ ਅਨੁਸੂਚਿਤ ਜਾਤੀ 33% ਸਬਸਿਡੀ ਦਿੱਤੀ ਜਾਵੇਗੀ ।

# ਗਲੋਬਲ ਸਿੱਖ ਕੌਂਸਲ ਵੱਲੋਂ ਤਖ਼ਤ ਪਟਨਾ ਸਾਹਿਬ ਦੀ ਕਮੇਟੀ ਦੇ ਆਪਹੁਦਰੇਪਣ ਦੀ ਸਖ਼ਤ ਨਿੰਦਾ

## ਕਿਹਾ, ਸ੍ਰੀ ਅਕਾਲ ਤਖ਼ਤ ਸਾਹਿਬ ਇਕਲੌਤੀ ਪੰਥਕ ਸਰਵਉੱਚ ਅਥਾਰਟੀ ਹੈ




**ਚੰਡੀਗੜ੍ਹ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਪੱਧਰੀ ਸਿੱਖ ਸੰਸਥਾਵਾਂ ਦੀ ਨੁਮਾਇੰਦਗੀ ਕਰਦੀ ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਨੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ, ਪਟਨਾ ਸਾਹਿਬ ਦੇ ਪੰਜ ਗ੍ਰੰਥੀਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇਣ ਦੀ ਸਖ਼ਤ ਨਿੰਦਾ ਕਰਦਿਆਂ ਇਸ ਗਿਣੇ-ਮਿੱਥੇ ਅਤੇ ਆਪਹੁਦਰੇ ਕਦਮ ਨਾਲ ਸਿੱਖ ਮਰਿਆਦਾ ਦੀ ਘੋਰ ਉਲੰਘਣਾ, ਪੰਥਕ ਪ੍ਰੋਟੋਕਾਲ ਨੂੰ ਅਣਗੌਲਿਆ ਕਰਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਧਿਕਾਰ ਅਤੇ ਪ੍ਰਮੁੱਖਤਾ ਨੂੰ ਸਿੱਧੀ ਚੁਣੌਤੀ ਕਰਾਰ ਦਿੱਤਾ ਹੈ ਕਿਉਂਕਿ ਪੰਥਕ ਮਾਮਲਿਆਂ ਦਾ ਨਿਰਣਾ ਕਰਨ ਲਈ ਅਕਾਲ ਤਖ਼ਤ ਹੀ ਅਧਿਕਾਰਤ ਅਤੇ ਇਕਲੌਤਾ ਸਥਾਈ ਅਸਥਾਨ ਹੈ।

ਇੱਥੋਂ ਜਾਰੀ ਬਿਆਨ ਵਿੱਚ ਜੀਐਸਸੀ ਦੀ ਪ੍ਰਧਾਨ ਡਾ. ਕੰਵਲਜੀਤ ਕੌਰ ਨੇ ਅੱਗੇ ਕਿਹਾ ਕਿ ਖੇਤਰੀ ਤਖ਼ਤਾਂ ਨੂੰ ਸਿਰਫ ਆਪਣੇ ਖੇਤਰੀ ਅਧਿਕਾਰ ਹੇਠਲੇ ਇਲਾਕਿਆਂ ਅਤੇ ਆਪਣੇ ਕਾਰਜਾਂ ਤੇ ਨੀਤੀ ਤੇ ਸੂਬਾਈ ਕੰਟਰੋਲ ਕਰਨ ਦਾ ਹੀ ਹੱਕ ਹੈ ਜੋ ਸਥਾਨਕ ਮੁੱਦਿਆਂ ਅਤੇ ਆਪਣੇ ਅਧਿਕਾਰ ਖੇਤਰ ਤੋਂ ਇਲਾਵਾ ਕੋਈ ਬਾਹਰੀ ਦਖ਼ਲਅੰਦਾਜ਼ੀ ਨਹੀਂ ਕਰ ਸਕਦੇ। ਸੁਖਬੀਰ ਸਿੰਘ ਪਟਨਾ ਜਾਂ ਬਿਹਾਰ ਦਾ ਨਿਵਾਸੀ ਨਹੀਂ ਹੈ ਤੇ ਉਸ ਵਿਰੁੱਧ ਕਥਿਤ ਦੋਸ਼ ਖੇਤਰੀ ਨਹੀਂ ਸਗੋਂ ਰਾਸ਼ਟਰੀ ਪੱਧਰ ਦੇ ਹਨ। ਇਸ ਲਈ ਉਸ ਦੀ ਪਾਰਟੀ ਅਤੇ ਉਸ ਦੀਆਂ ਕਾਰਵਾਈਆਂ ਸਪੱਸ਼ਟ ਤੌਰ ਉਤੇ ਇਸ ਖੇਤਰੀ ਤਖ਼ਤ ਦੇ ਅਧਿਕਾਰ ਖੇਤਰ ਤੋਂ ਬਿਲਕੁਲ ਬਾਹਰੀ ਹਨ।

ਡਾ. ਕੰਵਰਜੀਤ ਕੌਰ ਨੇ ਜ਼ੋਰ ਦੇ ਕੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਮੁੱਚੇ ਪੰਥਕ ਫੈਸਲਿਆਂ ਉਤੇ ਵਿਸ਼ੇਸ਼ ਅਧਿਕਾਰ ਖੇਤਰ ਰੱਖਦਾ ਹੈ ਅਤੇ ਸਰਵਉੱਚ ਹੈ ਕਿਉਂਕਿ ਗੁਰੂ ਸਾਹਿਬ ਵੱਲੋਂ ਸਥਾਪਿਤ ਕੀਤੇ ਇਸ ਤਖ਼ਤ ਦਾ ਇਤਿਹਾਸ ਤੇ ਸਥਾਪਨਾ ਬਾਕੀ ਚਾਰੇ ਤਖ਼ਤਾਂ ਤੋਂ ਉੱਪਰ ਹੈ। ਇਸ ਦੇ ਉਲਟ, ਚਾਰ ਖੇਤਰੀ ਤਖ਼ਤਾਂ ਵਿੱਚ ਪਟਨਾ ਸਾਹਿਬ, ਹਜ਼ੂਰ ਸਾਹਿਬ, ਕੇਸਗੜ੍ਹ ਸਾਹਿਬ ਅਤੇ ਦਮਦਮਾ ਸਾਹਿਬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸਥਾਨਕ ਧਾਰਮਿਕ ਮਾਮਲਿਆਂ ਦੀ ਨਿਗਰਾਨੀ ਲਈ ਸਥਾਪਤ ਕੀਤਾ ਗਿਆ ਸੀ। ਇਹ 4 ਤਖ਼ਤ ਬਾਅਦ ਵਿੱਚ 17ਵੀਂ ਸਦੀ ਵਿੱਚ, 18ਵੀਂ ਸਦੀ ਦੇ ਸ਼ੁਰੂ ਵਿੱਚ ਅਤੇ ਇੱਕ 1966 ਵਿੱਚ ਸਥਾਪਿਤ ਕੀਤੇ ਗਏ ਸਨ। ਸਾਲ 1966 ਤੱਕ ਇਹ ਗਿਣਤੀ ਵਿੱਚ ਚਾਰ ਸਨ ਅਤੇ ਫਿਰ ਵਧਕੇ ਪੰਜ ਹੋ ਗਏ। ਇਸ ਨੂੰ ਦੇਖਦਿਆਂ ਕਿਸੇ ਹੋਰ ਖੇਤਰੀ ਤਖ਼ਤ ਜਾਂ ਉਨ੍ਹਾਂ ਤਖ਼ਤਾਂ ਦੇ ਗ੍ਰੰਥੀਆਂ ਨੂੰ ਸਮੁੱਚੇ ਭਾਈਚਾਰੇ ਦੇ ਮੁੱਦਿਆਂ ਉਤੇ ਹੁਕਮਨਾਮੇ ਜਾਂ ਆਦੇਸ਼ ਜਾਰੀ ਕਰਨ ਦਾ ਅਧਿਕਾਰ ਨਹੀਂ ਹੈ।

ਉਨ੍ਹਾਂ ਅੱਗੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਦੀ ਪੁਸ਼ਟੀ ਸਾਲ 2003 ਦੇ ਗੁਰਮਤੇ ਵਿੱਚ ਪੰਜ ਸਿੰਘ ਸਾਹਿਬਾਨ (ਪੰਜ ਤਖ਼ਤਾਂ ਦੇ ਜਥੇਦਾਰ) ਦੁਆਰਾ ਕੀਤੀ ਗਈ ਸੀ ਜਿਸ ਵਿੱਚ ਐਲਾਨ ਕੀਤਾ ਗਿਆ ਸੀ ਕਿ ਪੰਥਕ ਮੁੱਦਿਆਂ ਉਤੇ ਸਿਰਫ਼ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੀ ਹੁਕਮਨਾਮੇ ਜਾਰੀ ਕੀਤੇ ਜਾ ਸਕਦੇ ਹਨ। ਇਸ ਤੋਂ ਬਾਅਦ 2015 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਇੱਕ ਹੋਰ ਹੁਕਮਨਾਮੇ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਕੋਈ ਵੀ ਖੇਤਰੀ ਤਖ਼ਤ ਆਪਣੇ ਅਧਿਕਾਰ ਤੋਂ ਉੱਪਰ ਜਾਂ ਉਸ ਦੀ ਦੁਰਵਰਤੋਂ ਨਹੀਂ ਕਰ ਸਕਦਾ।

ਕੌਂਸਲ ਨੇ ਦੁਹਰਾਇਆ ਕਿ ਖੇਤਰੀ ਤਖ਼ਤਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਅਤੇ ਉਨ੍ਹਾਂ ਦੀ ਅਗਵਾਈ ਹੇਠ ਤਾਲਮੇਲ ਵਿੱਚ ਕੰਮ ਕਰਨਾ ਹੈ ਜੋ ਕਿ ਪੰਜ ਪ੍ਰਧਾਨੀ ਪ੍ਰਣਾਲੀ ਵਿੱਚ ਸਿੱਖ ਸ਼ਾਸਨ ਅਤੇ ਏਕਤਾ ਦੀ ਕੇਂਦਰੀ ਸੰਸਥਾ ਵਜੋਂ ਸੁਭਾਏਮਾਨ ਹੈ। ਡਾ. ਕੰਵਰਜੀਤ ਕੌਰ ਨੇ ਕਿਹਾ ਕਿ ਇਹ ਬਹੁਤ ਦੁਖਦਾਈ ਹੈ ਕਿ ਸਿਆਸੀ ਵਿਰੋਧੀਆਂ ਵੱਲੋਂ ਪਟਨਾ ਸਾਹਿਬ ਵਰਗੇ ਸਤਿਕਾਰਤ ਤਖ਼ਤ ਦਾ ਸ਼ੋਸ਼ਣ ਸਿੱਖ ਏਕਤਾ ਨੂੰ ਢਾਹ ਲਾਉਣ ਅਤੇ ਸਥਾਪਿਤ ਧਾਰਮਿਕ ਰਵਾਇਤਾਂ ਦੀ ਉਲੰਘਣਾ ਕਰਵਾਉਣ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 1986 ਦੇ ਸਰਬੱਤ ਖ਼ਾਲਸਾ ਅਤੇ ਉਸ ਤੋਂ ਬਾਅਦ ਜਾਰੀ ਅਕਾਲ ਤਖ਼ਤ ਦੇ ਹੁਕਮਨਾਮਿਆਂ ਵਿੱਚ ਵਾਰ-ਵਾਰ ਜ਼ੋਰ ਦਿੱਤਾ ਗਿਆ ਹੈ ਕਿ ਕੋਈ ਵੀ ਵਿਅਕਤੀ ਜਾਂ ਸੰਸਥਾ ਖ਼ਾਲਸਾ ਪੰਥ ਦੇ ਸਮੂਹਿਕ ਫੈਸਲੇ ਉਤੇ ਗਲਬਾ ਨਹੀਂ ਪਾ ਸਕਦੀ। ਜੀ.ਐਸ.ਸੀ. ਪ੍ਰਧਾਨ ਨੇ ਜ਼ੋਰ ਦੇ ਕੇ ਕਿਹਾ ਕਿ ਖੇਤਰੀ ਤਖ਼ਤਾਂ ਦਾ ਮੂਲ ਕਾਰਜ ਪੰਥ ਨੂੰ ਇਕਜੁੱਟ ਰੱਖਣ ਤੋਂ ਇਲਾਵਾ ਅਤੇ ਅਕਾਲ ਤਖ਼ਤ ਅਤੇ ਆਪਸ ਵਿੱਚ ਇੱਕ-ਦੂਜੇ ਨਾਲ ਪੂਰਨ ਤਾਲਮੇਲ ਵਿੱਚ ਕੰਮ ਕਰਨਾ ਹੈ। ਕੋਈ ਵੀ ਖੇਤਰੀ ਤਖ਼ਤ, ਜੋ ਆਪਣੇ ਪੱਧਰ ਉੱਤੇ ਸਿੱਖਾਂ ਨੂੰ ਤਨਖਾਹੀਆ ਐਲਾਨਣ ਵਾਲੇ ਹੁਕਮਨਾਮੇ ਜਾਂ ਆਦੇਸ਼ ਜਾਰੀ ਕਰਦਾ ਹੈ ਉਹ ਉਕਤ ਪੰਥਕ ਉਦੇਸ਼ ਪੂਰੇ ਨਹੀਂ ਕਰਦਾ। ਅਜਿਹੀਆਂ ਕਾਰਵਾਈਆਂ ਇੱਕ ਤਖ਼ਤ ਨੂੰ ਦੂਜੇ ਤਖ਼ਤ ਦੇ ਵਿਰੁੱਧ ਖੜ੍ਹੀਆਂ ਕਰਦੀਆਂ ਹਨ, ਸਿੱਖ ਕੌਮ ਵਿੱਚ ਮਤਭੇਦ ਪੈਦਾ ਕਰਦੀਆਂ ਹਨ ਅਤੇ ਅੰਤ ਵਿੱਚ ਤਖ਼ਤਾਂ ਦੇ ਸਤਿਕਾਰ ਅਤੇ ਪਵਿੱਤਰਤਾ ਨੂੰ ਢਾਹ ਲਾਉਂਦੀਆਂ ਹਨ। ਜੀ.ਐਸ.ਸੀ. ਨੇ ਸਾਰੀਆਂ ਸਿੱਖ ਸੰਸਥਾਵਾਂ ਅਤੇ ਸੰਗਤ ਨੂੰ ਸਿਰਫ਼ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਮਾਨਤਾ ਦੇਣ ਦੀ ਅਪੀਲ ਕੀਤੀ ਹੈ ਅਤੇ ਐਸਜੀਪੀਸੀ ਨੂੰ ਕਿਹਾ ਹੈ ਕਿ ਉਹ ਸਿੱਖ ਪ੍ਰਭੂਸੱਤਾ ਨੂੰ ਕਮਜ਼ੋਰ ਕਰਨ ਵਾਲੇ ਅਵੱਗਿਆਕਾਰੀ ਕਮੇਟੀ ਮੈਂਬਰਾਂ ਵਿਰੁੱਧ ਕਾਰਵਾਈ ਕਰੇ। ਇਸ ਤੋਂ ਇਲਾਵਾ, ਕੌਂਸਲ ਨੇ ਪਟਨਾ ਸਾਹਿਬ ਕਮੇਟੀ ਨੂੰ ਵੀ ਕਿਹਾ ਹੈ ਕਿ ਉਹ ਆਪਣੇ ਗੈਰ-ਕਾਨੂੰਨੀ ਫੈਸਲੇ ਨੂੰ ਵਾਪਸ ਲਵੇ ਅਤੇ ਪੰਥਕ ਅਨੁਸ਼ਾਸਨ ਦੇ ਅਧੀਨ ਹੀ ਵਿਚਰੇ। ਜੀਐਸਸੀ ਨੇ ਪਟਨਾ ਸਾਹਿਬ ਦੇ ਇੰਨਾਂ ਨੁਮਾਇੰਦਿਆਂ ਵੱਲੋਂ ਪਹਿਲਾਂ ਜਾਰੀ ਕੀਤੇ ਉੱਨਾਂ ਬਿਆਨਾਂ ਦੀ ਵੀ ਨਿੰਦਾ ਕੀਤੀ ਹੈ ਜਿਸ ਵਿੱਚ ਉਨ੍ਹਾਂ ਨੇ ਅਕਾਲ ਤਖ਼ਤ ਦੇ ਸਤਿਕਾਰ ਅਤੇ ਅਧਿਕਾਰ ਨੂੰ ਖੁੱਲੇਆਮ ਰੱਦ ਕੀਤਾ ਸੀ।

ਕੰਵਰਜੀਤ ਕੌਰ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਅਕਾਲ ਤਖ਼ਤ ਦੇ ਅਧਿਕਾਰ ਅਤੇ ਕੇਂਦਰੀਕਰਨ ਨੂੰ ਕਮਜ਼ੋਰ ਕਰਨਾ ਗੁਰਮਤਿ ਵਿਰੋਧੀ, ਪੰਥ ਵਿਰੋਧੀ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਮੀਰੀ-ਪੀਰੀ ਸਿਧਾਂਤ ਨਾਲ ਸਿੱਧਾ-ਸਿੱਧਾ ਵਿਸ਼ਵਾਸਘਾਤ ਹੈ ਅਤੇ ਨਾਲ ਹੀ ਖਾਲਸੇ ਦੀ ਸਮੂਹਿਕ ਭਾਈਚਾਰਕ ਭਾਵਨਾ ਦਾ ਘੋਰ ਅਪਮਾਨ ਵੀ ਹੈ।

# ਕਪਿਲ ਸ਼ਰਮਾ ਨੇ ਸਰੀ ’ਚ ‘Kap’s Cafe’ ਖੋਲ੍ਹਿਆ




**ਚੰਡੀਗੜ੍ਹ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਮੇਡੀਅਨ ਕਪਿਲ ਸ਼ਰਮਾ ਤੇ ਉਸ ਦੀ ਪਤਨੀ ਗਿਨੀ ਚਤਰਥ ਨੇ ਕੈਨੇਡਾ ਦੇ ਸਰੀ ਸ਼ਹਿਰ ਵਿਚ ਕੈਫੇ ਖੋਲ੍ਹਿਆ ਹੈ ਜਿਸ ਦਾ ਨਾਮ Kap’s Café (ਕੈਪ’ਸ ਕੈਫੇ) ਰੱਖਿਆ ਗਿਆ ਹੈ।

ਇਹ ਕੈਫੇ ਸਰੀ ਦੇ ਐਨ ਵਿਚਾਲੇ ਖੋਲ੍ਹਿਆ ਗਿਆ ਹੈ। ਸਰੀ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦਾ ਉਹ ਸ਼ਹਿਰ ਹੈ ਜਿੱਥੇ ਦੱਖਣ ਏਸ਼ਿਆਈ ਭਾਈਚਾਰੇ ਦੇ ਸਭ ਤੋਂ ਵੱਧ ਲੋਕ ਰਹਿੰਦੇ ਹਨ।

ਹਫ਼ਤੇ ਦੇ ਆਖਰੀ ਦਿਨਾਂ ’ਚ ਸ਼ੁਰੂ ਕੀਤੇ ਕੈਫੇ ਦੇ ਬਾਹਰ ਲੰਮੀਆਂ ਕਤਾਰਾਂ ਦੇਖੀਆਂ ਗਈਆਂ। ਕੈਫੇ ਨੂੰ ਲੈ ਕੇ ਇੰਸਟਾਗ੍ਰਾਮ ਵਿਚ ਕੁਝ ਸਟੋਰੀਜ਼ ਪਾਈਆਂ ਗਈਆਂ ਹਨ। ਜਿਸ ਥਾਂ ’ਤੇ ਕੈਫੇ ਖੁੱਲ੍ਹਿਆ ਹੈ ਉਹ ਪਹਿਲਾਂ ਹੀ ਸਥਾਨਕ ਲੋਕਾਂ ਅਤੇ ਪ੍ਰਸ਼ੰਸਕਾਂ ਲਈ ਆਰਾਮਦਾਇਕ ਹੈਂਗਆਊਟ ਵਜੋਂ ਮਕਬੂਲ ਹੈ।

ਕੈਫੇ ਨੂੰ ਅੰਦਰੋਂ ਨਰਮ ਬਲਸ਼-ਗੁਲਾਬੀ ਅਤੇ ਕਰੀਮੀ ਚਿੱਟੇ ਰੰਗ ਦੇ ਥੀਮ ਨਾਲ ਡਿਜ਼ਾਈਨ ਕੀਤਾ ਗਿਆ ਹੈ। ਕੈਫੇ ਵਿਚ ਬੇਬੀ-ਗੁਲਾਬੀ ਮਖਮਲੀ ਕੁਰਸੀਆਂ, ਸੋਨੇ ਦੇ ਲਹਿਜ਼ੇ ਵਾਲੀਆਂ ਮੇਜ਼ਾਂ, ਕ੍ਰਿਸਟਲ ਝੰਡੇ ਅਤੇ ਫੁੱਲਦਾਰ ਵਾਸ ਕਸਟਮਰਾਂ ਨੂੰ ਆਪਣੇ ਵੱਲ ਖਿੱਚਦੇ ਹਨ।

ਕੈਫੇ ਦਾ ਮੀਨੂ ਆਧੁਨਿਕ ਕੈਫੇ ਰੁਝਾਨਾਂ ਦੇ ਨਾਲ ਭਾਰਤੀ ਪੁਰਾਣੀਆਂ ਯਾਦਾਂ ਦਾ ਮਿਸ਼ਰਣ ਹੈ। ਮਹਿਮਾਨ ਗੁੜ ਵਾਲੀ ਚਾਹ ਜਾਂ ਮਾਚਾ ਲੈਟੇ ਦਾ ਆਰਡਰ ਦੇ ਸਕਦੇ ਹਨ। ਸ਼ਾਨਦਾਰ ਚੀਜ਼ਾਂ ਵਿੱਚ ਨਿੰਬੂ ਪਿਸਤਾ ਕੇਕ, ਕ੍ਰੋਇਸੈਂਟ, ਬ੍ਰਾਊਨੀ ਅਤੇ ਕੂਕੀਜ਼ ਸ਼ਾਮਲ ਹਨ।

# ਡਿਪਟੀ ਕਮਿਸ਼ਨਰ ਵੱਲੋਂ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦੇ ਕੰਮਾਂ ਦੀ ਕੀਤੀ ਸਮੀਖਿਆ

**ਮਲੇਰਕੋਟਲਾ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਵੱਲੋਂ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦੇ ਕੰਮਾਂ ਦੀ ਸਮੀਖਿਆ ਕਰਦਿਆਂ ਜਲ ਸਪਲਾਈ ਅਤੇ ਸੈਨੀਟੇਸ਼ਨ, ਪੇਂਡੂ ਵਿਕਾਸ ਵਿਭਾਗ ਅਤੇ ਪੰਚਾਇਤੀ ਰਾਜ ਵਿਭਾਗ ਦੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਸਵੱਛ ਭਾਰਤ ਮਿਸ਼ਨ ਗ੍ਰਾਮੀਣ-2 ਤਹਿਤ ਜ਼ਿਲ੍ਹੇ ਵਿਚ ਹੋਣ ਵਾਲੇ ਕੰਮਾਂ ਨੂੰ ਸਮਾਂਬੱਧ ਤਰੀਕੇ ਨਾਲ ਪੂਰਾ ਕੀਤਾ ਜਾਵੇ ਤਾਂ ਜੋ ਜ਼ਿਲ੍ਹੇ ਦੇ ਪਿੰਡਾਂ ਨੂੰ ਓ.ਡੀ.ਐਫ. ਪਲਸ ਮਾਡਲ ਘੋਸ਼ਿਤ ਕੀਤਾ ਜਾ ਸਕੇ।

ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਜ਼ਿਲ੍ਹੇ ਨੂੰ ਓ.ਡੀ.ਐਫ. ਪਲਸ ਬਣਾਉਣ ਲਈ ਕੰਮ ’ਚ ਹੋਰ ਤੇਜ਼ੀ ਲਿਆਉਂਣ ਦੀ ਹਦਾਇਤ ਕਰਦਿਆਂ ਉਨ੍ਹਾਂ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰਾਂ ਨੂੰ ਚੱਲ ਰਹੇ ਕੰਮਾਂ ਦੀ ਖੁਦ ਮੌਕੇ ’ਤੇ ਜਾਕੇ ਨਿਗਰਾਨੀ ਕਰਨਾ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਹਦਾਇਤ ਕੀਤੀ ਜਿਨ੍ਹਾਂ ਪਿੰਡਾਂ ਵਿੱਚ ਅਜੇ ਤਰਲ ਅਤੇ ਠੋਸ ਕਚਰੇ ਦੇ ਪ੍ਰਬੰਧਨ ਦੇ ਕੰਮ ਸ਼ੁਰੂ ਨਹੀਂ ਹੋਏ, ਉਹ ਕੰਮ ਇੱਕ ਹਫ਼ਤੇ ਵਿੱਚ ਸ਼ੁਰੂ ਕਰਵਾਉਂਣ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਵੱਖ ਵੱਖ ਵਿਭਾਗਾਂ ਦੇ ਤਾਲਮੇਲ ਨਾਲ ਪਿੰਡਾਂ ਲਈ ਉਲੀਕੇ ਲੋਕ ਭਲਾਈ ਦੇ ਕੰਮ ਸਮਾਂਬੱਧ ਤਰੀਕੇ ਨਾਲ ਮੁਕੰਮਲ ਕਰਨ ਨੂੰ ਤਰਜੀਹ ਦੇਣ ਤਾਂ ਜੋ ਜ਼ਿਲ੍ਹੇ ਦੇ ਪਿੰਡਾਂ ਨੂੰ ਸਵੱਛ ਪਿੰਡ ਬਣਾਇਆ ਜਾ ਸਕੇ। ਇਸ ਮੌਕੇ ਐਕਸੀਅਨ ਜਲ ਸਪਲਾਈ ਅਤੇ ਸੈਨੀਟੇਸ਼ਨ ਇੰਜ. ਗੁਰਵਿੰਦਰ ਸਿੰਘ ਢੀਂਡਸਾ, ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਬਬਲਜੀਤ ਕੌਰ, ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਜਗਰਾਜ ਸਿੰਘ, ਐਸ.ਡੀ.ਈ. ਵਾਟਰ ਸਪਲਾਈ ਅਤੇ ਸੈਨੀਟੇਸ਼ਨ ਇੰਜ. ਲਵੇਸ ਜੈਨ, ਐਸ.ਡੀ.ਈ ਸਤਿੰਦਰਪਾਲ ਸਿੰਘ, ਐਸ.ਡੀ.ਓ ਪੇਂਡੂ ਵਿਕਾਸ ਅਤੇ ਪੰਚਾਇਤ ਪ੍ਰਭਜੋਤ ਕੌਰ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਮੁੱਖ ਮੰਤਰੀ ਮਾਨ ਅਤੇ ਅਰਵਿੰਦ ਕੇਜਰੀਵਾਲ ਵੱਲੋਂ ਮੋਹਾਲੀ ਵਿਖੇ 145.26 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਕੀਤਾ ਸੀਵਰੇਜ ਟਰੀਟਮੈਂਟ ਪਲਾਂਟ ਲੋਕਾਂ ਨੂੰ ਸਮਰਪਿਤ

**➢ 15 ਐਮ.ਜੀ.ਡੀ. ਦੀ ਸਮਰੱਥਾ ਵਾਲੇ ਐਸ.ਟੀ.ਪੀ. ਨੂੰ ਦੇਸ਼ ਦਾ ਬਿਹਤਰੀਨ ਪਲਾਂਟ ਦੱਸਿਆ ➢ ਕੇਜਰੀਵਾਲ ਨੇ ਲੋਕ ਭਲਾਈ ਲਈ ਕੀਤੇ ਲੀਹੋਂ ਹਟਵੇਂ ਉਪਰਾਲਿਆਂ ਲਈ ਮੁੱਖ ਮੰਤਰੀ ਦੀ ਪਿੱਠ ਥਾਪੜੀ ➢ ਸੂਬੇ ਦੇ 166 ਸ਼ਹਿਰਾਂ ਦੀ ਕਾਇਆਕਲਪ ਕਰਨ ਲਈ ਮਿਸ਼ਨ ਦੇ ਅਧਾਰ ’ਤੇ ਕੰਮ ਕਰਨ ਦਾ ਐਲਾਨ**



**ਮੁਹਾਲੀ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਲੀਹੋਂ ਹਟਵਾਂ ਕਦਮ ਚੁੱਕਦਿਆਂ 145.26 ਕਰੋੜ ਦੀ ਲਾਗਤ ਨਾਲ ਸਥਾਪਤ ਕੀਤੇ 15 ਐਮ.ਜੀ.ਡੀ. (ਮਿਲੀਅਨ ਗੈਲਨ ਪ੍ਰਤੀ ਦਿਨ) ਦੀ ਸਮਰੱਥਾ ਵਾਲਾ ਸੀਵਰੇਜ ਟਰੀਟਮੈਂਟ ਪਲਾਂਟ ਲੋਕਾਂ ਨੂੰ ਸਮਰਪਿਤਾ ਕੀਤਾ। ਪਲਾਂਟ ਨੂੰ ਸਮਰਪਿਤ ਕਰਨ ਤੋਂ ਬਾਅਦ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਪਲਾਂਟ ਨੂੰ ਸਥਾਪਤ ਕਰਨ ਵਿੱਚ ਵਰਤੀ ਗਈ ਆਧੁਨਿਕ ਤਕਨਾਲੌਜੀ ਨੂੰ ਛੇਤੀ ਹੀ ਸੂਬੇ ਦੇ ਹੋਰ ਹਿੱਸਿਆਂ ਵਿੱਚ ਵੀ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਦਾ ਉਦੇਸ਼ ਸੂਬੇ ਦੇ ਬੇਸ਼ਕੀਮਤੀ ਪਾਣੀ ਨੂੰ ਬਚਾਉਣਾ ਹੈ ਜਿਸ ਨਾਲ ਪਲਾਂਟ ਦੇ ਸੋਧੇ ਹੋਏ ਪਾਣੀ ਨੂੰ ਹੋਰ ਕੰਮਾਂ ਲਈ ਵਰਤਿਆ ਜਾ ਸਕੇਗਾ। ਸਿੰਗਾਪੁਰ ਦੀ ਮਿਸਾਲ ਦਿੰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਸ ਮੁਲਕ ਵਿੱਚ ਮੀਂਹ ਦੇ ਪਾਣੀ ਨੂੰ ਪੀਣਯੋਗ ਬਣਾਉਣ ਲਈ ਮਾਈਕ੍ਰੋ ਫਿਲਟਰ ਟੈਕਨਾਲੋਜੀ ਵਰਤੀ ਜਾ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਆਉਣ ਵਾਲੀਆਂ ਪੀੜ੍ਹੀਆਂ ਲਈ ਪੰਜਾਬ ਦੇ ਪਾਣੀ ਬਚਾਉਣ ਖਾਤਰ ਅਜਿਹੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਾਣੀ, ਹਵਾ ਤੇ ਜ਼ਮੀਨ ਦੀਆਂ ਵੋਟਾਂ ਨਾ ਹੋਣ ਕਾਰਨ ਰਵਾਇਤੀ ਪਾਰਟੀਆਂ ਨੇ ਇਸ ਨੂੰ ਅਣਗੌਲਿਆ ਕੀਤਾ ਅਤੇ ਸੂਬੇ ਦੇ ਇਨ੍ਹਾਂ ਗੰਭੀਰ ਮਸਲਿਆਂ ਪ੍ਰਤੀ ਕੋਈ ਧਿਆਨ ਨਹੀਂ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸੇ ਕਾਰਨ ਪ੍ਰਦੂਸ਼ਣ ਵਧਿਆ ਅਤੇ ਕੁਦਰਤੀ ਸਰੋਤ ਪਲੀਤ ਹੋ ਗਏ ਜਿਸ ਕਾਰਨ ਸਮਾਜ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ‘ਆਪ’ ਸਰਕਾਰ ਬਣਨ ਤੋਂ ਬਾਅਦ ਵਾਤਾਵਰਣ ਨੂੰ ਬਚਾਉਣ, ਨਹਿਰੀ ਪ੍ਰਣਾਲੀ ਨੂੰ ਮੁੜ ਸੁਰਜੀਤ ਕਰਨ ਅਤੇ ਸਮਾਜ ਦੀ ਭਲਾਈ ਲਈ ਹੋਰ ਮਿਸਾਲੀ ਕਦਮ ਚੁੱਕੇ ਗਏ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਪਾਣੀ ਨੂੰ ਬਚਾਉਣ ਲਈ ਸਭ ਤੋਂ ਵਧੀਆ ਤਕਨਾਲੌਜੀ ਨਾਲ ਹੱਲ ਕੱਢਣ ਨੂੰ ਯਕੀਨੀ ਬਣਾਉਣ ਲਈ ਏਸੇ ਤਰ੍ਹਾਂ ਦੇ ਯਤਨ ਕੀਤੇ ਜਾ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ‘ਇਲਾਜ ਨਾਲੋਂ ਪਰਹੇਜ਼ ਚੰਗਾ’ ਦੇ ਕਥਨ ਵਾਂਗ ਬੇਸ਼ਕੀਮਤੀ ਕੁਦਰਤੀ ਸਰੋਤ ਬਚਾਉਣ ਲਈ ਅਜਿਹੇ ਕਦਮ ਚੁੱਕੇ ਜਾ ਰਹੇ ਹਨ।

ਗੁਰਬਾਣੀ ਦੀ ਰਚਨਾ ‘ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ’ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮਹਾਨ ਗੁਰੂ ਸਾਹਿਬ ਜੀ ਨੇ ਹਵਾ (ਪਵਨ) ਨੂੰ ਗੁਰੂ ਨਾਲ, ਪਾਣੀ ਨੂੰ ਪਿਤਾ ਨਾਲ ਅਤੇ ਜ਼ਮੀਨ (ਧਰਤ) ਨੂੰ ਮਾਤਾ ਦਾ ਦਰਜਾ ਦਿੱਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਜਦੋਂ ਸਾਨੂੰ ਸੂਬੇ ਦੇ ਵਾਤਾਵਰਣ ਨੂੰ ਬਚਾਉਣ ਦਾ ਸੰਕਲਪ ਲੈ ਕੇ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਗੁਰਬਾਣੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਗ੍ਰਹਿਣ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਾ ਕੇ ਸੂਬਾ ਸਰਕਾਰ ਦਾ ਸਮਰਥਨ ਕਰਨਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਦੂਰਅੰਦੇਸ਼ ਸੋਚ ਦਾ ਲਾਭ ਉਠਾ ਰਹੀ ਹੈ, ਜਿਨ੍ਹਾਂ ਨੇ ਪਹਿਲਾਂ ਹੀ ਕੌਮੀ ਰਾਜਧਾਨੀ ਵਿੱਚ ਚੰਗਾ ਸ਼ਾਸਨ ਦੇ ਕੇ ਆਪਣੀ ਕਾਬਲੀਅਤ ਸਾਬਤ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਕੇਜਰੀਵਾਲ ਦੀ ਮੁਹਾਰਤ ਦਾ ਬਹੁਤ ਲਾਭ ਹੋ ਰਿਹਾ ਹੈ, ਜਿਨ੍ਹਾਂ ਨੇ ਦਿੱਲੀ ਵਿੱਚ ਕਈ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਹਨ। ਭਗਵੰਤ ਸਿੰਘ ਮਾਨ ਨੇ ਇਸ ਪ੍ਰੋਜੈਕਟ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਅਧਿਕਾਰੀਆਂ ਨੂੰ ਵਧਾਈ ਵੀ ਦਿੱਤੀ ਜੋ ਪ੍ਰਗਤੀਸ਼ੀਲ ਪੰਜਾਬ ਦੀ ਸਿਰਜਣਾ ਲਈ ਮੀਲ ਪੱਥਰ ਸਾਬਤ ਹੋਵੇਗਾ।

ਇਸ ਦੌਰਾਨ ‘ਆਪ’ ਨੇਤਾ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਬਹੁਤ ਮਾਣ ਤੇ ਤਸੱਲੀ ਦੀ ਗੱਲ ਹੈ ਕਿ ਅੱਜ ਮੋਹਾਲੀ ਦੇ ਸੈਕਟਰ-83 ਵਿਖੇ 15 ਐਮ.ਜੀ.ਡੀ. (ਮਿਲੀਅਨ ਗੈਲਨ ਪ੍ਰਤੀ ਦਿਨ) ਦੀ ਸਮਰੱਥਾ ਵਾਲੇ ਸੀਵਰੇਜ ਟਰੀਟਮੈਂਟ ਪਲਾਂਟ ਦਾ ਉਦਘਾਟਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਪ੍ਰੋਜੈਕਟ ਨੂੰ ਕੁੱਲ 145.26 ਕਰੋੜ ਰੁਪਏ ਦੀ ਲਾਗਤ ਨਾਲ ਅਪਗ੍ਰੇਡ ਕੀਤਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਲਾਂਟ ਦੀ ਪਹਿਲਾਂ ਸਮਰੱਥਾ 10 ਐਮ.ਜੀ.ਡੀ. ਸੀ, ਜਿਸ ਨੂੰ ਹੁਣ 15 ਐਮ.ਜੀ.ਡੀ. ਤੱਕ ਅਪਗ੍ਰੇਡ ਕਰ ਦਿੱਤਾ ਗਿਆ ਹੈ। ਅਰਵਿੰਦ ਕੇਜਰੀਵਾਲ ਨੇ ਐਲਾਨ ਕੀਤਾ ਕਿ ਆਉਣ ਵਾਲੇ ਕੁਝ ਮਹੀਨਿਆਂ ਵਿੱਚ ਮਿਸ਼ਨ ਦੇ ਅਧਾਰ ’ਤੇ ਸੂਬੇ ਨੂੰ ਨਵੀਂ ਦਿੱਖ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼ਹਿਰਾਂ ਦੇ ਵਿਕਾਸ ਨੂੰ ਹੁਲਾਰਾ ਦੇਣ ਲਈ ਰੂਪ-ਰੇਖਾ ਤਿਆਰ ਕੀਤੀ ਗਈ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਆਉਂਦੇ ਦਸੰਬਰ ਤੋਂ ਇਸ ਦੀ ਸ਼ੁਰੂਆਤ ਕਰਕੇ ਸੂਬਾ ਸਰਕਾਰ ਪੰਜਾਬ ਦੇ 166 ਸ਼ਹਿਰਾਂ ਵਿੱਚ ਪਾਣੀ ਦੀ ਸਪਲਾਈ, ਸੀਵਰੇਜ ਸਹੂਲਤ, ਸਫਾਈ, ਸੜਕਾਂ, ਲਾਈਟਾਂ ਅਤੇ ਐਸ.ਟੀ.ਪੀ. ਦੀ ਵਿਵਸਥਾ ਨੂੰ ਯਕੀਨੀ ਬਣਾਏਗੀ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਸ ਪਲਾਂਟ ਨੂੰ ਐਡਵਾਂਸਡ ਨਿਊਟ੍ਰੀਐਂਟ ਰਿਮੂਵਲ ਤਕਨਾਲੌਜੀ ਦੀ ਵਰਤੋਂ ਕਰਕੇ ਅਪਗ੍ਰੇਡ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ 15 ਐਮ.ਜੀ.ਡੀ. ਸੀਵਰੇਜ ਟਰੀਟਮੈਂਟ ਪਲਾਂਟ ਤੋਂ ਇਲਾਵਾ, 5 ਐਮ.ਜੀ.ਡੀ. ਸਮਰੱਥਾ ਵਾਲਾ ਅਲਟਰਾ ਫਿਲਟਰੇਸ਼ਨ ਟਰਸ਼ਰੀ ਟਰੀਟਮੈਂਟ ਪਲਾਂਟ ਵੀ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦਾ ਪਹਿਲਾ ਅਲਟਰਾ ਫਿਲਟ੍ਰੇਸ਼ਨ ਪਲਾਂਟ ਹੈ ਅਤੇ ਇਸ ਪਲਾਂਟ ਤੋਂ ਸੋਧੇ ਹੋਏ ਪਾਣੀ ਦੀ ਵਰਤੋਂ ਸਿੰਚਾਈ, ਸੜਕਾਂ ਦੀ ਸਫਾਈ, ਟਾਇਲਟ ਫਲੱਸ਼ਿੰਗ ਅਤੇ ਹੋਰ ਉਦੇਸ਼ਾਂ ਲਈ ਕੀਤੀ ਜਾਵੇਗੀ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੋਧੇ ਹੋਏ ਪਾਣੀ ਦੀ ਵਰਤੋਂ ਤਾਜ਼ੇ ਪਾਣੀ ’ਤੇ ਨਿਰਭਰਤਾ ਘਟਾਏਗੀ, ਜਿਸ ਨਾਲ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਵਿੱਚ ਮਦਦ ਮਿਲੇਗੀ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਬਿਜਲੀ ਦੀ ਖਪਤ ਨੂੰ ਘਟਾਉਣ ਲਈ ਇਸ ਸਥਾਨ ’ਤੇ ਇਕ ਮੈਗਾਵਾਟ ਦੀ ਸਮਰੱਥਾ ਵਾਲਾ ਸੋਲਰ ਪਾਵਰ ਪਲਾਂਟ ਵੀ ਲਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਅਗਲੇ 20 ਸਾਲਾਂ ਦੌਰਾਨ ਮੋਹਾਲੀ ਵਿੱਚ ਆਬਾਦੀ ਦੇ ਵਧਣ ਅਤੇ ਸ਼ਹਿਰੀ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ ਗਮਾਡਾ ਨੇ ਵਿਗਿਆਨਕ ਪਹੁੰਚ ਦੀ ਵਰਤੋਂ ਕਰਦੇ ਹੋਏ ਇਸ ਸੀਵਰੇਜ ਟਰੀਟਮੈਂਟ ਪਲਾਂਟ ਦੀ ਸਥਾਪਨਾ ਕੀਤੀ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਅਜਿਹੇ ਹੋਰ ਯਤਨ ਜਾਰੀ ਰੱਖੇਗੀ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਹੋਟਲ ਤੇ ਮਕਾਨ ਮਾਲਕਾਂ ਨੂੰ ਅਹਿਮ ਆਦੇਸ਼ ਜਾਰੀ



**ਮੋਗਾ, 8 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟ ?ਰੇਟ-ਕਮ-ਡਿਪਟੀ ਕਮਿਸ਼ਨਰ ਮੋਗਾ ਸ਼੍ਰੀ ਸਾਗਰ ਸੇਤੀਆ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਘਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਹੋਏ ਜ਼ਿਲ੍ਹਾ ਮੋਗਾ ਦੀ ਹਦੂਦ ਅੰਦਰ ਸਮੂਹ ਹੋਟਲ ਮਾਲਕਾਂ ਨੂੰ ਮਹੱਤਵਪੂਰਨ ਹਦਾਇਤਾਂ ਜਾਰੀ ਕੀਤੀਆਂ ਹਨ। ਉਹਨਾਂ ਕਿਹਾ ਕਿ ਹੋਟਲ ਵਿੱਚ ਠਹਿਰਣ ਵਾਲੇ ਹਰੇਕ ਵਿਅਕਤੀ ਦੀ ਸ਼ਨਾਖਤ ਲਈ ਆਈ.ਡੀ. ਪਰੂਫ ਜਿਵੇਂ ਕਿ ਆਧਾਰ ਕਾਰਡ, ਪੈਨ ਕਾਰਡ, ਪਾਸਪੋਰਟ, ਵੋਟਰ ਕਾਰਡ ਆਦਿ ਜਰੂਰ ਲਿਆ ਜਾਵੇ। ਜੇਕਰ ਇੱਕ ਤੋਂ ਵੱਧ ਵਿਅਕਤੀਆਂ ਵੱਲੋਂ ਇੱਕ ਕਮਰਾ ਲਿਆ ਜਾਂਦਾ ਹੈ ਤਾਂ ਕਮਰੇ ਵਿੱਚ ਠਹਿਰਣ ਵਾਲੇ ਹਰ ਇੱਕ ਵਿਅਕਤੀ ਦਾ ਆਈ.ਡੀ. ਪਰੂਫ ਲਿਆ ਜਾਵੇ। ਇਹ ਯਕੀਨੀ ਬਣਾਇਆ ਜਾਵੇ ਕਿ ਹੋਟਲ ਵਿੱਚ ਠਹਿਰਣ ਵਾਲੇ ਵਿਅਕਤੀਆਂ ਵੱਲੋਂ ਜੋ ਮੋਬਾਇਲ ਨੰਬਰ ਦਿੱਤਾ ਜਾਂਦਾ ਹੈ ਉਹ ਉਹਨਾਂ ਵਿਅਕਤੀਆਂ ਪਾਸ ਚਾਲੂ ਹਾਲਤ ਵਿੱਚ ਹੋਵੇ। ਇਸ ਦੀ ਪੁਸ਼ਟੀ ਲਈ ਦਿੱਤੇ ਗਏ ਮੋਬਾਇਲ ਨੰਬਰ ਤੇ ਕਾਲ ਕਰਕੇ ਪਤਾ ਲਗਾਇਆ ਜਾ ਸਕਦਾ ਹੈ। ਹੋਟਲਾਂ ਵਿੱਚ ਠਹਿਰਣ ਵਾਲਿਆਂ ਦੀ ਸੂਚਨਾ ਸਮੇਂ ਸਮੇਂ ਸਿਰ ਆਪਣੇ ਨਜਦੀਕੀ ਥਾਣੇ ਵਿੱਚ ਦਰਜ ਕਰਵਾਈ ਜਾਵੇ। ਜੇਕਰ ਹੋਟਲ ਮਾਲਕਾਂ ਵੱਲੋਂ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਉਹਨਾਂ ਦੇ ਖਿਲਾਫ ਜਾਬਤੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਹੋਟਲ ਵਿੱਚ ਠਹਿਰਣ ਵਾਲੇ ਵਿਅਕਤੀ/ਵਿਅਕਤੀਆਂ ਵੱਲੋਂ ਉਕਤ ਜਾਣਕਾਰੀ ਦੇਣ ਤੋਂ ਮਨਾਹੀ ਕੀਤੀ ਜਾਂਦੀ ਹੈ ਤਾਂ ਹੋਟਲ ਮਾਲਕ/ਸਟਾਫ ਵੱਲੋਂ ਇਸ ਬਾਰੇ ਨਜਦੀਕੀ ਥਾਣੇ ਵਿੱਚ ਸੂਚਨਾ ਦਿੱਤਾ ਜਾਵੇ। ਉਹਨਾਂ ਕਿਹਾ ਕਿ ਹੋਟਲਾਂ ਵਿੱਚ ਅਣਪਛਾਤੇ ਵਿਅਕਤੀਆਂ ਦੀ ਜਾਣਕਾਰੀ ਰੱਖਣੀ ਅਤਿ ਜਰੂਰੀ ਹੈ ਤਾਂ ਜੋ ਵਧਦੇ ਜੁਰਮਾਂ ਨੂੰ ਰੋਕਿਆ ਜਾ ਸਕੇ।

ਜ਼ਿਲ੍ਹਾ ਮੈਜਿਸਟਰੇਟ ਸ਼ ?ਰੀ ਸਾਗਰ ਸੇਤੀਆ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਘਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਮੋਗਾ ਅੰਦਰ ਸਮੂਹ ਮਕਾਨ ਮਾਲਕਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੇ ਘਰਾਂ ਵਿੱਚ ਬਿਠਾਏ ਕਿਰਾਏਦਾਰਾਂ ਅਤੇ ਘਰੇਲੂ ਨੌਕਰਾਂ ਬਾਰੇ ਸੂਚਨਾ ਆਪਣੇ ਨਜਦੀਕੀ ਥਾਣੇ ਵਿੱਚ ਦਰਜ ਜਰੂਰ ਕਰਵਾਉਣ ਅਤੇ ਉਹਨਾਂ ਦੀ ਰਜਿਸਟ ?ਰੇਸ਼ਨ ਕਰਵਾਉਣੀ ਵੀ ਯਕੀਨੀ ਬਣਾਉਣ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਹਨਾਂ ਦੇ ਖਿਲਾਫ ਜਾਬਤੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ ਮਕਾਨ ਮਾਲਕਾਂ ਵੱਲੋਂ ਕਿਰਾਏਦਾਰਾਂ ਅਤੇ ਘਰੇਲੂ ਨੌਕਰਾਂ ਬਾਰੇ ਸੂਚਨਾ ਨਜਦੀਕੀ ਥਾਣੇ ਵਿੱਚ ਦਰਜ ਕਰਵਾਉਣੀ ਜਰੂਰੀ

ਉਹਨਾਂ ਕਿਹਾ ਕਿ ਮਕਾਨ ਮਾਲਕਾਂ ਵੱਲੋਂ ਆਪਣੇ ਘਰਾਂ ਵਿੱਚ ਜੋ ਕਿਰਾਏਦਾਰ ਬਿਠਾਏ ਜਾਂਦੇ ਹਨ ਅਤੇ ਨੌਕਰ ਰੱਖੇ ਜਾਂਦੇ ਹਨ ਉਹਨਾਂ ਦੀ ਸੂਚਨਾ ਸਬੰਧਤ ਥਾਣੇ ਵਿੱਚ ਨਹੀ ਦਿੱਤੀ ਜਾਂਦੀ। ਮਕਾਨ ਮਾਲਕਾਂ ਲਈ ਇਹ ਜਰੂਰੀ ਹੈ ਕਿ ਉਹਨਾਂ ਦੇ ਘਰਾਂ ਵਿੱਚ ਬਿਠਾਏ ਕਿਰਾਏਦਾਰਾਂ ਅਤੇ ਘਰੇਲੂ ਨੌਕਰਾਂ ਬਾਰੇ ਸੂਚਨਾ ਸਬੰਧਤ ਥਾਣੇ ਨੂੰ ਦਿੱਤਾ ਜਾਵੇ ਅਤੇ ਇਹਨਾਂ ਦੀ ਰਜਿਸਟ ?ਰੇਸ਼ਨ ਵੀ ਕਰਵਾਈ ਜਾਵੇ। ਉਹਨਾਂ ਕਿਹਾ ਕਿ ਉਕਤ ਹੁਕਮ 31 ਅਗਸਤ, 2025 ਤੱਕ ਲਾਗੂ ਰਹਿਣਗੇ।

# ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਦੇ ਸਾਂਝ ਕੇਂਦਰ ਵੱਲੋਂ ਨਸ਼ਾ ਮੁਕਤ ਸਮਾਜ ਅਤੇ ਜਾਗਰੂਕ ਨਾਗਰਿਕ ਬਣਾਉਣ ਲਈ ਇੱਕ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਦਾ ਆਯੋਜਨ

**ਅੰਮ੍ਰਿਤਸਰ 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਦੇ ਸਾਂਝ ਕੇਂਦਰ ਵੱਲੋਂ ਨਸ਼ਾ ਮੁਕਤ ਸਮਾਜ ਅਤੇ ਜਾਗਰੂਕ ਨਾਗਰਿਕ ਬਣਾਉਣ ਲਈ ਇੱਕ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਹ ਸੈਮੀਨਾਰ ਅੰਮ੍ਰਿਤਸਰ ਦੇ ਪ੍ਰਸਿੱਧ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੋਲ ਬਾਗ ਵਿਖੇ ਕਰਵਾਇਆ ਗਿਆ ਜਿਸ ਵਿੱਚ ਸਕੂਲ ਦੇ ਸੈਂਕੜੇ ਵਿਦਿਆਰਥੀਆਂ ਨੇ ਭਾਗ ਲਿਆ।

ਸੈਮੀਨਾਰ ਦੌਰਾਨ ਪੁਲਿਸ ਅਧਿਕਾਰੀਆਂ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਦੱਸਿਆ ਕਿ ਕਿਵੇਂ ਨਸ਼ਾ ਨਾ ਸਿਰਫ਼ ਸਰੀਰਕ ਸਿਹਤ ਨੂੰ ਨੁਕਸਾਨ ਪਹੁੰਚਾਂਦਾ ਹੈ, ਸਗੋਂ ਪਰਿਵਾਰਕ ਅਤੇ ਸਮਾਜਿਕ ਜੀਵਨ ਨੂੰ ਵੀ ਬੁਰੇ ਢੰਗ ਨਾਲ ਪ੍ਰਭਾਵਿਤ ਕਰਦਾ ਹੈ। ਇਸ ਮੌਕੇ ਬੱਚਿਆਂ ਨੂੰ ਨਸ਼ੇ ਤੋਂ ਦੂਰ ਰਹਿਣ ਅਤੇ ਆਪਣੇ ਸਹਿਯੋਗੀ ਸਾਥੀਆਂ ਨੂੰ ਵੀ ਇਸ ਬੁਰਾਈ ਤੋਂ ਦੂਰ ਰੱਖਣ ਦੀ ਅਪੀਲ ਕੀਤੀ ਗਈ।

ਇਸ ਦੌਰਾਨ ਸਾਂਝ ਕੇਂਦਰ ਦੇ ਪ੍ਰਤੀਨਿਧੀਆਂ ਨੇ ਵਿਦਿਆਰਥੀਆਂ ਨੂੰ ਸਾਂਝ ਕੇਂਦਰ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਸੇਵਾਵਾਂ ਬਾਰੇ ਵੀ ਜਾਣੂ ਕਰਵਾਇਆ। ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਕਿਸੇ ਵੀ ਸਮੱਸਿਆ ਜਾਂ ਸ਼ਿਕਾਇਤ ਦੀ ਸੂਰਤ ਵਿੱਚ ਉਹ ਸਾਂਝ ਕੇਂਦਰ ਦੀ ਸਹਾਇਤਾ ਲੈ ਸਕਦੇ ਹਨ ਅਤੇ ਪੁਲਿਸ ਨਾਲ ਸਿੱਧਾ ਸੰਪਰਕ ਕਰਕੇ ਆਪਣੀ ਸਮੱਸਿਆ ਦਾ ਹੱਲ ਪ੍ਰਾਪਤ ਕਰ ਸਕਦੇ ਹਨ।

ਇਸ ਮੌਕੇ ਸੈਮੀਨਾਰ ਵਿੱਚ ਸਾਈਬਰ ਕਰਾਇਮ ਸੰਬੰਧੀ ਵੀ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ। ਬੱਚਿਆਂ ਨੂੰ ਦੱਸਿਆ ਗਿਆ ਕਿ ਆਨਲਾਈਨ ਫ੍ਰੌਡ, ਫੇਕ ਆਈ. ਡੀ., ਸੋਸ਼ਲ ਮੀਡੀਆ ਉਤੇ ਗਲਤ ਜਾਣਕਾਰੀ ਅਤੇ ਡਾਟਾ ਲੀਕ ਆਦਿ ਤੋਂ ਕਿਵੇਂ ਬਚਣਾ ਹੈ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਜਾਣਕਾਰੀ ਤੁਰੰਤ ਪੁਲਿਸ ਨੂੰ ਦੇਣੀ ਚਾਹੀਦੀ ਹੈ।

ਇਸ ਤੋਂ ਇਲਾਵਾ ਟ੍ਰੈਫਿਕ ਨਿਯਮਾਂ ਬਾਰੇ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ। ਵਿਦਿਆਰਥੀਆਂ ਨੂੰ ਟੂ-ਵ੍ਹੀਲਰ ਸਹੀ ਢੰਗ ਨਾਲ ਚਲਾਉਣ, ਹੈਲਮੈਟ ਦੀ ਵਰਤੋਂ, ਰੋਡ ਸਾਈਨ ਅਤੇ ਨਿਯਮਾਂ ਦੀ ਪਾਲਣਾ ਕਰਨ ਬਾਰੇ ਪ੍ਰੇਰਿਤ ਕੀਤਾ ਗਿਆ ਤਾਂ ਜੋ ਭਵਿੱਖ ਵਿੱਚ ਉਹ ਇੱਕ ਸੁਰੱਖਿਅਤ ਡਰਾਇਵਰ ਅਤੇ ਜਿੰਮੇਵਾਰ ਨਾਗਰਿਕ ਸਾਬਿਤ ਹੋ ਸਕਣ।

ਸੈਮੀਨਾਰ ਦੇ ਅੰਤ ਵਿੱਚ ਸਕੂਲ ਪ੍ਰਿੰਸੀਪਲ ਅਤੇ ਅਧਿਆਪਕਾਂ ਨੇ ਪੁਲਿਸ ਵੱਲੋਂ ਕੀਤੀ ਜਾ ਰਹੀ ਇਸ ਪਹਿਲ ਦੀ ਖੂਬ ਸਰਾਹਨਾ ਕੀਤੀ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਕਾਰਜਕ੍ਰਮਾਂ ਨਾਲ ਵਿਦਿਆਰਥੀਆਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਵਧੇਗੀ ਅਤੇ ਉਹ ਆਪਣਾ ਭਵਿੱਖ ਸੁਨਹਿਰਾ ਬਣਾ ਸਕਣਗੇ।

ਇਸ ਮੌਕੇ ਸਾਂਝ ਕੇਂਦਰ ਦੀ ਟੀਮ ਨੇ ਵਿਦਿਆਰਥੀਆਂ ਨੂੰ ਆਪਣੇ ਨਾਲ ਜੁੜਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਨਵੀਂ ਪੀੜ੍ਹੀ ਦੇ ਸਹਿਯੋਗ ਨਾਲ ਹੀ ਨਸ਼ਾ ਮੁਕਤ ਅਤੇ ਸੁਰੱਖਿਅਤ ਸਮਾਜ ਦੀ ਸਿਰਜਣਾ ਸੰਭਵ ਹੈ।

# ਬੁੱਧੀਜੀਵੀ ਲਹਿੰਬਰ ਸਿੰਘ ਤੱਗੜ ਦੀ ਪੁਸਤਕ ’ਤੇ ਗੋਸ਼ਟੀ




**ਪਟਿਆਲਾ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਘੇ ਚਿੰਤਕ, ਬੁੱਧੀਜੀਵੀ ਅਤੇ ਰਾਜਸੀ ਆਗੂ ਕਾਮਰੇਡ ਲਹਿੰਬਰ ਸਿੰਘ ਤੱਗੜ ਵੱਲੋਂ ਲਿਖੀ ਪੁਸਤਕ ‘ਪੰਜਾਬ ਵਿੱਚ ਕਮਿਊਨਿਸਟ ਲਹਿਰ ਦੀ ਉਤਪਤੀ, ਵਿਕਾਸ ਅਤੇ ਉਤਰਾਅ ਚੜ੍ਹਾਅ ਦਾ ਸੰਖੇਪ ਇਤਿਹਾਸ’ ਉਪਰ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਵੱਲੋਂ ਕਾਮਰੇਡ ਮੇਘ ਨਾਥ (ਬਠਿੰਡਾ), ਡਾ. ਦਰਸ਼ਨ ਸਿੰਘ ਆਸ਼ਟ ਪ੍ਰਧਾਨ ਅਤੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ, ਪੰਜਾਬੀ ਸਾਹਿਤ ਸਭਾ ਪਟਿਆਲਾ, ਗਿਆਨਦੀਪ ਸਾਹਿਤ ਸਾਧਨਾ ਮੰਚ ਪਟਿਆਲਾ ਸਣੇ ਪਟਿਆਲਾ ਜ਼ਿਲ੍ਹੇ ਦੀਆਂ ਬਾਕੀ ਲੇਖਕ ਸਭਾਵਾਂ ਦੇ ਸਹਿਯੋਗ ਨਾਲ ਗੋਸ਼ਟੀ ਅਤੇ ਸੈਮੀਨਾਰ ਭਾਸ਼ਾ ਵਿਭਾਗ ਪਟਿਆਲਾ ਦੇ ਆਡੀਟੋਰੀਅਮ ਵਿੱਚ ਕਰਵਾਇਆ ਗਿਆ। ਇਸ ਪੁਸਤਕ ’ਤੇ ਡਾ. ਭੀਮਇੰਦਰ ਸਿੰਘ, ਡਾ. ਜੋਗਾ ਸਿੰਘ ਅਤੇ ਡਾ. ਗੁਰਨੈਬ ਸਿੰਘ ਨੇ ਪਰਚੇ ਪੜ੍ਹੇ। ਸਮਾਗਮ ਦੇ ਮੁੱਖ ਮਹਿਮਾਨ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਅਤੇ ਵਿਸ਼ੇਸ਼ ਚਿੰਤਕ ਡਾ. ਸਵਰਾਜ ਸਿੰਘ ਸਨ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਧਾਨ ਪਵਨ ਹਰਚੰਦਪੁਰੀ ਤੋਂ ਇਲਾਵਾ ਉੱਘੇ ਚਿੰਤਕ ਡਾ. ਸੁਰਜੀਤ ਸਿੰਘ ਭੱਟੀ, ਚਿੰਤਨਸ਼ੀਲ ਲੇਖਕ ਬੀਐੱਸ ਰਤਨ, ਡਾ. ਜੋਗਿੰਦਰ ਸਿੰਘ ਨਿਰਾਲਾ ਅਤੇ ਡਾ ਗੁਰਚਰਨ ਕੌਰ ਕੋਚਰ ਸੀਨੀਅਰ ਮੀਤ ਪ੍ਰਧਾਨ ਕੇਂਦਰੀ ਸਭਾ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਗੁਰਪ੍ਰੀਤ ਢਿੱਲੋਂ ਦੁਆਰਾ ਗਾਏ ਗੀਤ ਪਗੜੀ ਸੰਭਾਲ ਜੱਟਾ ਦੇ ਨਾਲ ਹੋਈ। ਡਾ. ਭੀਮਇੰਦਰ ਸਿੰਘ, ਡਾ. ਜੋਗਾ ਸਿੰਘ ਅਤੇ ਡਾ. ਗੁਰਨੈਬ ਸਿੰਘ ਨੇ ਪੇਪਰ ਪੜ੍ਹਦਿਆਂ ਕਿਹਾ ਕਿ ਇਹ ਪੁਸਤਕ ਕਮਿਊਨਿਸਟ ਲਹਿਰ ਦਾ ਸਾਰਥਿਕ ਇਤਿਹਾਸਕ ਤੇ ਵਿਗਿਆਨਕ ਦਸਤਾਵੇਜ਼ ਹੈ। ਬਹਿਸ ਅਤੇ ਸੰਵਾਦ ਵਿੱਚ ਡਾ. ਸੁਰਜੀਤ ਸਿੰਘ ਭੱਟੀ, ਬੀਐੱਸ ਰਤਨ, ਡਾ. ਸਵਰਾਜ ਸਿੰਘ, ਪਵਨ ਹਰਚੰਦਪੁਰੀ, ਡਾ.ਗੁਰਚਰਨ ਕੌਰ ਕੋਚਰ ਤੇ ਡਾ. ਭਗਵੰਤ ਸਿੰਘ ਆਦਿ ਨੇ ਵਿਚਾਰਾਂ ਦੀ ਸਾਂਝ ਪਾਈ।

# ਗੀਤਕਾਰ ਧਰਮ ਕੰਮੇਆਣਾ ਨਾਲ ਰੂਬਰੂ




**ਰਾਜਪੁਰਾ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਟਰੀ ਭਵਨ ਵਿੱਚ ਲੋਕ ਸਾਹਿਤ ਸੰਗਮ ਦੀ ਸਾਹਿਤਕ ਬੈਠਕ ਪ੍ਰਧਾਨ ਡਾ. ਗੁਰਵਿੰਦਰ ਅਮਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਪੰਜਾਬੀ ਦੇ ਉੱਘੇ ਗੀਤਕਾਰ ਤੇ ਸਾਹਿਤਕਾਰ ਧਰਮ ਕੰਮੇਆਣਾ ਨਾਲ ਰੂਬਰੂ ਕਰਵਾਇਆ ਗਿਆ। ਸਾਹਿਤਕ ਸਮਾਗਮ ਦਾ ਆਗਾਜ਼ ਲੋਕ ਕਵੀ ਕਰਮ ਸਿੰਘ ਹਕੀਰ ਦੇ ਗੀਤ ‘ਜਦ ਬੇਰੀ ਤੋੜਨ ਜਾਵਾਂਗੇ’ ਨਾਲ ਹੋਇਆ। ਇਸ ਦੌਰਾਨ ਅਵਤਾਰ ਪਵਾਰ ਨੇ ਗੀਤ ‘ਫ਼ਿਜ਼ਾ ਵਿਚ ਆਪਣੇ ਬੋਲਾਂ ਦੀ ਖੁਸ਼ਬੂ ਘੋਲਦੇ ਪੰਛੀ’ ਸੁਣਾਇਆ। ਰਣਜੀਤ ਸਿੰਘ ਫ਼ਤਹਿਗੜ੍ਹ ਸਾਹਿਬ ਤੇ ਹਰਪਾਲ ਸਿੰਘ ਪਾਲ ਨੇ ਗੀਤ ਸੁਣਾ ਕੇ ਵਾਹ ਵਾਹ ਖੱਟੀ। ਕੁਲਵੰਤ ਜੱਸਲ, ਸੁਨੀਤਾ ਦੇਸਰਾਜ, ਗੀਤਕਾਰ ਮੰਗਤ ਜੰਗਪੁਰੇ ਵਾਲਾ ਤੇ ਮਨਜੀਤ ਸਿੰਘ ਨਾਗਰਾ ਨੇ ਗੀਤਾਂ ਦੀ ਛਹਿਬਰ ਲਾਈ। ਦਲਜੀਤ ਸਿੰਘ ਸੈਦਖੇੜੀ ਤੇ ਡੀਐੱਸਪੀ ਰਘਬੀਰ ਸਿੰਘ ਨੇ ਸ਼ੇਅਰ ਸੁਣਾਏ। ਇਸ ਦੌਰਾਨ ਧਰਮ ਕੰਮੇਆਣਾ ਨੇ ਆਪਣੀ ਜ਼ਿੰਦਗੀ ਦੇ ਅਹਿਮ ਕਿੱਸੇ ਸਾਂਝੇ ਕੀਤੇ ਅਤੇ ਉਨ੍ਹਾਂ ਨੇ ਆਪਣੇ ਗੀਤਕਾਰੀ ਜੀਵਨ ਦਾ ਸਫ਼ਰ ਤੇ ਆਪਣੇ ਸਾਹਿਤਕ ਤੱਥ ਪੇਸ਼ ਕੀਤੇ। ਸੰਗਮ ਦੇ ਪ੍ਰਧਾਨ ਡਾ. ਗੁਰਵਿੰਦਰ ਅਮਨ ਨੇ ਜਿਥੇ ਸਾਹਿਤਕ ਰਚਨਾਵਾਂ ਦਾ ਮੁਲਾਂਕਣ ਕੀਤਾ ਉੱਥੇ ਧਰਮ ਕੰਮਿਆਣਾ ਨਾਲ ਆਪਣੇ ਅਨੁਭਵਾਂ ਦਾ ਵੀ ਜ਼ਿਕਰ ਕੀਤਾ। ਬਲਦੇਵ ਸਿੰਘ ਖੁਰਾਣਾ ਨੇ ਸਟੇਜ ਦੀ ਕਾਰਵਾਈ ਚਲਾਈ।

# ਕੈਂਟਰ ਤੇ ਟਰੱਕ ਵਿਚਾਲੇ ਟੱਕਰ, ਇਕ ਹਲਾਕ

**ਰਾਜਪੁਰਾ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ੰਭੂ ਬਾਰਡਰ ਨੇੜੇ ਬਾਬਾ ਬੰਦਾ ਸਿੰਘ ਮਾਰਗ ’ਤੇ ਇਕ ਕੈਂਟਰ ਅਤੇ ਟਰੱਕ ਵਿਚਾਲੇ ਟੱਕਰ ਕਾਰਨ ਕੈਂਟਰ ਚਾਲਕ ਦਲਜੀਤ ਸਿੰਘ ਦੀ ਮੌਤ ਹੋ ਗਈ। ਮ੍ਰਿਤਕ ਦਲਜੀਤ ਸਿੰਘ ਦੇ ਭਰਾ ਤੇਲੂ ਰਾਮ ਵਾਸੀ ਪਿੰਡ ਗੜ੍ਹ ਬਾਗਾ ਥਾਣਾ ਨੂਰਪੁਰ ਬੇਦੀ ਜ਼ਿਲ੍ਹਾ ਰੋਪੜ ਨੇ ਪੁਲੀਸ ਨੂੰ ਦੱਸਿਆ ਕਿ ਬੀਤੇ ਦਿਨ ਸਵੇਰੇ ਕਰੀਬ 6 ਵਜੇ ਉਸ ਦਾ ਭਰਾ ਆਪਣਾ ਕੈਂਟਰ ਲੈ ਕੇ ਰਾਣਾ ਪੈਟਰੋਲ ਪੰਪ ਨੇੜੇ ਪਿੰਡ ਤੇਪਲਾ ਜਾ ਰਿਹਾ ਸੀ ਤਾਂ ਇਕ ਟਰੱਕ ਚਾਲਕ ਨੇ ਤੇਜ਼ ਰਫ਼ਤਾਰ ਅਤੇ ਲਾਪ੍ਰਵਾਹੀ ਨਾਲ ਟਰੱਕ ਚਲਾਉਂਦਿਆਂ ਉਸ ਦੇ ਭਰਾ ਦੇ ਕੈਂਟਰ ਵਿਚ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਦਲਜੀਤ ਸਿੰਘ ਦੀ ਮੌਤ ਹੋ ਗਈ। ਥਾਣਾ ਸ਼ੰਭੂ ਦੀ ਪੁਲੀਸ ਨੇ ਟਰੱਕ ਦੇ ਅਣਪਛਾਤੇ ਚਾਲਕ ਖ਼ਿਲਾਫ਼ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲੀਸ ਦਾ ਕਹਿਣਾ ਹੈ ਕਿ ਮਾਮਲੇ ਵਿੱਚ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਕੌਮੀ ਪਤ੍ਰਿਕਾ

# ਲੁਕਮਾਨ ਦੀ ਕਹਾਣੀ



ਲੁਕਮਾਨ ਦੀ ਇਕ ਛੋਟੀ ਜਿਹੀ ਕਹਾਣੀ ਹੈ ਅਤੇ ਲੁਕਮਾਨ ਨੇ ਕਹਾਣੀਆਂ ਜ਼ਰੀਏ ਹੀ ਆਪਣਾ ਸੰਦੇਸ਼ ਦਿੱਤਾ ਹੈ। ਈਸਪ ਦੀਆਂ ਪ੍ਰਸਿੱਧ ਕਹਾਣੀਆਂ ਅੱਧੇ ਨਾਲੋਂ ਜ਼ਿਆਦਾ ਲੁਕਮਾਨ ਦੀਆਂ ਹੀ ਕਹਾਣੀਆਂ ਹਨ, ਜਿਨ੍ਹਾਂ ਨੂੰ ਈਸਪ ਨੇ ਦੁਬਾਰਾ ਪੇਸ਼ ਕੀਤਾ ਹੈ।

ਲੁਕਮਾਨ ਕਹਿੰਦਾ ਹੈ, ਇਕ ਮੱਖੀ ਇਕ ਹਾਥੀ ਉੱਪਰ ਬੈਠ ਗਈ। ਹਾਥੀ ਨੂੰ ਕੁਝ ਪਤਾ ਹੀ ਨਾ ਲੱਗਾ ਕਿ ਮੱਖੀ ਉਸ ਉੱਪਰ ਕਦੋਂ ਬੈਠੀ। ਮੱਖੀ ਬਹੁਤ ਭਿਨਭਿਨਾਈ, ਆਵਾਜ਼ਾਂ ਪੈਦਾ ਕੀਤੀਆਂ ਤੇ ਕਿਹਾ, 'ਭਰਾਵਾ, ਤੈਨੂੰ ਕੋਈ ਤਕਲੀਫ਼ ਹੋਵੇ ਤਾਂ ਦੱਸ ਦੇਵੀਂ। ਵਜ਼ਨ ਮਹਿਸੂਸ ਹੋਵੇ ਤਾਂ ਖ਼ਬਰ ਕਰ ਦੇਵੀਂ, ਮੈਂ ਹਟ ਜਾਵਾਂਗੀ' ਪਰ ਹਾਥੀ ਨੂੰ ਤਾਂ ਕੁਝ ਸੁਣਾਈ ਹੀ ਨਾ ਦਿੱਤਾ। ਫਿਰ ਹਾਥੀ ਇਕ ਪੁਲ ਉੱਪਰੋਂ ਦੀ ਗੁਜ਼ਰਦਾ ਹੈ। ਵੱਡੀ ਪਹਾੜੀ ਨਦੀ ਸੀ। ਕਾਫ਼ੀ ਡੂੰਘੀ ਸੀ। ਮੱਖੀ ਨੇ ਕਿਹਾ, 'ਵੇਖ, ਅਸੀਂ ਦੋ ਹਾਂ, ਕਿਤੇ ਪੁਲ ਟੁੱਟ ਨਾ ਜਾਵੇ। ਜੇ ਅਜਿਹਾ ਕੁਝ ਡਰ ਲੱਗੇ ਤਾਂ ਮੈਨੂੰ ਦੱਸ ਜ਼ਰੂਰ ਦੇਵੀਂ। ਮੇਰੇ ਕੋਲ ਖੰਭ ਹਨ, ਮੈਂ ਉੱਡ ਜਾਵਾਂਗੀ।' ਹਾਥੀ ਦੇ ਕੰਨਾਂ ਵਿਚ ਮਾਮੂਲੀ ਜਿਹੀ ਭਿਣਕ ਪਈ ਪਰ ਉਸ ਨੇ ਕੋਈ ਧਿਆਨ ਨਹੀਂ ਦਿੱਤਾ। ਫਿਰ ਮੱਖੀ ਦੇ ਵਿਦਾ ਹੋਣ ਦਾ ਸਮਾਂ ਆ ਗਿਆ। ਉਸ ਨੇ ਕਿਹਾ, 'ਯਾਤਰਾ ਬਹੁਤ ਸੁੱਖਦਾਈ ਰਹੀ। ਤੀਰਥ ਯਾਤਰਾ ਸੀ, ਅਸੀਂ ਦੋਵੇਂ ਸੰਗੀ-ਸਾਥੀ ਰਹੇ, ਮਿੱਤਰਤਾ ਬਣੀ। ਕੋਈ ਕੰਮ ਹੋਵੇ ਤਾਂ ਮੈਨੂੰ ਜ਼ਰੂਰ ਦੱਸੀਂ।

ਤਦ ਮੱਖੀ ਦੀ ਥੋੜ੍ਹੀ ਜਿਹੀ ਆਵਾਜ਼ ਹਾਥੀ ਨੂੰ ਸੁਣਾਈ ਦਿੱਤੀ। ਉਸ ਨੇ ਕਿਹਾ, 'ਤੂੰ ਕੌਣ ਹੈ, ਮੈਨੂੰ ਕੁਝ ਪਤਾ ਨਹੀਂ। ਤੂੰ ਕਦੋਂ ਆਈ, ਕਦੋਂ ਤੂੰ ਮੇਰੇ ਸਰੀਰ 'ਤੇ ਬੈਠੀ, ਕਦੋਂ ਤੂੰ ਉੱਡ ਗਈ, ਮੈਨੂੰ ਇਸ ਦਾ ਕੁਝ ਹਿਸਾਬ ਨਹੀਂ।' ਪਰ ਤਦ ਤਕ ਮੱਖੀ ਜਾ ਚੁੱਕੀ ਸੀ।

ਲੁਕਮਾਨ ਆਖਦਾ ਹੈ, 'ਸਾਡਾ ਹੋਣਾ ਵੀ ਅਜਿਹਾ ਹੀ ਹੈ। ਇਸ ਵੱਡੀ ਧਰਤੀ 'ਤੇ ਸਾਡੇ ਹੋਣ ਨਾ ਹੋਣ ਨਾਲ ਕੋਈ ਫ਼ਰਕ ਨਹੀਂ ਪੈਂਦਾ। ਇਸ ਵੱਡੇ ਅਸਤਿਤਵ ਵਿਚ ਹਾਥੀ ਅਤੇ ਮੱਖੀ ਦੇ ਅਨੁਪਾਤ ਨਾਲੋਂ ਵੀ ਸਾਡਾ ਅਨੁਪਾਤ ਛੋਟਾ ਹੈ। ਕੀ ਫ਼ਰਕ ਪੈਂਦਾ ਹੈ? ਪਰ ਅਸੀਂ ਬਹੁਤ ਸ਼ੋਰ-ਸ਼ਰਾਬਾ ਪਾਉਂਦੇ ਹਾਂ। ਇਹ ਸ਼ੋਰ-ਸ਼ਰਾਬਾ ਕਾਹਦੇ ਲਈ ਹੈ? ਉਹ ਮੱਖੀ ਕੀ ਚਾਹੁੰਦੀ ਸੀ? ਉਹ ਚਾਹੁੰਦੀ ਸੀ ਕਿ ਹਾਥੀ ਸਵੀਕਾਰ ਕਰੇ ਕਿ 'ਤੂੰ ਵੀ ਹੈ...ਤੇਰੀ ਵੀ ਆਪਣੀ ਕੋਈ ਹੋਂਦ ਹੈ।'

ਸਾਡਾ ਅਹੰਕਾਰ ਇਕੱਲਿਆਂ ਨਹੀਂ ਜੀਅ ਸਕਦਾ। ਦੂਸਰਾ ਉਸ ਨੂੰ ਮੰਨੇ, ਤਦ ਹੀ ਜੀਅ ਸਕਦਾ ਹੈ। ਇਸ ਲਈ ਅਸੀਂ ਹਰ ਤਰ੍ਹਾਂ ਦਾ ਉਪਾਅ ਕਰ ਰਹੇ ਹਾਂ ਕਿਸੇ ਤਰ੍ਹਾਂ ਦੂਸਰੇ ਸਾਨੂੰ ਜ਼ਰੂਰ ਮੰਨਣ, ਸਾਡੇ ਵੱਲ ਧਿਆਨ ਦੇਣ, ਸਾਡੇ ਵੱਲ ਵੇਖਣ, ਸਾਨੂੰ ਨਜ਼ਰਅੰਦਾਜ਼ ਨਾ ਕਰਨ।

ਅਸੀਂ ਕੱਪੜੇ ਪਹਿਨਦੇ ਹਾਂ ਤਾਂ ਦੂਸਰਿਆਂ ਲਈ, ਇਸ਼ਨਾਨ ਕਰਦੇ ਹਾਂ ਤਾਂ ਦੂਸਰਿਆਂ ਲਈ, ਸਜਦੇ-ਸੰਵਰਦੇ ਹਾਂ ਤਾਂ ਦੂਸਰਿਆਂ ਲਈ। ਧਨ ਇਕੱਠਾ ਕਰਦੇ ਹਾਂ, ਮਕਾਨ ਬਣਾਉਂਦੇ ਹਾਂ ਤਾਂ ਦੂਸਰਿਆਂ ਲਈ। ਦੂਸਰੇ ਵੇਖਣ ਅਤੇ ਸਵੀਕਾਰ ਕਰਨ ਕਿ ਤੂੰ ਤਾਂ ਸਭ ਤੋਂ ਵਿਲੱਖਣ ਹੈ। ਤੂੰ ਕੋਈ ਆਮ ਆਦਮੀ ਨਹੀਂ ਹੈ। ਤੂੰ ਕੋਈ ਮਿੱਟੀ ਤੋਂ ਬਣਿਆ ਪੁਤਲਾ ਨਹੀਂ। ਤੂੰ ਮਿੱਟੀ ਤੋਂ ਨਹੀਂ ਉਪਜਿਆ ਤੇ ਨਾ ਹੀ ਮਿੱਟੀ ਵਿਚ ਮਿਲ ਜਾਵੇਂਗਾ, ਤੂੰ ਸਾਰਿਆਂ ਤੋਂ ਵਿਲੱਖਣ ਹੈ। ਤੇਰੀ ਮਹਿਮਾ ਸਭ ਤੋਂ ਅਨੂਠੀ ਹੈ। ਤੂੰ ਬਾਕੀਆਂ ਨਾਲੋਂ ਹਟ ਕੇ ਹੈਂ। ਅਹੰਕਾਰ ਸਦਾ ਇਸੇ ਭਾਲ ਵਿਚ ਹੈ। •

**– ਓਸ਼ੋ**

## ਰਾਗ ਨਾਦ ਸਬਦਿ ਸੋਹਣੇ 23

**ਇਕਵਾਕ ਸਿੰਘ ਪੱਟੀ**

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 23ਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਕੇਦਾਰਾ' ਬਾਰੇ...



### ਰਾਗ ਕੇਦਾਰਾ

ਰਾਗ ਕੇਦਾਰਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਤਰਤੀਬ 'ਚ ਤੇਈਵੇਂ ਸਥਾਨ 'ਤੇ ਆਉਂਦਾ ਹੈ। ਰਾਗ ਕੇਦਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 1118 ਤੋਂ ਲੈ ਕੇ 1124 ਤਕ ਦਰਜ ਹੈ। ਇਸ ਰਾਗ ਵਿਚ ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ ਹੈ ਅਤੇ ਭਗਤ ਸਾਹਿਬਾਨ ਵਿੱਚੋਂ ਕਬੀਰ ਸਾਹਿਬ ਅਤੇ ਰਵਿਦਾਸ ਜੀ ਦੀ ਬਾਣੀ ਸ਼ਾਮਲ ਹੈ। ਗੁਰਬਾਣੀ ਅੰਦਰ ਇਕ ਥਾਂ ਤੇ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਰਾਗ ਕੇਦਾਰਾ ਦਾ ਜ਼ਿਕਰ ਕਰਦੇ ਹੋਏ ਫ਼ੁਰਮਾਉਂਦੇ ਹਨ, **'ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ॥ ਸਤਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ॥'** ਭਾਵ ਕੇਦਾਰਾ ਰਾਗ ਤਾਂ ਹੀ ਭਲਾ ਹੈ ਜੇ ਇਸ ਦਾ ਗਾਇਨ ਕਰਨ ਵਾਲਾ ਗੁਰੂ ਦੇ ਸ਼ਬਦ ਨਾਲ ਜੁੜ ਜਾਵੇ, ਭਾਵ ਉਸ ਅੰਦਰ ਪ੍ਰਭੂ ਪਿਆਰ ਪੈਦਾ ਹੋ ਜਾਵੇ। ਉਹ ਸਤਸੰਗਤ ਕਰਦਾ ਰਹੇ ਤੇ ਪਰਮਾਤਮਾ ਨਾਲ ਪਿਆਰ ਧਾਰਨ ਕਰਦਾ ਰਹੇ।

ਇਤਿਹਾਸਕ ਤੇ ਸੰਗੀਤਕ ਪੱਖ ਤੋਂ ਘੋਖੀਏ ਤਾਂ ਇਹ ਪ੍ਰਾਚੀਨ ਰਾਗ ਹੋਣ ਦੇ ਨਾਲ ਇਕ ਸਰਲ ਰਾਗ ਹੈ। ਇਹੀ ਕਾਰਨ ਹੈ ਕਿ ਇਹ ਵਧੇਰੇ ਲੋਕਪਸੰਦ ਰਾਗ ਹੈ। ਕੇਦਾਰਾ ਰਾਗ ਦੀਆਂ ਹੋਰ ਕਿਸਮਾਂ ਵੀ ਸੰਗੀਤ ਖੇਤਰ 'ਚ ਪ੍ਰਚਲਿਤ ਹਨ। ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਦੇ ਪੰਨਾ ਨੰਬਰ 347 'ਤੇ ਲਿਖਦੇ ਹਨ, 'ਇਹ ਕਲਿਆਣ ਥਾਟ ਦਾ ਇਕ ਸੰਪੂਰਣ ਰਾਗ ਹੈ। ਇਸ 'ਚ ਮੱਧਮ ਸ਼ੁੱਧ ਅਤੇ ਤੀਵਰ ਦੋਵੇਂ ਲੱਗਦੇ ਹਨ। ਨਿਸ਼ਾਧ ਵੀ ਦੋਵੇਂ ਹਨ। ਸ਼ੁੱਧ ਮੱਧਮ ਵਾਦੀ ਅਤੇ ਸੜਜ਼ ਸੰਵਾਦੀ ਹੈ। ਤੀਵਰ ਮੱਧਮ ਅਤੇ ਗਾਂਧਾਰ ਦੁਰਬਲ ਹਨ। ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਿਰ ਹੈ।' •

98150-24920

## ਜ਼ਿਆਰਤ



ਜ਼ਿਆਰਤ ਕਹਿੰਦੇ ਹਨ ਕਿਸੇ ਪਵਿੱਤਰ ਧਾਰਮਿਕ ਸਥਾਨ ਦੇ ਦਰਸ਼ਨ ਕਰਨ ਜਾਣਾ, ਯਾਤਰਾ ਕਰਨ ਜਾਣਾ, ਜਿਵੇਂ ਤੀਰਥ ਯਾਤਰਾ 'ਤੇ ਜਾਣਾ ਆਦਿ। ਕਿਸੇ ਮਹਾਨ, ਨੇਕ, ਪਾਕ ਆਦਮੀ ਜਾਂ ਧਾਰਮਿਕ ਵਿਅਕਤੀ ਨੂੰ ਮਿਲਣ ਜਾਣ ਨੂੰ ਵੀ ਉਸ ਦੀ ਜ਼ਿਆਰਤ ਕਰਨਾ ਕਹਿ ਦਿੰਦੇ ਹਨ। 'ਜ਼ਿਆਰਤਗਾਹ' ਆਮ ਤੌਰ 'ਤੇ ਕਾਮਿਲ ਸੂਫ਼ੀ ਦਰਵੇਸ਼ਾਂ ਦੀਆਂ ਦਰਗਾਹਾਂ, ਮਜ਼ਾਰਾਂ, ਉਨ੍ਹਾਂ ਦੀਆਂ ਆਖ਼ਰੀ ਆਰਾਮਗਾਹਾਂ ਲਈ ਵਰਤਿਆ ਜਾਣ ਵਾਲਾ ਸ਼ਬਦ ਹੈ, ਜਿੱਥੇ ਆਮ ਜਨਤਾ ਤੇ ਸੂਫ਼ੀ ਦਰਵੇਸ਼ਾਂ ਦੇ ਅਕੀਦਤਮੰਦ ਉਨ੍ਹਾਂ ਦੇ ਮਜ਼ਾਰ ਉੱਤੇ ਹਾਜ਼ਰੀ ਦੇਣ ਆਉਂਦੇ ਹਨ ਅਤੇ ਉੱਥੇ ਜਾ ਕੇ ਨਜ਼ਰਾਨਾ-ਏ-ਅਕੀਦਤ ਪੇਸ਼ ਕਰਦੇ ਹਨ। ਬਹੁਤ ਸਾਰੇ ਲੋਕ ਇਨ੍ਹਾਂ ਦਰਗਾਹਾਂ, ਜ਼ਿਆਰਤਗਾਹਾਂ ਉੱਤੇ ਜਾ ਕੇ ਇਨ੍ਹਾਂ ਹੋ ਗੁਜ਼ਰੇ ਅੱਲਾਹ ਦੇ ਵਲੀਆਂ ਦੇ ਵਸੀਲੇ ਨਾਲ ਰੱਬ ਕੋਲੋਂ ਦੁਆਵਾਂ ਮੰਗਦੇ ਹਨ। 'ਜ਼ਿਆਰਤੀ' ਉਸ ਯਾਤਰੀ ਨੂੰ ਜਾਂ ਅਕੀਦਤਮੰਦ ਨੂੰ ਆਖਦੇ ਹਨ, ਜੋ ਇਨ੍ਹਾਂ ਦਰਗਾਹਾਂ ਦੀ ਜ਼ਿਆਰਤ ਲਈ ਜਾਂਦਾ ਹੈ। ਬਹੁਤੇ ਹਾਜੀ ਮੱਕੇ ਦਾ ਹੱਜ ਕਰਨ ਤੋਂ ਬਾਅਦ ਮਦੀਨਾ ਮੁਨੱਵਰਾ ਵਿਖੇ ਮਸਜਿਦ-ਏ-ਨਬਵੀ ਦੀ ਜ਼ਿਆਰਤ ਲਈ ਵੀ ਜਾਂਦੇ ਹਨ, ਜਿੱਥੇ ਪੈਗੰਬਰ-ਏ-ਇਸਲਾਮ ਹਜ਼ਰਤ ਮੁਹੰਮਦ ਸਾਹਿਬ ਦੀ ਆਖ਼ਰੀ ਆਰਾਮਗਾਹ ਹੈ।

• **ਪ੍ਰਿੰ. ਗੁਰਚਰਨ ਸਿੰਘ ਤਲਵਾੜਾ**, 94634-63193

# ਗੁਰੂ ਘਰ ਦੇ ਅਨਿਨ ਸੇਵਕ

## ਬਾਬਾ ਬੁੱਢਾ ਜੀ



ਉਠਦਿਆਂ, ਬਹਿੰਦਿਆਂ, ਸਵੇਂਦਿਆਂ ਨਾਮ ਸਿਮਰਨ 'ਚ ਲੀਨ, ਗੁਰਸਿੱਖ ਜੀਅੜੇ ਬਾਬਾ ਬੁੱਢਾ ਜੀ ਦਾ ਜਨਮ 22 ਅਕਤੂਬਰ 1506 ਨੂੰ ਮਾਤਾ ਗੌਰਾਂ ਜੀ ਤੇ ਭਾਈ ਸੁੱਖੇ ਰੰਧਾਵੇ ਦੇ ਘਰ ਪਿੰਡ ਕੱਥੂ ਨੰਗਲ ਵਿਖੇ ਹੋਇਆ। ਆਪ ਦਾ ਪਹਿਲਾ ਨਾਂ 'ਬੂੜਾ' ਸੀ। ਤੇਜ਼ ਬੁੱਧੀ, ਗੰਭੀਰ ਸੁਭਾਅ ਦੇ ਮਾਲਕ ਬਾਬਾ ਜੀ ਬਚਪਨ ਕੱਥੂ ਨੰਗਲ 'ਚ ਬਤਾ ਕੇ ਮਾਤਾ-ਪਿਤਾ ਨਾਲ ਰਮਦਾਸ ਆ ਗਏ। ਇਥੇ ਬਾਬਾ ਜੀ ਦਾ ਮਿਲਾਪ 1518 ਈਸਵੀ 'ਚ ਜਗਤ-ਗੁਰੂ ਨਾਨਕ ਸਾਹਿਬ ਨਾਲ ਹੋਇਆ। ਗੁਰੂ ਸਾਹਿਬ ਦੀ ਸੰਗਤ ਤੋਂ ਪਿੱਛੋਂ ਆਪ ਜੀ ਦਾ ਨਾਂ ਬਾਬਾ ਬੁੱਢਾ ਪ੍ਰਚਲਤ ਹੋ ਗਿਆ। ਉਸ ਸਮੇਂ ਬਾਬਾ ਜੀ ਦੀ ਉਮਰ 12 ਸਾਲ ਦੇ ਲਗਪਗ ਸੀ।

ਕੁਝ ਸਮੇਂ ਪਿੱਛੋਂ ਬਾਬਾ ਜੀ ਘਰ-ਪਰਿਵਾਰ ਛੱਡ ਕਰਤਾਰਪੁਰ ਵਿਖੇ ਗੁਰੂ-ਸੰਗਤ ਦੀ ਸੇਵਾ 'ਚ ਲੀਨ ਹੋ ਗਏ ਤੇ ਗੁਰੂ ਘਰ ਦੀ ਸੇਵਾ ਕਰਦਿਆਂ ਕਾਫ਼ੀ ਸਮਾਂ ਬੀਤ ਗਿਆ। ਬਾਬਾ ਜੀ ਨੇ ਆਪਣਾ ਜੀਵਨ-ਮਿਸ਼ਨ ਗੁਰੂ ਘਰ ਦੀ ਸੇਵਾ ਤੇ ਸਿਮਰਨ ਕਰਦਿਆਂ ਜੀਵਨ-ਮੁਕਤ ਹੋਣ ਦਾ ਬਣਾ ਲਿਆ। ਬਾਬਾ ਜੀ ਗ੍ਰਹਿਸਥੀ ਮਾਰਗ ਦੇ ਪਾਂਧੀ ਨਹੀਂ ਸਨ ਬਣਨਾ ਚਾਹੁੰਦੇ ਪਰ ਮਾਤਾ-ਪਿਤਾ ਦੀ ਇੱਛਾ ਦਾ ਸਤਿਕਾਰ ਕਰਦਿਆਂ 1538 'ਚ ਬੀਬੀ ਮਿਰੋਆ ਨਾਲ ਸ਼ਾਦੀ ਕਰ ਲਈ। ਕਿਹਾ ਜਾਂਦਾ ਹੈ ਕਿ ਬਾਬਾ ਜੀ ਦੀ ਬਰਾਤ 'ਚ ਗੁਰੂ ਨਾਨਕ ਸਾਹਿਬ ਦੇ ਦੋਵੇਂ ਸਪੁੱਤਰ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ ਸ਼ਾਮਲ ਹੋਏ। ਬਾਬਾ ਜੀ ਦੇ ਘਰ ਚਾਰ ਪੁੱਤਰ ਪੈਦਾ ਹੋਏ। ਕੁਝ ਸਮਾਂ ਪਰਿਵਾਰ ਨਾਲ ਬਸਰ ਕਰ ਕੇ ਬਾਬਾ ਜੀ ਫਿਰ ਗੁਰੂ-ਸੰਗਤ ਦੀ ਸੇਵਾ 'ਚ ਲੱਗ ਗਏ। ਇਸ ਸਮੇਂ ਤਕ ਭਾਈ ਲਹਿਣਾ ਜੀ (ਜੋ ਪਹਿਲਾਂ ਦੇਵੀ ਭਗਤ ਸਨ) ਵੀ ਗੁਰਮਤਿ ਮਾਰਗ ਦੇ ਪਾਂਧੀ ਬਣ ਚੁੱਕੇ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ 'ਜੋਤਿ' ਭਾਈ ਲਹਿਣਾ ਜੀ ਵਿਚ ਪਰਵਿਰਤ ਕਰ ਦਿੱਤੀ। ਜੂਨ 1539 'ਚ ਉਨ੍ਹਾਂ ਨੂੰ ਆਪਣਾ 'ਅੰਗ' ਜਾਣ ਕੇ 'ਗੁਰੂ ਅੰਗਦ ਦੇਵ' ਬਣਾ ਦਿੱਤਾ। ਬਾਬਾ ਬੁੱਢਾ ਜੀ ਤੋਂ ਗੁਰਿਆਈ ਦੀ ਰਸਮ ਪੂਰੀ ਕਰਵਾ ਆਪ ਗੁਰੂ ਨਾਨਕ ਸਾਹਿਬ ਨੇ 'ਗੁਰੂ-ਜੋਤਿ' ਨੂੰ ਮੱਥਾ ਟੇਕਿਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਖਡੂਰ ਸਾਹਿਬ ਵਿਖੇ ਨਵੀਂ ਧਰਮਸ਼ਾਲ ਸਥਾਪਤ ਕੀਤੀ। ਆਰੰਭ ਵਿਚ ਗੁਰੂ ਜੀ 'ਗੁਰਗੱਦੀ' ਦੇ ਮਸਲੇ ਕਾਰਨ ਮਾਤਾ ਵਿਰਾਈ ਪਾਸ ਗੁਪਤਵਾਸ ਹੋ ਗਏ। ਸੰਗਤਾਂ ਗੁਰੂ ਦਰਸ਼ਨ ਲਈ ਬਿਹਬਲ ਹੋ ਉਠੀਆਂ। ਬਾਬਾ ਬੁੱਢਾ ਜੀ ਨੇ ਗੁਰਮਤਿ ਜੁਗਤਿ ਅਨੁਸਾਰ ਗੁਰੂ ਹੁਕਮ ਦੀ ਪਾਲਣਾ ਕਰਦਿਆਂ ਸੰਗਤਾਂ ਨੂੰ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਵਾਏ। ਬਾਬਾ ਬੁੱਢਾ ਜੀ ਨੇ ਗੁਰੂ ਹੁਕਮ ਸਦਕਾ ਗੁਰਮਤਿ ਮਾਰਗ ਦੇ ਪਾਂਧੀਆਂ ਨੂੰ ਗੁਰਮੁਖੀ ਲਿੱਪੀ 'ਚ ਵਿੱਦਿਆ ਦੇਣੀ ਤੇ ਲੰਗਰ ਦੀ ਸੇਵਾ ਸ਼ੁਰੂ ਕੀਤੀ।

ਅੰਤਮ ਸਮਾਂ ਨੇੜੇ ਆਇਆ ਜਾਣ ਕੇ ਗੁਰੂ ਅੰਗਦ ਦੇਵ ਜੀ ਨੇ ਸ਼ਰਧਾ, ਪ੍ਰੇਮ, ਸੇਵਾ ਤੇ ਕੁਰਬਾਨੀ ਦੇ ਪੁੰਜ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਸੌਂਪ, ਬਾਬਾ ਬੁੱਢਾ ਜੀ ਤੋਂ ਗੁਰਿਆਈ ਦੀ ਰਸਮ ਪੂਰੀ ਕਰਵਾਈ। ਗੁਰੂ ਅਮਰਦਾਸ ਜੀ ਨੇ 'ਗੁਰੂ' ਹੁਕਮ ਅਨੁਸਾਰ ਗੋਇੰਦਵਾਲ ਨੂੰ ਸਿੱਖੀ ਦਾ ਪ੍ਰਚਾਰ- ਪ੍ਰਸਾਰ ਕੇਂਦਰ ਬਣਾਇਆ। ਗੁਰਗੱਦੀ 'ਤੇ ਦਾਤੂ ਨੇ ਆਪਣਾ ਵਿਰਾਸਤੀ ਹੱਕ ਜਤਾਉਂਦਿਆਂ ਗੁਰੂ ਜੀ ਨਾਲ ਝਗੜਾ ਸ਼ੁਰੂ ਕਰ ਦਿੱਤਾ। ਗੁਰੂ ਜੀ ਗੋਇੰਦਵਾਲ ਤੋਂ ਬਾਸਰਕੇ ਆ ਗਏ ਤੇ ਇਕ ਕਮਰੇ 'ਚ ਬੈਠ ਬੂਹਾ ਬੰਦ ਕਰਵਾ ਕੇ ਬੰਦਗੀ ਕਰਨ ਲੱਗੇ। ਗੋਇੰਦਵਾਲ ਸੰਗਤਾਂ ਗੁਰੂ ਦਰਸ਼ਨਾਂ ਲਈ ਆਉਂਦੀਆਂ ਪਰ ਗੁਰੂ ਦਰਸ਼ਨਾਂ ਤੋਂ ਬਿਨਾਂ ਵਿਆਕੁਲ ਹੋ ਉੱਠਦੀਆਂ। ਸੰਗਤਾਂ ਨੇ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ। ਬਾਬਾ ਜੀ ਹੁਕਮ ਦੀ ਅਵੱਗਿਆ ਨਹੀਂ ਸਨ ਕਰਨੀ ਚਾਹੁੰਦੇ ਤੇ ਸੰਗਤਾਂ ਦੀ ਸਿੱਕ ਨੂੰ ਵੀ ਤ੍ਰਿਪਤ ਕਰਨਾ ਜ਼ਰੂਰੀ ਸੀ। ਬਾਬਾ ਬੁੱਢਾ ਜੀ ਨੇ ਕਮਰੇ ਨੂੰ ਪਿਛਲੇ ਪਾਸਿਓਂ ਸੰਨ੍ਹ ਲਾ ਕੇ ਗੁਰੂ-ਚਰਨਾਂ 'ਤੇ ਸੀਸ ਝੁਕਾਇਆ। ਗੁਰੂ ਜੀ ਬਾਬਾ ਜੀ ਦੀ ਸ਼ਰਧਾ, ਸੂਝ ਤੇ ਲਿਆਕਤ ਤੋਂ ਬਹੁਤ ਪ੍ਰਭਾਵਿਤ ਹੋਏ। ਗੁਰੂ ਜੀ ਸੰਗਤ ਦੀ ਬੇਨਤੀ ਪ੍ਰਵਾਨ ਕਰ ਗੋਇੰਦਵਾਲ ਸਾਹਿਬ ਆ ਗਏ।

ਸ੍ਰੀ ਗੁਰੂ ਅਮਰਦਾਸ ਜੀ ਨੇ ਜਦ ਵੇਖਿਆ ਕਿ ਸੁਚ-ਭਿਟ, ਉਚ-ਨੀਚ ਤੇ ਛੂਤ-ਛਾਤ ਕਾਰਨ ਮਨੁੱਖ-ਮਨੁੱਖ ਨੂੰ ਘਿਰਣਾ ਕਰਦਾ ਹੈ ਤਾਂ ਉਨ੍ਹਾਂ ਨੇ ਇਸ ਦੇ ਸਦੀਵੀ ਹੱਲ ਲਈ ਬਾਉਲੀ ਬਣਾਉਣੀ ਚਾਹੀ, ਜਿੱਥੋਂ ਹਰ ਧਰਮ, ਹਰ ਜਾਤ, ਹਰ ਇਲਾਕੇ ਦਾ ਮਨੁੱਖ ਇਸ਼ਨਾਨ ਕਰ ਕੇ ਵਿਤਕਰਿਆਂ ਰੂਪੀ ਚੁਰਾਸੀ ਤੋਂ ਮੁਕਤ ਹੋ ਸਕੇ। ਗੁਰੂ ਜੀ ਨੇ 1552 ਈਸਵੀ 'ਚ ਬਾਬਾ ਬੁੱਢਾ ਜੀ ਪਾਸੋਂ ਬਾਉਲੀ ਦਾ ਟੱਕ ਲਗਵਾਇਆ। ਇਸ ਕਾਰਜ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਵੀ ਬਾਬਾ ਬੁੱਢਾ ਜੀ ਨੂੰ ਸੌਂਪੀ ਗਈ। ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਖੇਤਰ ਨੂੰ ਵਧਾਉਣ ਤੇ ਨਿਯਮਬੱਧ ਕਰਨ ਹਿੱਤ 22 ਮੰਜੀਆਂ ਦੀ ਅਸਥਾਪਨਾ ਕੀਤੀ। ਇਸ ਮੰਜੀ-ਪ੍ਰਥਾ ਦੇ ਮੁੱਖ ਪ੍ਰਬੰਧਕ ਵੀ ਬਾਬਾ ਬੁੱਢਾ ਜੀ ਹੀ ਸਨ।



*ਡਾ. ਰੂਪ ਸਿੰਘ*
98146-37979

ਬਾਦਸ਼ਾਹ ਅਕਬਰ ਜਦ ਪਹਿਲੀ ਵਾਰ ਗੁਰੂ-ਦਰਸ਼ਨਾਂ ਲਈ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ ਤਾਂ ਬਾਬਾ ਬੁੱਢਾ ਜੀ ਨੇ ਹੀ ਬਾਦਸ਼ਾਹ ਨੂੰ ਨਾਨਕ 'ਨਿਰਮਲ ਪੰਥ' ਦੀ ਨਿਰਮਲਤਾ ਤੇ ਮਰਿਆਦਾ ਤੋਂ ਜਾਣੂ ਕਰਵਾਇਆ। ਬਾਦਸ਼ਾਹ ਗੁਰੂ ਕੇ ਲੰਗਰ ਛਕ, 'ਗੁਰੂ ਸੰਗਤ' ਦੇ ਦਰਸ਼ਨ ਕਰ ਕੇ ਬਹੁਤ ਪ੍ਰਭਾਵਿਤ ਹੋਇਆ। ਗੁਰੂ ਅਮਰਦਾਸ ਜੀ ਨੇ ਗੁਰੂ-ਘਰ ਦੀ ਮਰਿਆਦਾ ਅਨੁਸਾਰੀ ਗੁਰਿਆਈ ਦੇ ਯੋਗ ਅਧਿਕਾਰੀ ਨਿਸ਼ਕਾਮ ਸੇਵਕ (ਗੁਰੂ) ਰਾਮਦਾਸ ਜੀ ਨੂੰ ਗੁਰਿਆਈ ਦੀ ਬਖ਼ਸ਼ਿਸ਼ ਕਰ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦੀ ਰਸਮ ਕਰਵਾਈ। ਕੁਝ ਸਮੇਂ ਪਿੱਛੋਂ ਗੁਰੂ ਅਮਰਦਾਸ ਜੀ 'ਜੋਤੀ-ਜੋਤਿ' ਸਮਾ ਗਏ। ਬਾਬਾ ਬੁੱਢਾ ਜੀ ਨੇ ਗੁਰੂ ਅਮਰਦਾਸ ਜੀ ਦੀਆਂ ਅੰਤਮ ਰਸਮਾਂ ਆਪਣੇ ਹੱਥੀਂ ਕੀਤੀਆਂ।

ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ ਹੁਕਮ ਦੀ ਪਾਲਣਾ ਕਰਦਿਆਂ 'ਰਾਮਦਾਸਪੁਰ' ਦੀ ਸਥਾਪਨਾ ਕਰ, ਬਾਬਾ ਬੁੱਢਾ ਜੀ ਤੋਂ ਅੰਮ੍ਰਿਤ ਸਰੋਵਰ ਦਾ ਟੱਕ ਲਗਵਾ, ਬਾਬਾ ਜੀ ਨੂੰ ਇਸ ਮਹਾਨ ਸੇਵਾ ਦਾ ਮੁੱਖ ਸੇਵਾਦਾਰ ਨਿਯੁਕਤ ਕੀਤਾ, ਜਿਸ ਸਥਾਨ 'ਤੇ ਬੈਠ ਕੇ ਬਾਬਾ ਜੀ ਪਾਵਨ ਸਰੋਵਰ ਦੀ ਸੇਵਾ ਕਰਵਾਇਆ ਕਰਦੇ ਸਨ, ਉਹ ਥਾਂ ਸ੍ਰੀ ਦਰਬਾਰ ਸਾਹਿਬ ਵਿਚ 'ਬੇਰ ਬਾਬਾ ਬੁੱਢਾ' ਜੀ ਇਤਿਹਾਸਕ ਯਾਦ ਵਜੋਂ ਅੱਜ ਵੀ ਸੁਰੱਖਿਅਤ ਹੈ। ਗੁਰੂ ਰਾਮਦਾਸ ਜੀ ਨੇ ਆਪਣੇ ਛੋਟੇ ਸਪੁੱਤਰ (ਗੁਰੂ) ਅਰਜਨ ਦੇਵ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪ, ਬਾਬਾ ਬੁੱਢਾ ਜੀ ਤੋਂ ਗੁਰਿਆਈ ਦੀਆਂ ਰਸਮਾਂ ਪੂਰੀਆਂ ਕਰਵਾ ਆਪ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ। ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਸਮੁੱਚੀ ਉਸਾਰੀ ਦੇ ਕੰਮਾਂ ਦਾ ਪ੍ਰਬੰਧ ਸੰਭਾਲ ਦਿੱਤਾ। ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾਤਾ ਪ੍ਰਿਥੀ ਚੰਦ ਨੇ ਗੁਰਗੱਦੀ 'ਤੇ ਹੱਕ ਜਮਾਉਣਾ ਚਾਹਿਆ। ਇਸ ਸੁਆਰਥ ਲਈ ਇਸ ਨੇ ਹਰ ਹੀਲੇ ਸੰਗਤਾਂ ਨੂੰ ਗੁਮਰਾਹ ਕਰਨਾ ਚਾਹਿਆ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਇਸ ਗੁਮਰਾਹਕੁੰਨ ਪ੍ਰਚਾਰ ਤੋਂ ਸੰਗਤਾਂ ਨੂੰ ਸੁਚੇਤ ਕਰ ਕੇ ਗੁਰੂ ਘਰ ਨਾਲ ਜੋੜੀ ਰੱਖਿਆ।

ਗੁਰੂ ਅਰਜਨ ਦੇਵ ਜੀ ਨੇ ਸਮੁੱਚੀ ਮਾਨਵਤਾ ਦੇ ਉਧਾਰ ਹਿਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਕੀਤੀ। ਕਾਫ਼ੀ ਸੋਚ-ਵਿਚਾਰ ਕਰ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਹੀ ਮੁੱਖ-ਗ੍ਰੰਥੀ ਦੀ ਸੇਵਾ ਸੌਂਪਣ ਦਾ ਫ਼ੈਸਲਾ ਲਿਆ। ਗੁਰ-ਬਿਲਾਸ ਪਾਤਸ਼ਾਹੀ ਛੇਵੀਂ ਦੇ ਸ਼ਬਦਾਂ ਵਿਚ :

**ਕਰਤ ਵਿਚਾਰ ਇਹ ਠਹਰਾਈ।**
**ਬੁੱਢਾ ਜੀ ਸੇਵਾ ਨਿਪੁਨਾਈ।**
**ਗੁਰੂ ਨਾਨਕ ਇਨ ਦਰਸ਼ਨ ਕਰੇ।**
**ਸੇਵਾ ਮੈਂ ਅਤਿ ਹਿਤ ਇਹ ਧਰੇ।**

ਜਦ ਪਾਵਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ ਤਾਂ ਮੁੱਖ-ਗ੍ਰੰਥੀ ਬਾਬਾ ਬੁੱਢਾ ਜੀ ਨੇ ਹੀ ਪਹਿਲਾ ਵਾਕ ਸੰਗਤਾਂ ਨੂੰ ਸਰਵਣ ਕਰਵਾਇਆ।

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥**
**ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥**
**ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥**
**ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥**
**ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥**
**ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮ ਧਿਆਇਆ॥**

ਜਿਸ ਸਮੇਂ ਗੁਰੂ ਅਰਜਨ ਦੇਵ ਜੀ ਨੇ ਮਾਝੇ-ਦੁਆਬੇ ਦਾ ਪ੍ਰਚਾਰ ਦੌਰਾ ਕੀਤਾ ਤਾਂ ਬਾਬਾ ਬੁੱਢਾ ਜੀ ਗੁਰੂ ਆਗਿਆ ਸਦਕਾ ਕੁਝ ਸਮੇਂ ਪਿੱਛੋਂ 'ਬੀੜ' ਠਠਾ ਪਿੰਡ ਚਲੇ ਗਏ। ਇਹ ਬੀੜ ਗੁਰੂ-ਘਰ ਦੇ ਇਕ ਸ਼ਰਧਾਲੂ ਨੇ ਗੁਰੂ-ਘਰ ਦੇ ਮਾਲ (ਡੰਗਰਾਂ) ਲਈ ਰਾਖਵੀਂ ਰੱਖੀ ਸੀ। ਮਾਤਾ ਗੰਗਾ ਜੀ ਦੀ ਔਲਾਦ ਦੀ ਖਾਹਸ਼ ਪੂਰੀ ਕਰਨ ਹਿਤ ਗੁਰੂ ਜੀ ਨੇ ਮਾਤਾ ਜੀ ਨੂੰ ਬਾਬਾ ਬੁੱਢਾ ਜੀ ਦੀ ਸੇਵਾ ਵਿਚ ਬੀੜ ਠਠਾ ਵਿਖੇ ਹਾਜ਼ਰ ਹੋਣ ਲਈ ਕਹਿ ਕੇ ਬਾਬਾ ਜੀ ਦੀ ਮਹਾਨ ਸ਼ਖ਼ਸੀਅਤ ਨੂੰ ਸਤਿਕਾਰ ਬਖ਼ਸ਼ਿਆ। ਮਾਤਾ ਗੰਗਾ ਜੀ ਗੁਰੂ ਹੁਕਮ ਅਨੁਸਾਰ ਬੀੜ ਸਾਹਿਬ ਦੇ ਸਥਾਨ 'ਤੇ ਗਏ। ਪ੍ਰਭੂ-ਕਿਰਪਾ ਸਦਕਾ ਮਾਤਾ ਜੀ ਦੀ ਖ਼ਾਹਸ਼ (ਗੁਰੂ) ਹਰਗੋਬਿੰਦ ਜੀ ਦੇ ਆਗਮਨ ਨਾਲ ਪੂਰੀ ਹੋਈ। ਜਦੋਂ ਬਾਲ ਹਰਿਗੋਬਿੰਦ ਪੰਜ ਸਾਲ ਦੇ ਹੋਏ ਤਾਂ ਉਨ੍ਹਾਂ ਨੂੰ ਹਰ ਖੇਤਰ ਵਿਚ ਪ੍ਰਬੀਨ ਬਣਾਉਣ ਲਈ ਬਾਬਾ ਬੁੱਢਾ ਜੀ ਦੀਆਂ ਹੀ ਸੇਵਾਵਾਂ ਲਈਆਂ ਗਈਆਂ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿੱਛੋਂ ਗੁਰੂ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ (ਗੁਰੂ) ਹਰਿਗੋਬਿੰਦ ਜੀ ਨੂੰ ਗੁਰਿਆਈ ਦੀਆਂ ਰਸਮਾਂ ਨਿਭਾਅ ਕੇ ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨਾਈਆਂ ਤਾਂ ਜੋ ਜ਼ਾਲਮ ਹਕੂਮਤ ਦਾ ਮੁਕਾਬਲਾ ਕੀਤਾ ਜਾ ਸਕੇ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਸ਼ਹੀਦ ਗੁਰੂ-ਪਿਤਾ ਦੀਆਂ ਇੱਛਾਵਾਂ ਅਨੁਸਾਰ ਹਰ ਤਰ੍ਹਾ ਦੀ ਤਿਆਰੀ ਸ਼ੁਰੂ ਕਰ ਦਿੱਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਤੋਂ ਕਰਵਾਈ, ਜਿਸ ਤੋਂ ਪ੍ਰਤੱਖ ਹੁੰਦਾ ਹੈ ਕਿ ਧਾਰਮਿਕ-ਅਧਿਆਤਮਕ ਇਮਾਰਤਾਂ-ਸੰਸਥਾਵਾਂ ਦੀ ਉਸਾਰੀ ਰਾਜ-ਮਿਸਤਰੀ ਨਹੀਂ ਕਰਦੇ ਬਲਕਿ ਧਰਮੀ ਪੁਰਸ਼ ਹੀ ਕਰ ਸਕਦੇ ਹਨ। **'ਕਿਸੀ ਰਾਜ ਨਹਿੰ ਹਾਥ ਲਗਾਯੋ। ਬੁੱਢੇ ਔ ਗੁਰਦਾਸ ਬਨਾਯੋ॥'** ਸੰਗਤਾਂ ਨੂੰ ਫ਼ੁਰਮਾਨ ਜਾਰੀ ਕੀਤਾ ਗਿਆ ਕਿ ਗੁਰੂ-ਦਰਬਾਰ ਵਿਚ ਚੰਗੇ ਸ਼ਸਤਰ, ਵਧੀਆ ਘੋੜੇ ਤੇ ਉਠਦੀਆਂ ਜਵਾਨੀਆਂ ਦੀਆਂ ਭੇਟਾਵਾਂ ਲੈ ਕੇ ਹਾਜ਼ਰ ਹੋਣ।

ਪਰ ਦੂਜੇ ਪਾਸੇ ਮੁਗ਼ਲ ਹਕੂਮਤ ਨੂੰ ਇਹ ਕਿਸ ਤਰ੍ਹਾਂ ਭਾ ਸਕਦਾ ਸੀ ਕਿ ਉਨ੍ਹਾਂ ਦੇ ਸਮਾਨਾਂਤਰ ਕੋਈ ਸਰਕਾਰ ਬਣਾ ਕੇ ਫ਼ੁਰਮਾਨ ਜਾਰੀ ਕਰੇ। ਸਮੇਂ ਦੀ ਹਕੂਮਤ ਦੇ ਆਦੇਸ਼ ਮੁਤਾਬਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਕੈਦ ਕਰ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ ਗਿਆ। ਬਾਬਾ ਬੁੱਢਾ ਜੀ ਗਵਾਲੀਅਰ ਗਏ ਪਰ ਸਮੇਂ ਦੇ ਹਾਕਮਾਂ ਨੇ ਬਾਬਾ ਜੀ ਨੂੰ ਗੁਰੂ ਜੀ ਦੇ ਦਰਸ਼ਨ ਕਰਨ ਦੀ ਆਗਿਆ ਨਾ ਦਿੱਤੀ। ਬਾਬਾ ਜੀ ਗੁਰੂ ਜਸ ਕਰਦੇ ਹੋਏ ਕਿਲ੍ਹੇ ਦੀ ਪਰਿਕਰਮਾ ਕਰਨ ਲੱਗ ਪਏ। ਜਦ ਗੁਰੂ ਜੀ ਦੀ ਰਿਹਾਈ ਹੋਈ ਤਾਂ ਬਾਬਾ ਜੀ ਨੇ ਗੁਰੂ ਜੀ ਦੇ ਦਰਸ਼ਨਾਂ ਕਰ ਸੰਗਤਾਂ ਦੀ ਬਿਹਬਲਤਾ ਦਰਸਾਈ। ਗੁਰੂ ਜੀ ਨੇ ਫ਼ੁਰਮਾਇਆ, 'ਬਾਬਾ ਜੀ, ਆਪ ਜੀ ਨੇ ਏਨੀ ਖੇਚਲ ਕਿਉਂ ਕੀਤੀ। ਅਸਾਂ ਤਾਂ ਆ ਹੀ ਜਾਣਾ ਸੀ।' ਬਾਬਾ ਬੁੱਢਾ ਜੀ ਨੇ 'ਸਤਿਗੁਰਾਂ' ਜੀ ਯਾਦ ਤਾਜ਼ਾ ਰੱਖਣ ਲਈ ਚੌਂਕੀ ਸਾਹਿਬ ਦੀ ਰੀਤ ਹਰਿਮੰਦਰ ਸਾਹਿਬ 'ਚ ਚਲਾਈ, ਜੋ ਅੱਜ ਤਕ ਨਿਰੰਤਰ ਜਾਰੀ ਹੈ।

ਸਮੇਂ ਦੇ ਨਾਲ ਬਾਬਾ ਜੀ ਬਹੁਤ ਬਿਰਧ ਹੋ ਚੁੱਕੇ ਸਨ। ਗੁਰੂ ਜੀ ਤੋਂ ਬਾਬਾ ਬੁੱਢਾ ਜੀ ਆਗਿਆ ਪ੍ਰਾਪਤ ਕਰ ਕੇ ਆਪਣੇ ਪਿੰਡ ਰਮਦਾਸ ਆ ਗਏ। ਬਾਬਾ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ, ਗੁਰੂ ਦਰਸ਼ਨਾਂ ਦੀ ਇੱਛਿਆ ਕੀਤੀ ਤੇ ਇਕ ਆਦਮੀ ਰਾਹੀਂ ਗੁਰੂ ਜੀ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ। ਗੁਰੂ ਹਰਗੋਬਿੰਦ ਸਾਹਿਬ ਜੀ ਬਾਬਾ ਜੀ ਦੀ ਬੇਨਤੀ ਪ੍ਰਵਾਨ ਕਰ ਰਮਦਾਸ ਪਹੁੰਚੇ। ਪੰਜ ਗੁਰੂ ਸਾਹਿਬਾਨ ਦੀ ਹੱਥੀਂ ਗੁਰਿਆਈ ਦੀ ਰਸਮ ਨਿਭਾ ਅੱਠ ਗੁਰੂ ਸਾਹਿਬਾਨ ਦੇ ਸ਼ਖ਼ਸੀ ਦਰਸ਼ਨ ਕਰ 125 ਸਾਲ ਦੀ ਉਮਰ ਭੋਗ ਕੇ ਬਾਬਾ ਬੁੱਢਾ ਜੀ ਨੇ 16 ਨਵੰਬਰ 1631 ਈਸਵੀ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਪਾਵਨ ਹੱਥਾਂ ਵਿਚ ਅੰਤਮ ਸਵਾਸ ਲਏ। ਗੁਰੂ ਨਾਨਕ ਸਾਹਿਬ ਦੇ ਪਾਵਨ ਬਚਨ ਪ੍ਰਤੱਖ ਕਰਦੇ ਹੋਏ - ਬੁੱਢਆ ਤੈਥੋਂ ਕਦੇ ਓਹਲੇ ਨਾ ਹੋਸਾ। ਗੁਰੂ ਪਾਤਸ਼ਾਹ ਬਾਬਾ ਜੀ ਦਾ ਅੰਤਮ ਸੰਸਕਾਰ ਆਪਣੇ ਹੱਥੀਂ ਕਰ ਪਰਿਵਾਰ ਨੂੰ ਭਾਣਾ ਮੰਨਣ ਤੇ ਸੰਗਤਾਂ ਨੂੰ ਬਾਬਾ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣ ਦਾ ਉਪਦੇਸ਼ ਕਰ ਅੰਮ੍ਰਿਤਸਰ ਵਾਪਸ ਆ ਗਏ। •

**ਧਰਮਿੰਦਰ ਸਿੰਘ ਚੱਬਾ**

*ਖ਼ਾਲਸੇ ਨੇ ਆਪਣੇ ਫਰਜ਼ ਲਈ ਚਾਹੇ ਚਰੱਖੜੀਆਂ 'ਤੇ ਚੜ੍ਹਨਾ ਪਿਆ, ਬੰਦ-ਬੰਦ ਕਟਵਾਉਣੇ ਪਏ, ਖੱਲਾਂ ਲੁਹਾਉਣੀਆਂ ਪਈਆਂ, ਆਰਿਆਂ ਨਾਲ ਚੀਰੇ ਗਏ, ਨੇਜ਼ਿਆਂ 'ਤੇ ਟੰਗੇ ਗਏ, ਦੇਗਾਂ 'ਚ ਉਬਾਲੇ ਗਏ ਜਾਂ ਰੰਬੀ ਨਾਲ ਖੋਪਰੀਆਂ ਉਤਰਵਾਉਣੀਆਂ ਪਈਆਂ ਪਰ 'ਸੀਅ' ਤਕ ਨਾ ਉਚਾਰੀ...*

# ਸ਼ਹੀਦ ਭਾਈ ਤਾਰੂ ਸਿੰਘ ਜੀ



ਅਠਾਰਵੀਂ ਸਦੀ ਦੇ ਮਹਾਨ ਗੁਰਸਿੱਖ ਭਾਈ ਤਾਰੂ ਸਿੰਘ ਨੇ ਸੰਸਾਰ 'ਚ ਸ਼ਹੀਦੀ ਦੀ ਵੱਖਰੀ ਮਿਸਾਲ ਕਾਇਮ ਕਰਦਿਆਂ ਸਿੱਖੀ ਦਾ ਜੋ ਪਰਚਮ ਲਹਿਰਾਇਆ ਉਹ ਸਦਾ ਝੂਲਦਾ ਰਹੇਗਾ ਤੇ ਉਨ੍ਹਾਂ ਦੀ ਕੁਰਬਾਨੀ ਦੀ ਯਾਦ ਦਿਵਾਉਂਦਾ ਰਹੇਗਾ। ਜ਼ਾਲਮ ਹੁਕਮਰਾਨ ਕਈ ਸਦੀਆਂ ਤਕ ਜਨਤਾ ਨੂੰ ਲੁੱਟਦੇ, ਕੁੱਟਦੇ ਤੇ ਡੰਡੇ ਦੇ ਜ਼ੋਰ ਨਾਲ ਰਾਜ ਕਰਦੇ ਰਹੇ। ਗੁਰੂ ਨਾਨਕ ਦੇਵ ਜੀ ਦੇ ਹੌਸਲੇ ਨੇ ਦੱਬੇ ਕੁਚਲੇ ਲੋਕਾਂ ਅੰਦਰ ਨਵੀਂ ਰੂਹ ਫੂਕੀ।

ਫਿਰ ਦੱਸਵੀਂ ਜੋਤ ਦੇ ਰੂਪ ਵਿਚ ਸੰਨ 1699 ਨੂੰ ਵਿਸਾਖੀ ਵਾਲੇ ਦਿਨ ਖ਼ਾਲਸੇ ਦੀ ਸਾਜਣਾ ਕੀਤੀ। ਅੰਮ੍ਰਿਤ ਦੀ ਪਵਿੱਤਰ ਦਾਤ ਦੀ ਬਖ਼ਸ਼ਿਸ਼ ਕਰ ਕੇ ਖ਼ਾਲਸੇ ਨੂੰ ਜ਼ਾਲਮ ਤੇ ਜ਼ੁਲਮ ਦੇ ਵਿਰੁੱਧ ਟਕਰਾ ਕੇ ਸਵੈਮਾਣ ਤੇ ਅਣਖ ਦੇ ਰੰਗ 'ਚ ਐਸਾ ਰੰਗਿਆ ਕਿ ਖ਼ਾਲਸੇ ਨੇ ਆਪਣੇ ਫਰਜ਼ ਲਈ ਹਰ ਕਸ਼ਟ ਨੂੰ ਹੱਸ ਕੇ ਸਹਿ ਲਿਆ। ਆਪਣੇ ਫਰਜ਼ ਲਈ ਚਾਹੇ ਚਰੱਖੜੀਆਂ 'ਤੇ ਚੜ੍ਹਨਾ ਪਿਆ, ਬੰਦ-ਬੰਦ ਕਟਵਾਉਣੇ ਪਏ, ਪੁੱਠੀਆਂ ਖੱਲਾਂ ਲੁਹਾਉਣੀਆਂ ਪਈਆਂ, ਆਰਿਆ ਨਾਲ ਚੀਰੇ ਗਏ, ਕੀਮਾ-ਕੀਮਾ ਕੀਤੇ ਗਏ, ਨੇਜ਼ਿਆਂ 'ਤੇ ਟੰਗੇ ਗਏ, ਦੇਗਾਂ 'ਚ ਉਬਾਲੇ ਗਏ ਜਾਂ ਰੰਬੀ ਨਾਲ ਖੋਪਰੀਆਂ ਉਤਰਵਾਉਣੀਆਂ ਪਈਆਂ ਪਰ 'ਸੀਅ' ਤਕ ਨਾ ਉਚਾਰੀ। ਸਿੱਖੀ ਸਿਦਕ ਤੋੜ ਤਕ ਨਿਭਿਆ। ਸਿੱਖ ਕੌਮ ਦੇ ਐਸੇ ਅਨਮੋਲ ਹੀਰਿਆਂ 'ਚੋਂ ਇਕ ਹੀਰਾ ਭਾਈ ਤਾਰੂ ਸਿੰਘ ਜੀ ਵੀ ਹਨ। ਭਾਈ ਤਾਰੂ ਸਿੰਘ ਪਿੰਡ ਪੂਹਲਾ ਦੇ ਰਹਿਣ ਵਾਲੇ ਗੁਰਸਿੱਖ ਸੀ। ਉਨ੍ਹਾਂ ਦੇ ਪਿਤਾ ਵੀ ਗੁਰੂ ਘਰ ਦੇ ਪ੍ਰੇਮੀ ਸਨ। ਉਹ ਮੁਕਤਸਰ ਸਾਹਿਬ ਦੀ ਜੰਗ ਵਿਚ ਸੂਬਾ ਸਰਹਿੰਦ ਦੀ ਫ਼ੌਜ ਨਾਲ ਲੜਦੇ ਹੋਏ ਸ਼ਹੀਦੀ ਜਾਮ ਪੀ ਗਏ ਸਨ। ਘਰ ਵਿਚ ਮਾਤਾ ਤੇ ਇਕ ਭੈਣ ਸੀ, ਜੋ ਵਿਆਹੀ ਹੋਈ ਸੀ ਪਰ ਉਸ ਦਾ ਪਤੀ ਗੁਜ਼ਰ ਚੁੱਕਾ ਸੀ ਤੇ ਉਹ ਵੀ ਆਪਣੇ ਭਰਾ ਤੇ ਮਾਤਾ ਕੋਲ ਹੀ ਰਹਿੰਦੀ ਸੀ। ਭਾਈ ਤਾਰੂ ਸਿੰਘ ਸ਼ਾਂਤ ਸੁਭਾਅ ਦੇ ਮਾਲਕ ਸਨ। ਪਰਮਾਤਮਾ ਦੀ ਬੰਦਗੀ ਹੀ ਉਨ੍ਹਾਂ ਦਾ ਧਰਮ-ਕਰਮ ਸੀ। ਖੇਤਾਂ ਵਿਚ ਜੋ ਵਾਹੁੰਦੇ-ਬੀਜਦੇ ਸਨ,।ਉਹ ਸਰਬੱਤ ਦੇ ਭਲੇ ਲਈ ਲੰਗਰ ਲਾ ਛੱਡਣੇ ਇਸ ਗੁਰਸਿੱਖ ਦਾ ਨਿੱਤ ਦਾ ਕਰਮ ਸੀ। ਭਾਈ ਰਤਨ ਸਿੰਘ ਭੰਗੂ ਲਿਖਦੇ ਹਨ :

**ਸਾਖੀ ਤਾਰੂ ਸਿੰਘ ਕੀ ਸੁਨੋਂ ਸਿੰਘ ਮਨ ਲਾਇ। ਜੋ ਖ਼ਾਨ ਬਹਾਦਰ ਲੈ ਤੁਰਯੋ, ਖੋਪਰੀ ਸਿਰੋਂ ਉਤਰਾਇ।**
**ਸੋ ਮਾਝੈ ਮੈਂ ਬਸਤ ਥੋ, ਭਲੇ ਸੁ ਪੂਲੈ ਗਾਮ।**
**ਹਠੀ ਤਪੀ ਸਾਰੋ ਸਤੀ, ਨਿਹੰਗ ਤਾਰੂ ਸਿੰਘ ਨਾਮ।**

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਹਕੂਮਤ ਨੇ ਸਿੱਖਾਂ 'ਤੇ ਅੱਤਿਆਚਾਰ ਵਧਾ ਦਿੱਤਾ ਸੀ। ਸਿੱਖ ਜੰਗਲਾਂ ਵਿਚ ਜਾ ਛੁਪੇ ਸਨ। ਭਾਈ ਤਾਰੂ ਸਿੰਘ ਜੀ ਜੋ ਕੁਝ ਕਮਾਉਂਦੇ ਸਨ ਸਿੱਖਾਂ ਨੂੰ ਜੰਗਲਾਂ-ਬੇਲਿਆਂ 'ਚ ਜਾ ਕੇ ਲੰਗਰ-ਪਾਣੀ ਛਕਾ ਆਉਂਦੇ ਸਨ। ਪਿੰਡ ਪੂਹਲੇ ਦੇ ਲਾਗੇ ਇਕ ਰੱਖ ਵਿਚ ਕਦੇ ਕਦਾਈਂ ਕੁਝ ਸਿੰਘ ਆ ਕੇ ਠਹਿਰਦੇ ਸਨ, ਜੋ ਹਕੂਮਤ ਨਾਲ ਗਾਹੇ-ਬਗਾਹੇ ਟੱਕਰ ਲੈਂਦੇ ਸਨ। ਭਾਈ ਸਾਹਿਬ ਲੰਗਰ ਤਿਆਰ ਕਰ ਕੇ ਉਸ ਰੱਖ ਵਿਚ ਰਾਤ ਨੂੰ ਉਨ੍ਹਾਂ ਸਿੱਖਾਂ ਨੂੰ ਛਕਾ ਆਉਂਦੇ ਤੇ ਨਾਲੇ ਹੋਰ ਵੀ ਕਈ ਪ੍ਰਕਾਰ ਦੀ ਮਦਦ (ਸੂਹ ਵਗੈਰਾ) ਦੇ ਆਉਂਦੇ ਸਨ। ਇਸ ਗੱਲ ਦਾ ਪਤਾ ਜਦ ਜ਼ਾਲਮ ਹਕੂਮਤ ਦੇ ਮੁਖਬਰ ਜੰਡਿਆਲਾ ਨਿਵਾਸੀ ਹਰਭਗਤ ਨਿਰੰਜਨੀਏ ਨੂੰ ਲੱਗਾ ਤਾਂ ਉਸ ਨੇ ਸੂਬੇਦਾਰ ਜ਼ਕਰੀਆ ਖਾਂ ਨੂੰ ਇਤਲਾਹ ਦਿੱਤੀ ਕਿ ਪਿੰਡ ਪੂਹਲਾ ਦਾ ਰਹਿਣ ਵਾਲਾ ਸਿੱਖ ਭਾਈ ਤਾਰੂ ਸਿੰਘ ਹਕੂਮਤ ਵਿਰੋਧੀਆਂ ਨੂੰ ਆਪਣੇ ਘਰ 'ਚ ਪਨਾਹ ਦਿੰਦਾ ਹੈ, ਲੰਗਰ-ਪਾਣੀ ਵੀ ਛਕਾਉਂਦਾ ਹੈ ਤੇ ਆਪ ਵੀ ਉਨ੍ਹਾਂ ਨਾਲ ਰਲ ਕੇ ਰਾਤ ਨੂੰ ਲੁੱਟਾਂ-ਖੋਹਾਂ ਕਰਦਾ ਤੇ ਸੰਨ੍ਹਾਂ ਲਾਉਂਦਾ ਹੈ। ਜ਼ਕਰੀਆ ਖ਼ਾਂ ਦੇ ਹੁਕਮ 'ਤੇ ਭਾਈ ਤਾਰੂ ਸਿੰਘ ਨੂੰ ਫੜ ਕੇ ਲਾਹੌਰ ਲਿਜਾਇਆ ਗਿਆ ਤੇ ਜ਼ਕਰੀਆ ਖ਼ਾਂ ਦੀ ਕਚਹਿਰੀ 'ਚ ਪੇਸ਼ ਕਰਨ ਉਪਰੰਤ ਹਕੂਮਤ ਨੇ ਬਾਗ਼ੀ ਸਿੰਘਾਂ ਨੂੰ ਪਨਾਹ ਦੇਣ, ਲੁੱਟਾਂ-ਖੋਹਾਂ, ਚੋਰੀਆਂ ਡਾਕੇ ਤੇ ਹੋਰ ਕਈ ਤਰ੍ਹਾਂ ਦੇ ਮਨ-ਘੜਤ ਕੇਸ ਪਾ ਕੇ ਭਾਈ ਸਾਹਿਬ ਨੂੰ ਕੇਸ ਕਤਲ ਕਰਵਾ ਕੇ ਇਸਲਾਮ ਕਬੂਲ ਕਰਨ ਲਈ ਕਿਹਾ। ਭਾਈ ਤਾਰੂ ਸਿੰਘ ਨੇ ਲਲਕਾਰ ਕੇ ਕਿਹਾ ਕਿ ਇਹ ਕਦੇ ਨਹੀਂ ਹੋ ਸਕਦਾ। ਇਸ ਸਿੱਖ ਦਾ ਸਿਦਕ ਕੇਸਾਂ, ਸੁਆਸਾਂ ਨਾਲ ਨਿਭੇਗਾ। ਇਹ ਸੁਣ ਕੇ ਜ਼ਕਰੀਆ ਖਾਂ ਗੁੱਸੇ 'ਚ ਬੋਲਿਆ ਕਿ 'ਜਿਨ੍ਹਾਂ ਕੇਸਾਂ ਦਾ ਤੂੰ ਏਨਾਂ ਮਾਣ ਕਰਦਾ ਏਂ, ਮੈਂ ਜੁੱਤੀਆਂ ਮਾਰ-ਮਾਰ ਕੇ ਤੇਰੇ ਉਹ ਕੇਸ ਉਖਾੜ ਦਿਆਂਗਾ।' ਸ੍ਰੀ ਗੁਰ ਪੰਥ ਪ੍ਰਕਾਸ਼ ਵਿਚ ਭਾਈ ਸਾਹਿਬ ਦੀ ਖੋਪਰੀ ਉਤਾਰੇ ਜਾਣ ਦਾ ਜ਼ਿਕਰ ਇਸ ਪ੍ਰਕਾਰ ਸ਼ਾਮਲ ਹੈ :

**'ਅਕਾਲ, ਅਕਾਲ' ਸਿੰਘ ਜਾਪ ਉਚਾਰੇ**
**ਸੁਣ ਨਵਾਬ ਮੂੰਦੇ ਕੰਨ ਸਾਰੇ।**
**ਤਬ ਨਵਾਬ ਬਹੁ ਕ੍ਰੋਧਹਿ ਭਰਾ।**
**ਸੋਊ ਹੁਕਮ ਉਨ ਮੋਚੀਅਨ ਕਰਾ।**
**ਇਸ ਕੀ ਖੋਪਰੀ ਸਾਥੇ ਬਾਲ।**
**ਕਾਟ ਉਤਾਰੋ ਰੰਬੀ ਨਾਲ।**
**ਤਬੈ ਕਸਾਇਨ ਵੈਸੀ ਕਰੌ,**
**ਕਰ ਪੈਨੀ ਸਿਰ ਰੰਬੀ ਧਰੀ।**

ਭਾਈ ਤਾਰੂ ਸਿੰਘ ਜੀ ਨੇ ਕਿਹਾ ਕਿ ਜ਼ਕਰੀਆ ਖ਼ਾਂ 'ਤੈਨੂੰ ਇਹ ਖ਼ਾਲਸਾ ਆਪਣੀ ਜੁੱਤੀ ਦੇ ਅੱਗੇ ਲਾ ਕੇ ਲੈ ਕੇ ਜਾਵੇਗਾ' :

**ਕਹੋ ਜਾਇ ਹੋ ਰਹੁ ਮਜ਼ਬੂਤ।**
**ਮਾਰੋਂ ਬੰਦ ਕਰ ਹਗਣੋ ਮੂਤ।**
**ਹੋਹੁ ਤਯਾਰ ਤੂੰ ਦੋਜ਼ਕ ਤਾਊਂ।**
**ਮਾਰ ਜੂਤਨ ਤੁਹ ਪਹਿਲੋਂ ਲਿਜਾਊਂ।**

ਭਾਈ ਸਾਹਿਬ ਦੇ ਨਾਂਹ ਕਰਨ ਤੇ ਫ਼ਤਵਾ ਦਿੱਤਾ ਗਿਆ ਕਿ ਇਸ ਦੀ ਖੋਪਰੀ ਉਤਾਰ ਦਿੱਤੀ ਜਾਵੇ। ਜ਼ੱਲਾਦਾਂ ਨੇ ਰੰਬੀ ਨਾਲ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰ ਦਿੱਤੀ। ਖ਼ੂਨ ਦੀਆਂ ਧਾਰਾਂ ਵਹਿ ਤੁਰੀਆਂ ਪਰ ਆਪ ਅਡੋਲ ਚਿਤ ਜਪੁਜੀ ਸਾਹਿਬ ਜੀ ਦਾ ਪਾਠ ਕਰਦੇ ਰਹੇ। ਭਾਈ ਤਾਰੂ ਸਿੰਘ ਨੂੰ ਕਚਹਿਰੀ ਦੇ ਬਾਹਰ ਸੁੱਟ ਦਿੱਤਾ ਗਿਆ। ਉੱਥੋਂ ਕੁਝ ਸਿੱਖ ਸਰਕਾਰੀ ਕਾਰਵਾਈ ਪੂਰੀ ਕਰ ਕੇ ਭਾਈ ਸਾਹਿਬ ਨੂੰ ਨੇੜਲੀ ਧਰਮਸ਼ਾਲਾ 'ਚ ਲੈ ਗਏ। ਭਾਈ ਸਾਹਿਬ ਦਾ ਜਿੰਨਾ ਇਲਾਜ ਸੰਭਵ ਸੀ, ਉਹ ਕੀਤਾ ਗਿਆ। ਘਟਨਾ ਤੋਂ ਥੋੜ੍ਹੇ ਦਿਨਾਂ ਬਾਅਦ ਜ਼ਕਰੀਆ ਖ਼ਾਂ ਦਾ ਪਿਸ਼ਾਬ ਬੰਦ ਹੋ ਗਿਆ। ਜ਼ਕਰੀਆ ਖ਼ਾਂ ਬਹੁਤ ਤੰਗ ਹੋਇਆ। ਕਾਜ਼ੀ ਤੇ ਮੁਲਾਣਿਆਂ ਨੇ ਓਹੜ-ਪੋਹੜ ਕੀਤੇ ਪਰ ਸਭ ਬੇਅਸਰ ਗਏ। ਕਿਸੇ ਸਿਆਣੇ ਦੇ ਕਹਿਣ ਤੇ ਭਾਈ ਤਾਰੂ ਸਿੰਘ ਨੂੰ ਜ਼ਕਰੀਆ ਖ਼ਾਂ ਨੂੰ ਮਾਫ਼ ਕਰਨ ਲਈ ਕਿਹਾ ਗਿਆ। ਭਾਈ ਤਾਰੂ ਸਿੰਘ ਨੇ ਕਿਹਾ ਕਿ ਜੋ ਹੋਣਾ ਸੀ ਉਹ ਹੋ ਗਿਆ, ਹੁਣ ਮੈਂ ਕੁਝ ਨਹੀਂ ਕਰ ਸਕਦਾ। ਹੁਣ ਤਾਂ ਖ਼ਾਲਸਾ ਪੰਥ ਹੀ ਕੁਝ ਕਰ ਸਕਦਾ ਹੈ। ਖ਼ਾਲਸਾ ਪੰਥ ਤਕ ਪਹੁੰਚ ਕਰਨ ਲਈ ਭਾਈ ਸ਼ਹਿਬਾਜ਼ ਸਿੰਘ ਜੰਬਰ ਨੂੰ ਕਿਹਾ ਗਿਆ ਤਾਂ ਉਹ ਜੰਗਲਾਂ 'ਚ ਪਹੁੰਚੇ ਤੇ ਖ਼ਾਲਸਾ ਪੰਥ ਨੂੰ ਸਾਰੀ ਗੱਲ ਸੁਣ ਕੇ ਕਿਹਾ ਕਿ ਪਹਿਲਾਂ ਤਾਂ ਜ਼ਕਰੀਆ ਖ਼ਾਂ ਸਿੱਖਾਂ 'ਤੇ ਜ਼ੁਲਮ ਕਰਨੇ ਬੰਦ ਕਰੇ, ਦੂਜਾ ਸ਼ਹੀਦ ਹੋਏ ਸਿੱਖਾਂ ਦੇ ਸਸਕਾਰ ਕੀਤੇ ਜਾਣ, ਤੀਜਾ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਜ਼ਕਰੀਆ ਖ਼ਾਂ ਦੇ ਸਿਰ 'ਚ ਮਾਰੀ ਜਾਵੇ। ਇਸੇ ਤਰ੍ਹਾਂ ਹੀ ਕੀਤਾ ਗਿਆ। ਪਹਿਲਾਂ ਤਾਂ ਜੁੱਤੀ ਰੇਸ਼ਮੀ ਕੱਪੜੇ 'ਚ ਲਪੇਟ ਕੇ ਮਾਰੀ ਗਈ ਤਾਂ ਥੋੜ੍ਹਾ ਜਿਹਾ ਪਿਸ਼ਾਬ ਆਇਆ। ਫਿਰ ਕੱਪੜੇ ਵਿੱਚੋਂ ਕੱਢ ਕੇ ਜੁੱਤੀ ਜ਼ਕਰੀਆ ਖ਼ਾਂ ਦੇ ਸਿਰ 'ਚ ਮਾਰੀ ਤਾਂ ਖੁੱਲ੍ਹ ਕੇ ਪਿਸ਼ਾਬ ਆ ਗਿਆ। ਹਰ ਵਾਰੀ ਇਸੇ ਤਰ੍ਹਾਂ ਹੀ ਪਿਸ਼ਾਬ ਆਉਂਦਾ। ਅਗਲੇ ਦਿਨ ਜ਼ਕਰੀਆ ਖ਼ਾਂ ਮਰ ਗਿਆ। ਇਹ ਖ਼ਬਰ ਭਾਈ ਤਾਰੂ ਸਿੰਘ ਜੀ ਤਕ ਵੀ ਪੁੱਜੀ। ਇਤਹਾਸ 'ਚ ਆਉਂਦਾ ਹੈ ਕਿ ਖੋਪਰੀ ਉਤਾਰਨ ਤੋਂ 22 ਦਿਨ ਬਾਅਦ 16 ਜੁਲਾਈ 1745 ਈਸਵੀ ਨੂੰ ਭਾਈ ਤਾਰੂ ਸਿੰਘ ਜੀ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦੇ ਹੋਏ ਗੁਰੂ ਚਰਨਾਂ 'ਚ ਜਾ ਬਿਰਾਜੇ। ਗੁਰੂ ਜੀ ਦੇ ਸੱਚੇ ਸਿੱਖ ਦੇ ਕਹੇ ਬੋਲ ਗੁਰੂ ਕ੍ਰਿਪਾ ਨਾਲ ਪੂਰੇ ਹੋਏ ਤੇ ਜ਼ਕਰੀਆ ਖ਼ਾਂ ਨੂੰ ਜੁੱਤੀ ਨਾਲ ਅੱਗੇ ਲਾ ਕੇ ਲੈ ਗਏ। ਭਾਈ ਰਤਨ ਸਿੰਘ ਭੰਗੂ ਲਿਖਦੇ ਹਨ :

**ਤਬ ਤਾਰੂ ਸਿੰਘ ਉੱਤਰ ਕਹੈ।**
**ਅਪਨੀ ਗਤਿ ਗੁਰ ਆਪੇ ਲਹੈ।**
**ਨਹੀਂ ਅੰਤ ਕਿਛੁ ਪਾਯਾ ਜਾਇ।**
**ਉਨ ਕੇ ਭੇਦ ਹੈਂ ਉਨ ਹੀ ਪਾਹਿ।**

ਭਾਈ ਤਾਰੂ ਸਿੰਘ ਜੀ ਦਾ ਸਸਕਾਰ ਲਾਹੌਰ ਦੇ ਸ਼ਹੀਦ ਗੰਜ ਵਾਲੇ ਅਸਥਾਨ 'ਤੇ ਕੀਤਾ ਗਿਆ। ਉਨ੍ਹਾਂ ਨੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾ ਕੇ ਇਸ ਸੰਸਾਰ ਵਿਚ ਇਕ ਵੱਖਰੀ ਮਿਸਾਲ ਕਾਇਮ ਕੀਤੀ। ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਲਾਮਿਸਾਲ ਹੈ, ਉਨ੍ਹਾਂ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ। •

**ਸਤਨਾਮ ਸਿੰਘ ਮੱਟੂ**

# ਗੁਰਦੁਆਰਾ ਪਾਤਸ਼ਾਹੀ ਨੌਵੀਂ ਬਹਿਰ ਸਾਹਿਬ



ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਬਰਾਬਰੀ ਲਈ ਧਰਤੀ 'ਤੇ ਫੈਲੇ ਕੂੜ-ਪਸਾਰੇ, ਅੱਤਿਆਚਾਰ, ਜ਼ੁਲਮ ਤੇ ਛੂਆ-ਛਾਤ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਤੇ ਭਗਤੀ ਦੇ ਨਾਲ-ਨਾਲ ਸਮਾਜਿਕ ਬੁਰਾਈਆਂ ਦੇ ਖ਼ਾਤਮੇ ਲਈ ਇਨਕਲਾਬੀ ਲਹਿਰ ਦਾ ਮੁੱਢ ਬੰਨ੍ਹਿਆ। ਇਸ ਲਹਿਰ ਨੂੰ ਸਾਰੇ ਗੁਰੂ ਸਾਹਿਬਾਨ ਨੇ ਆਧਾਰ ਬਣਾਇਆ। ਜਦੋਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਨੇ ਗੁਰਮਤਿ ਦੇ ਪ੍ਰਚਾਰ ਲਈ ਅਹਿਮ ਉਪਰਾਲੇ ਕੀਤੇ। ਉਨ੍ਹਾਂ ਆਪਣੇ ਸਿੱਖਾਂ ਤਕ ਪਹੁੰਚ ਕਰ ਕੇ ਉਨ੍ਹਾਂ ਨੂੰ ਗੁਰਬਾਣੀ ਨਾਲ ਆਤਮਿਕ ਸਕੂਨ ਦੀ ਬਖ਼ਸ਼ਿਸ਼ ਕੀਤੀ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਧਰਮ ਦੇ ਪ੍ਰਚਾਰ ਲਈ ਗੁਰੂ ਤੇਗ ਬਹਾਦੁਰ ਸਾਹਿਬ ਨੇ ਭਾਰਤ ਦੇ ਪੂਰਬੀ ਇਲਾਕਿਆਂ ਬਿਹਾਰ, ਨੇਪਾਲ, ਅਸਾਮ, ਬੰਗਲਾਦੇਸ਼ ਤੇ ਮਾਲਵਾ ਇਲਾਕੇ 'ਚ ਆਪ ਪਹੁੰਚ ਕੇ ਸੰਗਤਾਂ ਨੂੰ ਸਿੱਖੀ ਨਾਲ ਜੋੜਿਆ, ਅਨਿਨ ਸ਼ਰਧਾਲੂਆਂ ਦੀਆਂ ਮਨੋਕਾਮਨਾਵਾਂ ਪੂਰਨ ਕੀਤੀਆਂ ਤੇ ਦੁੱਖਾਂ ਤੋਂ ਛੁਟਕਾਰਾ ਦਿਵਾਇਆ।

ਗੁਰੂ ਤੇਗ ਬਹਾਦਰ ਸਾਹਿਬ ਮਾਲਵੇ 'ਚ ਧਰਮ ਪ੍ਰਚਾਰ ਦੌਰਾਨ ਸੰਗਤਾਂ ਨੂੰ ਗੁਰਬਾਣੀ ਤੇ ਪ੍ਰਵਚਨਾਂ ਨਾਲ ਨਿਹਾਲ ਕਰਦੇ ਹੋਏ ਧਮਧਾਨ ਸਾਹਿਬ ਤੋਂ ਚੱਲ ਕੇ ਸੁਰਸਤੀ ਨਦੀ ਦੇ ਪੱਛਮੀ ਕੰਢੇ 'ਤੇ ਵਸੇ ਪਿੰਡ ਬਹਿਰ ਜੱਛ ਵਿਖੇ ਪਰਿਵਾਰ ਸਮੇਤ ਕੱਤਕ ਵਦੀ 5 ਬਿਕਰਮੀ 1723 (1665 ਈਸਵੀ) ਨੂੰ ਪਧਾਰੇ ਸਨ। ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਕਰ ਕੇ ਇਹ ਅਸਥਾਨ ਬਹਿਰ ਜੱਛ ਤੋਂ 'ਬਹਿਰ ਸਾਹਿਬ' ਅਖਵਾਇਆ।

ਇੱਥੋਂ ਦੇ ਬਸ਼ਿੰਦੇ ਤੇ ਸਿਦਕੀ ਸਿੱਖ ਭਾਈ ਮੱਲਾ ਜੀ ਨੇ ਗੁਰੂ ਜੀ ਦੇ ਚਰਨਾਂ 'ਚ ਆਣ ਕੇ ਸਿਰ ਨਿਵਾਇਆ ਤੇ ਆਪਣੇ ਘਰ ਚਰਨ ਪਾਉਣ ਲਈ ਬੇਨਤੀ ਕੀਤੀ। ਭਾਈ ਮੱਲਾ ਜੀ ਦੀ ਬੇਨਤੀ ਪ੍ਰਵਾਨ ਕਰ ਕੇ ਗੁਰੂ ਸਾਹਿਬ ਉਸ ਦੇ ਘਰ ਗਏ। ਭਾਈ ਮੱਲਾ ਜੀ ਨੇ ਗੁਰੂ ਸਾਹਿਬ ਤੇ ਉਨ੍ਹਾਂ ਨਾਲ ਆਈ ਸੰਗਤ ਦਾ ਹੈਸੀਅਤ ਮੁਤਾਬਿਕ ਆਦਰ ਸਤਿਕਾਰ ਕੀਤਾ। ਭਾਈ ਮੱਲਾ ਨੇ ਸ਼ਰਧਾ ਭਾਵਨਾ ਨਾਲ ਗੁਰੂ ਸਾਹਿਬ ਦੀ ਟਹਿਲ ਸੇਵਾ ਕੀਤੀ। ਭਾਈ ਮੱਲਾ ਜੀ ਤੇ ਸੰਗਤ ਨੇ ਗੁਰੂ ਸਾਹਿਬ ਪਾਸੋਂ ਸਾਰੀ ਰਾਤ ਗੁਰਗਿਆਨ ਪ੍ਰਾਪਤ ਕੀਤਾ ਤੇ ਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਅੰਮ੍ਰਿਤ ਵੇਲੇ ਗੁਰੂ ਸਾਹਿਬ ਨੇ ਸੁਰਸਤੀ ਨਦੀ 'ਚ ਇਸ਼ਨਾਨ ਕੀਤਾ ਤੇ ਨਿੱਤਨੇਮ ਗੁਰਬਾਣੀ ਦਾ ਪਾਠ ਕੀਤਾ। ਪਿੰਡ ਦੇ ਲੋਕਾਂ ਨੇ ਗੁਰੂ ਜੀ ਦੇ ਚਰਨਾਂ 'ਚ ਬੇਨਤੀ ਕੀਤੀ, 'ਮਹਾਰਾਜ! ਅਸੀਂ ਬਹੁਤ ਗ਼ਰੀਬ ਹਾਂ। ਕੰਗਾਲੀ ਨੇ ਸਾਡਾ ਜਿਊਣਾ ਮੁਸ਼ਕਿਲ ਕੀਤੀ ਹੋਇਆ ਹੈ। ਸਾਡੀ ਗਰੀਬੀ ਦੂਰ ਕਰੋ।ਤੇ ਮਿਹਨਤ ਵਿਚ ਬਰਕਤ ਪਾਵੋ।' ਗੁਰੂ ਸਾਹਿਬ ਨੇ ਸਹਿਜ ਸੁਭਾਅ ਫ਼ੁਰਮਾਇਆ :

**ਗੰਦਾ ਧੂਮ ਬੰਸ ਤੇ ਤਿਆਗਹੁ॥**
**ਅਤਿ ਗਿਲਾਨ ਇਸ ਤੇ ਧਰਿ ਭਾਗਹੁ॥**
**ਸਿਖ ਸੰਤਨਿ ਸੇਵਾ ਮਹਿ ਲਾਗਹੁ॥**
**ਅਚਹੁ ਵੰਡ ਕਰਿ ਕ੍ਰਿਤਿ ਅਨੁਰਾਗੋ॥**

ਭਾਵ, ਤੰਬਾਕੂ ਛੱਡ ਦਿਉ, ਇਹ ਅਤਿ ਮਾੜਾ ਨਸ਼ਾ ਹੈ। ਗ਼ਰੀਬੀ ਤੇ ਕੰਗਾਲੀ ਤੁਹਾਨੂੰ ਛੱਡ ਦੇਵੇਗੀ। ਲੋਕਾਂ ਨੇ ਕਿਹਾ ਕਿ ਤੰਬਾਕੂ ਛੱਡਣਾ ਉਨ੍ਹਾਂ ਲਈ ਨਾਮੁਮਕਿਨ ਹੈ। ਗੁਰੂ ਜੀ ਨੇ ਬਚਨ ਕੀਤਾ ਕਿ ਜੇ ਤੁਸੀਂ ਅੱਜ ਹੀ ਤੰਬਾਕੂ ਛੱਡ ਦਿੰਦੇ ਹੋ ਤਾਂ ਵਾਹਿਗੁਰੂ ਜੀ ਦੀ ਕ੍ਰਿਪਾ ਨਾਲ ਅੱਜ ਹੀ ਤੁਹਾਡੀ ਗ਼ਰੀਬੀ ਦੂਰ ਹੋ ਜਾਂਦੀ। ਹੁਣ ਸਮਾਂ ਪਾ ਕੇ ਪੱਛਮੀ ਪੰਜਾਬ ਵਿੱਚੋਂ ਮੇਰੇ ਸਿੱਖ ਆਉਣਗੇ ਤਾਂ ਲਹਿਰਾਂ-ਬਹਿਰਾਂ ਹੋਣਗੀਆਂ ਤੇ ਗ਼ਰੀਬੀ ਦੂਰ ਹੋਵੇਗੀ। ਉਨ੍ਹਾਂ ਆਸ਼ੀਰਵਾਦ ਦਿੱਤਾ ਕਿ ਇਥੇ ਮਹਾਨ ਤੀਰਥ ਅਸਥਾਨ ਬਣੇਗਾ ਤੇ ਜਿਹੜਾ ਇਨਸਾਨ ਪ੍ਰਭੂ-ਭਗਤੀ 'ਚ ਲੀਨ ਸ਼ੁੱਧ ਹਿਰਦੇ ਨਾਲ ਇਥੇ ਆਏਗਾ, ਉਸ ਦੀਆਂ ਮੁਰਾਦਾਂ ਸੰਪੂਰਨ ਹੋਣਗੀਆਂ ਤੇ ਦੁੱਖ ਕੱਟੇ ਜਾਣਗੇ। ਗੁਰੂ ਸਾਹਿਬ ਨੇ ਭਾਈ ਮੱਲਾ ਜੀ ਦੇ ਘਰ ਤਿੰਨ ਦਿਨ ਤੇ ਦੋ ਰਾਤਾਂ ਰਹਿ ਕੇ ਉਨ੍ਹਾਂ ਨੂੰ ਆਤਮਿਕ ਤੌਰ 'ਤੇ ਨਿਹਾਲ ਕੀਤਾ ਤੇ ਤਰਲੋਕ ਦਾਸ ਸਾਧੂ ਦਾ ਵੀ ਉਦਾਰ ਕੀਤਾ। ਗੁਰੂ ਸਾਹਿਬ ਨੇ ਸੰਗਤ ਨੂੰ ਬੰਦਗੀ ਤੇ ਸੱਚਾਈ ਦੇ ਰਸਤੇ 'ਤੇ ਚੱਲਣ ਦਾ ਸੰਦੇਸ਼ ਦਿੰਦੇ ਹੋਏ ਕੱਤਕ ਵਦੀ 7 ਸੰਮਤ 1723 ਨੂੰ ਅਗਲੇ ਪੜਾਅ ਲਈ ਚਾਲੇ ਪਾਏ।

ਗੁਰੂ ਜੀ ਦੀ ਯਾਦ 'ਚ ਇਥੇ ਸਿੱਖਾਂ ਵੱਲੋਂ ਪਹਿਲਾਂ ਇਕ ਕੋਠਾ ਉਸਾਰਿਆ ਗਿਆ, ਮਗਰੋਂ 1840 ਈਸਵੀ 'ਚ ਇਕ ਆਖਿਆਨ ਮੁਤਾਬਿਕ ਮਹਾਰਾਜਾ ਪਟਿਆਲਾ ਆਪਣੀ ਮਹਾਰਾਣੀ ਨਾਲ ਪਹੋਵਾ ਦੇ ਧਾਰਮਿਕ ਅਸਥਾਨ ਦੇ ਦਰਸ਼ਨਾਂ ਲਈ ਆਏ। ਦੂਜੇ ਪਾਸਿਓਂ ਕੈਥਲ ਰਿਆਸਤ ਦੇ ਰਾਜਾ ਉਦੈ ਸਿੰਘ ਦੀ ਰਾਣੀ ਵੀ ਪਹੋਵਾ ਵਿਖੇ ਇਸਨਾਨ ਕਰਨ ਆਈ ਹੋਈ ਸੀ ਪਰ ਦੋਵਾਂ ਵਿੱਚੋਂ ਪਹਿਲਾਂ ਤੀਰਥ ਇਸ਼ਨਾਨ ਕੌਣ ਕਰੇ, ਇਸ ਗੱਲ ਨੂੰ ਲੈ ਕੇ ਸਥਿਤੀ ਤਣਾਓ-ਪੂਰਨ ਹੋ ਗਈ। ਕੈਥਲ ਦੀ ਮਹਾਰਾਣੀ ਨੇ ਪਟਿਆਲਾ ਦੀ ਮਹਾਰਾਣੀ ਨੂੰ ਵਿਅੰਗ 'ਚ ਕਹਿ ਦਿੱਤਾ ਕਿ ਜੇ ਪ੍ਰਭੂਤਾ ਦੇ ਆਧਾਰ 'ਤੇ ਪਹਿਲਾਂ ਇਸ਼ਨਾਨ ਕਰਨ ਦੀ ਇੱਛਾ ਰੱਖਦੇ ਹੋ ਤਾਂ ਆਪਣੀ ਰਿਆਸਤ 'ਚ ਕੋਈ ਤੀਰਥ ਅਸਥਾਨ ਲੱਭ ਲਵੋ। ਮਹਾਰਾਜਾ ਪਟਿਆਲਾ ਕਰਮ ਸਿੰਘ ਨੇ ਜਦੋਂ ਆਪਣੇ ਸਮੇਂ ਦੇ ਬ੍ਰਹਮ ਗਿਆਨੀਆਂ ਨੂੰ ਬੁਲਾ ਕੇ ਪਟਿਆਲਾ ਰਿਆਸਤ 'ਚ ਪਵਿੱਤਰ ਤੀਰਥ ਦੀ ਨਿਸ਼ਾਨਦੇਹੀ ਕਰਨ ਲਈ ਕਿਹਾ ਤਾਂ ਉਨ੍ਹਾਂ ਨੇ ਬਹਿਰ ਜੱਛ ਪਿੰਡ ਦੀ ਸਿਫ਼ਾਰਸ਼ ਕਰਦਿਆਂ ਦੱਸਿਆ ਕਿ ਇਕ ਤਾਂ ਇਹ ਅਸਥਾਨ ਪਵਿੱਤਰ ਸੁਰਸਤੀ ਨਦੀ ਦੇ ਕਿਨਾਰੇ ਹੈ, ਦੂਜਾ ਇਸ ਦਾ ਸਬੰਧ ਮਹਾਂਭਾਰਤ ਨਾਲ ਹੈ, ਤੀਜਾ ਇਸ ਅਸਥਾਨ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਚਰਨ ਛੋਹ ਪ੍ਰਾਪਤ ਹੈ। ਇਸ ਉਪਰੰਤ ਮਹਾਰਾਜਾ ਪਟਿਆਲਾ ਨੇ ਇਸ ਅਸਥਾਨ 'ਤੇ ਗੁਰੂ ਸਾਹਿਬ ਦੀ ਯਾਦ 'ਚ ਗੁਰਦੁਆਰਾ ਮੰਜੀ ਸਾਹਿਬ ਦੀ ਉਸਾਰੀ ਕਰਵਾਈ ਤੇ ਇਕ ਮੰਦਰ ਵੀ ਬਣਵਾਇਆ। ਬਾਅਦ ਵਿਚ ਕਾਰ ਸੇਵਾ ਵਾਲੇ ਬਾਬਾ ਫ਼ੌਜਾ ਸਿੰਘ ਦਿੱਲੀ ਵਾਲਿਆਂ ਨੇ ਸੁੰਦਰ ਤੇ ਆਲੌਕਿਕ ਗੁਰਦੁਆਰਾ ਸਾਹਿਬ ਦੀ ਇਮਾਰਤ ਤੇ ਪਵਿੱਤਰ ਸਰੋਵਰ ਦੀ ਸੇਵਾ ਕਰਵਾਈ। ਹੁਣ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਅਧੀਨ ਹੈ। ਭਾਈ ਮਹਿੰਦਰ ਸਿੰਘ ਠਰੂਆ ਵਾਲੇ ਗੁਰਦੁਆਰਾ ਸਾਹਿਬ ਵਿਖੇ ਮੁੱਖ ਗ੍ਰੰਥੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਹਰ ਮੱਸਿਆ ਨੂੰ ਇਥੇ ਸ਼ਰਧਾ ਭਾਵਨਾ ਨਾਲ ਸੰਗਤਾਂ ਨਤਮਸਤਕ ਹੁੰਦੀਆਂ ਹਨ ਤੇ ਪਵਿੱਤਰ ਸਰੋਵਰ 'ਚ ਇਸ਼ਨਾਨ ਕਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੀਆਂ ਹਨ। •

97797-08257

# ਬਿਹਾਰ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਖਿਲਾਫ਼ ਚੱਕਾ ਜਾਮ; ਰਾਹੁਲ ਤੇ ਤੇਜਸਵੀ ਸੜਕਾਂ 'ਤੇ ਉੱਤਰੇ

## ਵਿਰੋਧੀ ਧਿਰਾਂ ਦੇ 'ਬਿਹਾਰ ਬੰਦ' ਦੇ ਸੱਦੇ ਕਰਕੇ ਰੇਲ ਤੇ ਸੜਕ ਆਵਾਜਾਈ ਪ੍ਰਭਾਵਿਤ

**ਪਟਨਾ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਿਹਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਖਿਲਾਫ਼ ਮਹਾਂਗੱਠਜੋੜ ਨੇ ਬੁੱਧਵਾਰ ਨੂੰ ਪੂਰੇ ਰਾਜ ਵਿਚ ਚੱਕਾ ਜਾਮ ਕੀਤਾ। ਇਸ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕੀਤੀ। ਇਸ ਮੌਕੇ ਰਾਸ਼ਟਰੀ ਜਨਤਾ ਦਲ ਦੇ ਆਗੂ ਤੇਜਸਵੀ ਯਾਦਵ ਵੀ ਮੌਜੂਦ ਸਨ। ਪਟਨਾ ਦੀਆਂ ਸਾਰੀਆਂ ਪ੍ਰਮੁੱਖ ਸੜਕਾਂ ਤੇ ਮਹਾਂਗੱਠਜੋੜ ਦੇ ਸਾਰੇ ਪ੍ਰਮੁੱਖ ਆਗੂ ਉੱਤਰੇ ਤੇ ਸੜਕਾਂ 'ਤੇ ਮਾਰਚ ਕੱਢਦੇ ਨਜ਼ਰ ਆਏ।

ਪ੍ਰਦਰਸ਼ਨਕਾਰੀ ਆਮਦਨ ਕਰ ਚੌਕ ਤੋਂ ਵੀਰਚੰਦ ਪਟੇਲ ਮਾਰਗ ਅਤੇ ਸ਼ਹੀਦ ਸਮਾਰਕ ਰਾਹੀਂ ਚੋਣ ਕਮਿਸ਼ਨ ਦਫ਼ਤਰ ਤੱਕ ਮਾਰਚ ਕਰ ਰਹੇ ਹਨ। ਮਹਾਂਗੱਠਜੋੜ ਦਾ ਦੋਸ਼ ਹੈ ਕਿ ਵੋਟਰ ਸੂਚੀ ਵਿੱਚ SIR ਪ੍ਰਕਿਰਿਆ ਰਾਹੀਂ ਹੇਰਾਫੇਰੀ ਕੀਤੀ ਜਾ ਰਹੀ ਹੈ ਅਤੇ ਵਿਰੋਧੀ ਵੋਟਰਾਂ ਨੂੰ ਜਾਣਬੁੱਝ ਕੇ ਸੂਚੀ ਵਿੱਚੋਂ ਹਟਾਇਆ ਜਾ ਰਿਹਾ ਹੈ।



ਪਟਨਾ ਦੇ ਆਇਕਰ ਗੋਲੰਬਰ ਤੋਂ ਸ਼ੁਰੂ ਹੋਏ ਵਿਰੋਧ ਮਾਰਚ ਦੌਰਾਨ ਰਾਹੁਲ ਗਾਂਧੀ ਹੋਰ ਆਗੂਆਂ ਨਾਲ ਇੱਕ ਵਾਹਨ 'ਤੇ ਸਵਾਰ ਹੋਏ।

ਬਿਹਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰ ਸੂਚੀ ਦੀ ਵਿਸ਼ੇਸ਼ ਸੁਧਾਈ (SIR) ਦੇ ਵਿਰੋਧ ਵਿੱਚ ਮਹਾਂਗੱਠਜੋੜ ਵੱਲੋਂ ਦਿੱਤੇ ਗਏ ਰਾਜ ਵਿਆਪੀ ਬੰਦ ਦੇ ਮੱਦੇਨਜ਼ਰ ਬੁੱਧਵਾਰ ਨੂੰ ਵਿਰੋਧੀ ਪਾਰਟੀਆਂ ਦੇ ਵਰਕਰ ਸੜਕਾਂ 'ਤੇ ਉਤਰ ਆਏ, ਜਿਸ ਕਾਰਨ ਰਾਜ ਦੇ ਕਈ ਹਿੱਸਿਆਂ ਵਿੱਚ ਰੇਲ ਅਤੇ ਸੜਕੀ ਆਵਾਜਾਈ ਪ੍ਰਭਾਵਿਤ ਹੋਈ।

ਪੂਰਨੀਆ ਤੋਂ ਆਜ਼ਾਦ ਲੋਕ ਸਭਾ ਮੈਂਬਰ ਰਾਜੇਸ਼ ਰੰਜਨ ਉਰਫ਼ ਪੱਪੂ ਯਾਦਵ, ਆਪਣੇ ਸਮਰਥਕਾਂ ਸਮੇਤ 'ਸਕੱਤਰੇਤ ਹਾਲਟ' ਰੇਲਵੇ ਸਟੇਸ਼ਨ ਪਹੁੰਚੇ ਅਤੇ ਰੇਲ ਆਵਾਜਾਈ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ।

ਯਾਦਵ ਦੇ ਸਮਰਥਕਾਂ ਨੇ ਪਟਨਾ ਦੇ ਕਈ ਇਲਾਕਿਆਂ ਦੇ ਨਾਲ-ਨਾਲ ਰਾਜ ਦੇ ਹੋਰ ਹਿੱਸਿਆਂ ਸਮੇਤ ਅਰਰੀਆ, ਪੂਰਨੀਆ, ਕਟਿਹਾਰ ਅਤੇ ਮੁਜ਼ੱਫਰਪੁਰ ਵਿੱਚ ਰੇਲ ਅਤੇ ਸੜਕ ਆਵਾਜਾਈ ਰੋਕੀ। ਉਨ੍ਹਾਂ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਚੋਣ ਕਮਿਸ਼ਨ ਵੋਟਰ ਸੂਚੀ ਦੀ ਆਪਣੀ ਵਿਸ਼ੇਸ਼ ਸੋਧ ਮੁਹਿੰਮ ਰਾਹੀਂ ਪ੍ਰਵਾਸੀਆਂ, ਦਲਿਤਾਂ, ਮਹਾਦਲਿਤਾਂ ਅਤੇ ਗਰੀਬ ਵੋਟਰਾਂ ਦੇ ਵੋਟਿੰਗ ਅਧਿਕਾਰਾਂ ਨੂੰ ਖੋਹ ਰਿਹਾ ਹੈ। ਇਹ ਇਸ ਸਾਲ ਦੇ ਅੰਤ ਵਿੱਚ ਬਿਹਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਿੰਗ ਵਿੱਚ ਵਿਘਨ ਪਾਉਣ ਦੀ ਸਾਜ਼ਿਸ਼ ਹੈ।" ਰਾਸ਼ਟਰੀ ਜਨਤਾ ਦਲ (ਆਰਜੇਡੀ), ਕਾਂਗਰਸ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਲਿਬਰੇਸ਼ਨ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) (ਸੀਪੀਆਈ-ਐੱਮ) ਦੇ ਵਰਕਰਾਂ ਨੇ ਵੀ ਅਰਵਲ, ਜਹਾਨਾਬਾਦ ਅਤੇ ਦਰਭੰਗਾ ਵਿੱਚ ਬਿਹਾਰ ਬੰਦ ਦੇ ਸਮਰਥਨ ਵਿੱਚ ਟਾਇਰ ਸਾੜੇ ਅਤੇ ਸੜਕਾਂ ਜਾਮ ਕੀਤੀਆਂ। ਇਸ ਦੌਰਾਨ, ਪਟਨਾ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਵਿੱਚ ਨਗਰ ਪੰਚਾਇਤਾਂ ਦੀਆਂ ਉਪ ਚੋਣਾਂ ਲਈ ਸੁਰੱਖਿਆ ਦੇ ਢੁਕਵੇਂ ਪ੍ਰਬੰਧ ਕੀਤੇ ਗਏ ਹਨ।

# 40 ਸਾਲ ਪੁਰਾਣਾ ਪੁਲ ਢਹਿਣ ਕਾਰਨ ਵਾਹਨ ਨਦੀ ਵਿੱਚ ਡਿੱਗੇ, 9 ਮੌਤਾਂ

## ਪ੍ਰਧਾਨ ਮੰਤਰੀ ਵੱਲੋਂ ਮ੍ਰਿਤਕਾਂ ਦੇ ਵਾਰਸਾਂ ਨੂੰ 2-2 ਲੱਖ ਅਤੇ ਜ਼ਖ਼ਮੀਆਂ ਨੂੰ 50-50 ਐਕਸ ਗਰੇਸ਼ੀਆ ਦਾ ਐਲਾਨ



**ਵਡੋਦਰਾ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਜਰਾਤ ਦੇ ਵਡੋਦਰਾ ਜ਼ਿਲ੍ਹੇ ਵਿੱਚ ਬੁੱਧਵਾਰ ਸਵੇਰੇ ਚਾਰ ਦਹਾਕੇ ਪੁਰਾਣੇ ਪੁਲ ਦਾ ਇੱਕ ਹਿੱਸਾ ਡਿੱਗਣ ਕਾਰਨ ਇੱਕ ਬੱਚੇ ਸਮੇਤ ਨੌਂ ਲੋਕਾਂ ਦੀ ਮੌਤ ਹੋ ਗਈ ਹੈ ਅਤੇ ਰਾਹਤ ਕਾਰਜਾਂ ਦੌਰਾਨ ਨੌਂ ਹੋਰਾਂ ਨੂੰ ਬਚਾ ਲਿਆ ਗਿਆ।

ਸੁਪਰਡੈਂਟ ਆਫ ਪੁਲਿਸ (ਵਡੋਦਰਾ ਦਿਹਾਤੀ) ਰੋਹਨ ਆਨੰਦ ਨੇ ਦੱਸਿਆ ਕਿ ਮੱਧ ਗੁਜਰਾਤ ਨੂੰ ਰਾਜ ਦੇ ਸੌਰਾਸ਼ਟਰ ਖੇਤਰ ਨਾਲ ਜੋੜਦੇ ਮਾਹੀਸਾਗਰ ਨਦੀ 'ਤੇ ਸਥਿਤ ਗੰਭੀਰਾ ਪੁਲ ਦਾ ਇੱਕ ਹਿੱਸਾ ਡਿੱਗਣ ਕਾਰਨ ਨੌਂ ਲੋਕਾਂ ਦੀ ਮੌਤ ਹੋ ਗਈ। ਇਹ ਪੁਲ ਜ਼ਿਲ੍ਹੇ ਦੇ ਪਦਰਾ ਕਸਬੇ ਨੇੜੇ ਸਥਿਤ ਸੀ।

ਆਨੰਦ ਨੇ ਕਿਹਾ, "ਵੇਰਵਿਆਂ ਅਨੁਸਾਰ ਲਗਪਗ ਨੌਂ ਵਿਅਕਤੀਆਂ ਦੀ ਮੌਤ ਹੋ ਗਈ ਹੈ ਅਤੇ ਨੌਂ ਹੋਰ ਵਿਅਕਤੀਆਂ ਨੂੰ ਬਚਾ ਲਿਆ ਗਿਆ ਹੈ, ਜਿਨ੍ਹਾਂ ਵਿੱਚੋਂ ਪੰਜ ਨੂੰ ਵਡੋਦਰਾ ਦੇ ਐੱਸਐੱਸਜੀ ਹਸਪਤਾਲ ਵਿੱਚ ਰੈਫਰ ਕੀਤਾ ਗਿਆ ਹੈ। ਬਚਾਏ ਗਏ ਵਿਅਕਤੀਆਂ ਵਿੱਚੋਂ ਕੋਈ ਵੀ ਗੰਭੀਰ ਹਾਲਤ ਵਿੱਚ ਨਹੀਂ ਹੈ ਅਤੇ ਬਚਾਅ ਕਾਰਜ ਅਜੇ ਵੀ ਜਾਰੀ ਹੈ।

ਉਨ੍ਹਾਂ ਦੱਸਿਆ ਕਿ ਸਵੇਰੇ ਕਰੀਬ 7.30 ਵਜੇ ਪੁਲ ਦਾ 10 ਤੋਂ 15 ਮੀਟਰ ਲੰਬਾ ਸਲੈਬ ਡਿੱਗ ਗਿਆ। ਵਡੋਦਰਾ ਦੇ ਕੁਲੈਕਟਰ ਅਨਿਲ ਧਾਮੇਲੀਆ ਨੇ ਦੱਸਿਆ ਕਿ ਪੁਲ ਡਿੱਗਣ ਤੋਂ ਬਾਅਦ ਪੰਜ ਵਾਹਨ ਦੋ ਟਰੱਕ, ਦੋ ਵੈਨਾਂ ਅਤੇ ਇੱਕ ਆਟੋਰਿਕਸ਼ਾ ਨਦੀ ਵਿੱਚ ਡਿੱਗ ਗਏ।

ਕੁਲੈਕਟਰ ਨੇ ਕਿਹਾ ਕਿ ਦੋ ਹੋਰ ਵਾਹਨ ਜੋ ਖ਼ਤਰਨਾਕ ਤੌਰ 'ਤੇ ਡਿੱਗਣ ਦੇ ਨੇੜੇ ਆ ਗਏ ਸਨ, ਨੂੰ ਸੁਰੱਖਿਅਤ ਥਾਂ 'ਤੇ ਲਿਜਾਇਆ ਗਿਆ। ਉਨ੍ਹਾਂ ਅੱਗੇ ਕਿਹਾ ਕਿ ਤਿੰਨ ਦੋਪਹੀਆ ਵਾਹਨ 'ਤੇ ਸਵਾਰ ਤਿੰਨ ਵਿਅਕਤੀ ਨਦੀ ਵਿੱਚ ਡਿੱਗ ਗਏ ਸਨ, ਜੋ ਤੈਰ ਕੇ ਸੁਰੱਖਿਅਤ ਬਾਹਰ ਨਿਕਲਣ ਵਿੱਚ ਕਾਮਯਾਬ ਰਹੇ।

ਪੀਐਮਓ ਨੇ ਇੱਕ ਐਕਸ ਪੋਸਟ ਵਿੱਚ ਲਿਖਿਆ, "ਗੁਜਰਾਤ ਦੇ ਵਡੋਦਰਾ ਜ਼ਿਲ੍ਹੇ ਵਿੱਚ ਇੱਕ ਪੁਲ ਢਹਿਣ ਕਾਰਨ ਹੋਏ ਜਾਨੀ ਨੁਕਸਾਨ ਬਹੁਤ ਦੁਖਦਾਈ ਹੈ। ਹਰੇਕ ਮ੍ਰਿਤਕ ਦੇ ਵਾਰਸਾਂ ਨੂੰ ਪੀਐਮਐਨਆਰਐਫ ਤੋਂ 2-2 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਦਿੱਤੀ ਜਾਵੇਗੀ ਅਤੇ ਜ਼ਖਮੀਆਂ ਨੂੰ 50,000 ਰੁਪਏ ਦਿੱਤੇ ਜਾਣਗੇ।"

ਮੁੱਖ ਮੰਤਰੀ ਭੂਪੇਂਦਰ ਪਟੇਲ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਸੰਬੰਧਤ ਵਿਭਾਗਾਂ ਨੂੰ ਜਾਂਚ ਕਰਨ ਅਤੇ ਰਿਪੋਰਟ ਪੇਸ਼ ਕਰਨ ਦਾ ਹੁਕਮ ਦਿੱਤਾ ਗਿਆ ਹੈ। ਉਨ੍ਹਾਂ ਨੇ ✓ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਰਾਜ ਦੇ ਸੜਕਾਂ ਅਤੇ ਇਮਾਰਤਾਂ ਵਿਭਾਗ ਦੀਆਂ ਟੀਮਾਂ ਅਤੇ ਪੁਲ ਨਿਰਮਾਣ ਵਿੱਚ ਮੁਹਾਰਤ ਰੱਖਣ ਵਾਲੇ ਨਿੱਜੀ ਇੰਜੀਨੀਅਰਾਂ ਨੂੰ ਤੁਰੰਤ ਮੌਕੇ 'ਤੇ ਪਹੁੰਚਣ ਅਤੇ ਢਹਿਣ ਦੇ ਕਾਰਨਾਂ ਅਤੇ ਹੋਰ ਤਕਨੀਕੀ ਮਾਮਲਿਆਂ ਦੀ ਮੁੱਢਲੀ ਜਾਂਚ ਕਰਨ ਅਤੇ ਇੱਕ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

# ਇਜ਼ਾਰਈਲੀ ਹਮਲਿਆਂ ਵਿੱਚ 40 ਫਲਸਤੀਨੀਆਂ ਦੀ ਮੌਤ

**ਡੇਰ ਅਲ-ਬਾਲਾ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗਾਜ਼ਾ ਪੱਟੀ ਵਿੱਚ ਇਜ਼ਰਾਈਲੀ ਹਵਾਈ ਹਮਲਿਆਂ 'ਚ ਘੱਟੋ-ਘੱਟ 40 ਫਲਸਤੀਨੀਆਂ ਦੀ ਮੌਤ ਹੋ ਗਈ। ਉਧਰ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਨ ਨੇਤਨਯਾਹੂ ਨੇ ਵ ?ਹਾਈਟ ਹਾਊਸ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਦੋ ਦਿਨਾਂ ਵਿੱਚ ਦੂਜੀ ਮੁਲਾਕਾਤ ਕੀਤੀ ਹੈ। ਟਰੰਪ ਇੱਕ ਜੰਗਬੰਦੀ ਲਈ ਜ਼ੋਰ ਦੇ ਰਹੇ ਹਨ, ਜਿਸ ਨਾਲ ਗਾਜ਼ਾ ਵਿੱਚ 21 ਮਹੀਨਿਆਂ ਦੀ ਜੰਗ ਖਤਮ ਹੋ ਸਕਦੀ ਹੈ।

ਖਾਨ ਯੂਨਿਸ ਦੇ ਦੱਖਣੀ ਸ਼ਹਿਰ ਵਿੱਚ ਨਾਸਰ ਹਸਪਤਾਲ ਨੇ ਦੱਸਿਆ ਕਿ ਮਰਨ ਵਾਲਿਆਂ ਵਿੱਚ 17 ਔਰਤਾਂ ਅਤੇ 10 ਬੱਚੇ ਸ਼ਾਮਲ ਸਨ। ਇਸ ਵਿੱਚ ਕਿਹਾ ਗਿਆ ਹੈ ਕਿ ਇੱਕ ਹਮਲੇ ਵਿੱਚ ਇੱਕ ਹੀ ਪਰਿਵਾਰ ਦੇ 10 ਲੋਕ ਮਾਰੇ ਗਏ, ਜਿਨ੍ਹਾਂ ਵਿੱਚ ਤਿੰਨ ਬੱਚੇ ਵੀ ਸ਼ਾਮਲ ਸਨ।

ਇਜ਼ਰਾਈਲੀ ਫੌਜ ਨੇ ਹਮਲਿਆਂ 'ਤੇ ਕੋਈ ਟਿੱਪਣੀ ਨਹੀਂ ਕੀਤੀ, ਪਰ ਕਿਹਾ ਕਿ ਉਸਨੇ ਪਿਛਲੇ ਦਿਨ ਗਾਜ਼ਾ ਵਿੱਚ 100 ਤੋਂ ਵੱਧ ਨਿਸ਼ਾਨਿਆਂ 'ਤੇ ਹਮਲੇ ਕੀਤੇ ਸਨ।

# ਸੀਬੀਆਈ ਨੇ ਆਰਥਿਕ ਅਪਰਾਧੀ ਮੋਨਿਕਾ ਕਪੂਰ ਨੂੰ ਅਮਰੀਕਾ ਤੋਂ ਹਿਰਾਸਤ 'ਚ ਲਿਆ



**ਨਵੀਂ ਦਿੱਲੀ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਬੀਆਈ ਨੇ ਕਥਿਤ ਆਰਥਿਕ ਅਪਰਾਧੀ ਮੋਨਿਕਾ ਕਪੂਰ ਨੂੰ ਅਮਰੀਕਾ ਵਿਚ ਹਿਰਾਸਤ 'ਚ ਲੈ ਲਿਆ ਹੈ। ਕਪੂਰ ਨੂੰ ਹੁਣ ਵਾਪਸ ਭਾਰਤ ਲਿਆਂਦਾ ਜਾ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਕਪੂਰ ਕਰੀਬ ਪਿਛਲੇ ਢਾਈ ਦਹਾਕਿਆਂ ਤੋਂ ਫਰਾਰ ਸੀ। ਉਨ੍ਹਾਂ ਦੱਸਿਆ ਕਿ ਕੇਂਦਰੀ ਏਜੰਸੀ ਨੇ ਕਪੂਰ ਨੂੰ ਅਮਰੀਕਾ ਵਿਚ ਹਿਰਾਸਤ 'ਚ ਲੈ ਲਿਆ ਹੈ ਤੇ ਉਸ ਨੂੰ ਅਮੈਰੀਕਨ ਏਅਰਲਾਈਨਜ਼ ਦੇ ਜਹਾਜ਼ ਰਾਹੀਂ ਭਾਰਤ ਲਿਆਂਦਾ ਜਾ ਰਿਹਾ ਹੈ। ਜਹਾਜ਼ ਦੇ ਬੁੱਧਵਾਰ ਰਾਤ ਨੂੰ ਪਹੁੰਚਣ ਦੀ ਉਮੀਦ ਹੈ।

'ਯੂਨਾਈਟਿਡ ਸਟੇਟਸ ਡਿਸਟ੍ਰਿਕਟ ਕੋਰਟ ਫਾਰ ਦ ਈਸਟਰਨ ਡਿਸਟ੍ਰਿਕਟ ਆਫ਼ ਨਿਊਯਾਰਕ' ਨੇ ਭਾਰਤ ਤੇ ਅਮਰੀਕਾ ਦਰਮਿਆਨ ਦੁਵੱਲੇ ਹਵਾਲਗੀ ਕਰਾਰ ਤਹਿਤ ਕਪੂਰ ਦੀ ਸਪੁਰਦਗੀ ਨੂੰ ਮਨਜ਼ੂਰੀ ਦੇ ਦਿੱਤੀ ਸੀ। ਵਿਦੇਸ਼ ਮੰਤਰੀ ਨੇ ਕਪੂਰ ਦੇ ਇਸ ਦਾਅਵੇ ਨੂੰ ਖਾਰਜ ਕਰ ਦਿੱਤਾ ਸੀ ਕਿ ਭਾਰਤ ਪਰਤਣ 'ਤੇ ਉਸ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਵੇਗਾ। ਕਥਿਤ ਧੋਖਾਧੜੀ ਮਗਰੋਂ ਕਪੂਰ 1999 ਵਿਚ ਅਮਰੀਕਾ ਚਲੀ ਗਈ ਸੀ।

ਧੋਖਾਧੜੀ ਦੇ ਇਸ ਮਾਮਲੇ ਵਿਚ ਉਸ ਨੇ ਆਪਣੇ ਦੋ ਭਰਾਵਾਂ ਨਾਲ ਮਿਲ ਕੇ ਗਹਿਣਿਆਂ ਦੇ ਕਾਰੋਬਾਰ ਲਈ ਜਾਅਲੀ ਦਸਤਾਵੇਜ਼ ਬਣਾਏ। ਇਨ੍ਹਾਂ ਦਸਤਾਵੇਜ਼ਾਂ ਨੂੰ ਕਥਿਤ ਭਾਰਤ ਸਰਕਾਰ ਤੋਂ ਕੱਚੇ ਮਾਲ ਦੀ ਟੈਕਸ ਮੁਕਤ ਦਰਾਮਦਗੀ ਵਾਸਤੇ ਲਾਇਸੈਂਸ ਹਾਸਲ ਕਰਨ ਲਈ ਵਰਤਿਆ ਗਿਆ ਸੀ। ਕਥਿਤ ਧੋਖਾਧੜੀ ਨਾਲ ਭਾਰਤੀ ਖਜ਼ਾਨੇ ਨੂੰ 6,79,000 ਅਮਰੀਕੀ ਡਾਲਰ ਤੋਂ ਵੱਧ ਦਾ ਨੁਕਸਾਨ ਹੋਇਆ ਹੈ।

## 12 ਨਕਸਲੀਆਂ ਨੇ ਕੀਤਾ ਸਰੰਡਰ, 9 'ਤੇ 28.50 ਲੱਖ ਰੁਪਏ ਦਾ ਸੀ ਇਨਾਮ

**ਦੰਤੇਵਾੜਾ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਛੱਤੀਸਗੜ੍ਹ ਦੇ ਦੰਤੇਵਾੜਾ ਜ਼ਿਲ੍ਹੇ 'ਚ ਮਾਓਵਾਦੀ ਜੋੜੇ ਸਮੇਤ 12 ਨਕਸਲੀਆਂ ਨੇ ਸੁਰੱਖਿਆ ਫ਼ੋਰਸਾਂ ਸਾਹਮਣੇ ਆਤਮ ਸਮਰਪਣ ਕਰ ਦਿੱਤਾ ਹੈ। ਪੁਲਸ ਅਧਿਕਾਰੀਆਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਆਤਮ ਸਮਰਪਣ ਕਰਨ ਵਾਲੇ ਨਕਸਲੀਆਂ 'ਚੋਂ ਡਿਵੀਜ਼ਨ ਕਮੇਟੀ ਮੈਂਬਰ ਚੰਦਰਨਾ ਉਰਫ਼ ਬੁਰਸੂ ਪੁਨੇਮ (52) ਅਤੇ ਅਮਿਤ ਉਰਫ਼ ਹਿੰਗਾ (26) 'ਤੇ 8-8 ਲੱਖ ਰੁਪਏ ਅਤੇ ਏਰੀਆ ਕਮੇਟੀ ਮੈਂਬਰ ਅਤੇ ਅਮਿਤ ਦੀ ਪਤਨੀ ਅਰੁਣਾ ਲੇਕਮ (25) 'ਤੇ 5 ਲੱਖ ਰੁਪਏ ਦਾ ਇਨਾਮ ਐਲਾਨਿਆ ਗਿਆ ਸੀ।

# ਈਡੀ ਵੱਲੋਂ ਪੰਜਾਬ, ਹਰਿਆਣਾ 'ਚ 11 ਥਾਵਾਂ 'ਤੇ ਛਾਪੇ

**ਨਵੀਂ ਦਿੱਲੀ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਬੁੱਧਵਾਰ ਨੂੰ ਪੰਜਾਬ ਅਤੇ ਹਰਿਆਣਾ ਵਿੱਚ 11 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਇਹ ਛਾਪੇਮਾਰੀ ਬਦਨਾਮ 'ਡੰਕੀ ਰੂਟ' ਮਨੁੱਖੀ ਤਸਕਰੀ ਰੈਕੇਟ ਦੇ ਸਬੰਧ ਵਿੱਚ ਕੀਤੀ ਗਈ ਹੈ, ਜੋ ਇਸ ਸਾਲ ਫਰਵਰੀ ਵਿੱਚ ਸੰਯੁਕਤ ਰਾਜ ਅਮਰੀਕਾ ਤੋਂ ਕਈ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਵਾਪਸੀ ਤੋਂ ਬਾਅਦ ਸਾਹਮਣੇ ਆਇਆ ਸੀ। ਈਡੀ ਦੇ ਜਲੰਧਰ ਜ਼ੋਨਲ ਦਫ਼ਤਰ ਵੱਲੋਂ ਕੀਤੀ ਗਈ ਇਹ ਛਾਪੇਮਾਰੀ, ਪ੍ਰੀਵੈਨਸ਼ਨ ਆਫ਼ ਮਨੀ ਲਾਂਡਰਿੰਗ ਐਕਟ ਦੇ ਤਹਿਤ ਚੱਲ ਰਹੀ ਜਾਂਚ ਦੌਰਾਨ ਇਕੱਠੀ ਕੀਤੀ ਗਈ ਜਾਣਕਾਰੀ ਦੇ ਆਧਾਰ 'ਤੇ ਕੀਤੀ ਜਾ ਰਹੀ ਹੈ।

ਏਜੰਸੀ ਵੱਲੋਂ ਜਿਨ੍ਹਾਂ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ ਉਨ੍ਹਾਂ ਵਿੱਚ ਅੰਮ੍ਰਿਤਸਰ, ਸੰਗਰੂਰ, ਪਟਿਆਲਾ, ਮੋਗਾ, ਅੰਬਾਲਾ, ਕੁਰੂਕਸ਼ੇਤਰ ਅਤੇ ਕਰਨਾਲ ਸ਼ਾਮਲ ਹਨ। ਇੱਥੇ ਕਥਿਤ ਤੌਰ 'ਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੈੱਟਵਰਕ ਵਿੱਚ ਸ਼ਾਮਲ ਟਰੈਵਲ ਅਤੇ ਵੀਜ਼ਾ ਏਜੰਟਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। PMLA ਜਾਂਚ ਪੰਜਾਬ ਅਤੇ ਹਰਿਆਣਾ ਦੀਆਂ ਪੁਲੀਸ ਅਥਾਰਟੀਆਂ ਵੱਲੋਂ ਟਰੈਵਲ ਏਜੰਟਾਂ ਅਤੇ ਵਿਚੋਲਿਆਂ ਵਿਰੁੱਧ ਦਰਜ ਕੀਤੀਆਂ ਗਈਆਂ 17 ਐੱਫਆਈਆਰ'ਜ਼ ਦੇ ਆਧਾਰ 'ਤੇ ਸ਼ੁਰੂ ਕੀਤੀ ਗਈ ਸੀ।

ਇਨ੍ਹਾਂ ਏਜੰਟਾਂ ਅਤੇ ਵਿਚੋਲਿਆਂ 'ਤੇ ਅਮਰੀਕਾ ਵਿੱਚ ਪ੍ਰਵਾਸ ਕਰਨ ਦੇ ਚਾਹਵਾਨ ਵਿਅਕਤੀਆਂ ਨੂੰ ਧੋਖਾ ਦੇਣ ਦਾ ਦੋਸ਼ ਹੈ। ਈਡੀ ਦੇ ਅਧਿਕਾਰੀਆਂ ਨੇ ਦੱਸਿਆ, "ਇਨ੍ਹਾਂ ਏਜੰਟਾਂ ਨੇ ਕਥਿਤ ਤੌਰ 'ਤੇ ਲੋਕਾਂ ਨੂੰ ਕਾਨੂੰਨੀ ਯਾਤਰਾ ਦੇ ਪ੍ਰਬੰਧਾਂ ਦਾ ਵਾਅਦਾ ਕਰਕੇ ਫਸਾਇਆ, ਪਰ ਇਸ ਦੀ ਬਜਾਏ ਉਨ੍ਹਾਂ ਨੂੰ 'ਡੰਕੀ ਰੂਟ' ਵਜੋਂ ਜਾਣੇ ਜਾਂਦੇ ਖਤਰਨਾਕ, ਗੈਰ-ਕਾਨੂੰਨੀ ਰਸਤਿਆਂ ਰਾਹੀਂ ਤਸਕਰੀ ਕੀਤੀ।"

ਈਡੀ ਦੀ ਜਾਂਚ ਅਨੁਸਾਰ ਏਜੰਟਾਂ ਨੇ ਕਾਨੂੰਨੀ ਪਰਵਾਸ ਦੇ ਬਹਾਨੇ ਪ੍ਰਤੀ ਵਿਅਕਤੀ 45 ਤੋਂ 50 ਲੱਖ ਰੁਪਏ ਦੀਆਂ ਮੋਟੀਆਂ ਰਕਮਾਂ ਵਸੂਲੀਆਂ ਹਨ। ਹਾਲਾਂਕਿ, ਏਜੰਸੀ ਦੇ ਅਧਿਕਾਰੀਆਂ ਨੇ ਕਿਹਾ ਪੀੜਤਾਂ ਨੂੰ ਅਕਸਰ ਸੰਗਠਿਤ ਅਪਰਾਧਿਕ ਨੈੱਟਵਰਕਾਂ ਅਤੇ ਅਖੌਤੀ 'ਡੰਕਰਾਂ' (ਤਸਕਰੀ ਦੀ ਸਹੂਲਤ ਦੇਣ ਵਾਲੇ) ਦੀ ਸ਼ਮੂਲੀਅਤ ਨਾਲ ਜੰਗਲਾਂ ਅਤੇ ਖਤਰਨਾਕ ਇਲਾਕਿਆਂ ਰਾਹੀਂ ਅੰਤਰਰਾਸ਼ਟਰੀ ਸਰਹੱਦਾਂ ਪਾਰ ਸਮਗਲ ਕੀਤਾ ਜਾਂਦਾ ਸੀ।

ਜਾਂਚਕਰਤਾਵਾਂ ਨੇ ਅੱਗੇ ਖੁਲਾਸਾ ਕੀਤਾ ਕਿ ਇੱਕ ਵਾਰ ਜਦੋਂ ਪੀੜਤ ਰਸਤੇ ਵਿੱਚ ਹੁੰਦੇ ਸਨ ਤਾਂ ਏਜੰਟ ਅਤੇ ਉਨ੍ਹਾਂ ਦੇ ਘਰਾਂ ਵਿੱਚ ਪਰਿਵਾਰਾਂ ਨੂੰ ਆਪਣੇ ਅਜ਼ੀਜ਼ਾਂ ਦੀ ਸੁਰੱਖਿਆ ਲਈ ਡਰ ਅਤੇ ਧਮਕੀ ਦਾ ਮਾਹੌਲ ਪੈਦਾ ਕਰਕੇ ਵਾਧੂ ਭੁਗਤਾਨ ਕਰਨ ਲਈ ਮਜਬੂਰ ਕਰਦੇ ਸਨ।

ਇਸ ਸਬੰਧੀ ਕਈ ਡਿਪੋਰਟੀਆਂ ਦੇ ਬਿਆਨ ਈਡੀ ਵੱਲੋਂ ਦਰਜ ਕੀਤੇ ਗਏ ਹਨ। ਕਈ ਸ਼ੱਕੀਆਂ ਦੀ ਪਛਾਣ ਹੋਣ ਤੋਂ ਬਾਅਦ ਮੌਜੂਦਾ ਕਾਰਵਾਈ ਦੇ ਹਿੱਸੇ ਵਜੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

# ਲੁਧਿਆਣਾ: ਬੋਰੀ ਵਿੱਚ ਲਾਸ਼ ਸੁੱਟਣ ਆਏ ਦੋ ਵਿਅਕਤੀ ਮੋਟਰਸਾਈਕਲ ਛੱਡ ਕੇ ਫਰਾਰ

**ਲੁਧਿਆਣਾ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ 'ਚ ਬੁੱਧਵਾਰ ਨੂੰ ਫਿਰੋਜ਼ਪੁਰ ਰੋਡ 'ਤੇ ਡਿਵਾਈਡਰ ਤੇ ਦੋ ਮੋਟਰਸਾਈਕਲ ਸਵਾਰ ਵਿਅਕਤੀਆਂ ਨੂੰ ਇੱਕ ਬੋਰੀ, ਜਿਸ ਵਿੱਚ ਬਾਅਦ ਵਿੱਚ ਇੱਕ ਔਰਤ ਦੀ ਲਾਸ਼ ਮਿਲੀ, ਸੁੱਟਦੇ ਹੋਏ ਦੇਖਿਆ ਗਿਆ। ਜਾਣਕਾਰੀ ਅਨੁਸਾਰ ਮੋਟਰਸਾਈਕਲ ਸਵਾਰ ਦੋ ਵਿਅਕਤੀ ਇੱਕ ਇੱਕ ਬੋਰੀ ਸੁੱਟਣ ਲਈ ਆਏ ਅਤੇ ਇਸ ਦੌਰਾਨ ਸੜਕ ਕਿਨਾਰੇ ਖੜ੍ਹੇ ਵਿਕਰੇਤਾ ਨੇ ਉਨ੍ਹਾਂ ਨੂੰ ਬੋਰੀ ਵਿੱਚੋਂ ਆ ਰਹੀ ਬਦਬੂ ਬਾਰੇ ਬਾਰੇ ਸਵਾਲ ਕੀਤਾ, ਤਾਂ ਦੋਵਾਂ ਨੇ ਕਿਹਾ ਕਿ ਉਹ ਸਿਰਫ਼ ਸੜੇ ਹੋਏ ਅੰਬ ਸੁੱਟ ਰਹੇ ਸਨ।

ਹਾਲਾਂਕਿ, ਉੱਥੇ ਮੌਜੂਦ ਵਿਅਕਤੀਆਂ ਨੇ ਬੋਰੀ ਦੀ ਜਾਂਚ ਕੀਤੀ ਤਾਂ ਉਸ ਵਿਚ ਇੱਕ ਨੌਜਵਾਨ ਔਰਤ ਦੀ ਲਾਸ਼ ਮਿਲੀ। ਜਿਸ ਬਾਰੇ ਉਨ੍ਹਾਂ ਨੇ ਤੁਰੰਤ ਪੁਲੀਸ ਨੂੰ ਸੂਚਨਾ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਇੱਕ ਸ਼ੱਕੀ ਨੇ ਇੱਕ ਨਿੱਜੀ ਸੁਰੱਖਿਆ ਏਜੰਸੀ ਦੀ ਵਰਦੀ ਪਾਈ ਹੋਈ ਸੀ। ਕਈ ਚਸ਼ਮਦੀਦਾਂ ਨੇ ਦੋਵਾਂ ਵਿਅਕਤੀਆਂ ਦੀਆਂ ਵੀਡੀਓਜ਼ ਵੀ ਰਿਕਾਰਡ ਕੀਤੀਆਂ ਜਦੋਂ ਉਹ ਬੋਰੀ ਸੁੱਟ ਰਹੇ ਸਨ।

ਜਾਣਕਾਰੀ ਅਨੁਸਾਰ ਜਦੋਂ ਤੱਕ ਪੁਲੀਸ ਕਰਮਚਾਰੀ ਮੌਕੇ 'ਤੇ ਪਹੁੰਚੇ, ਉਦੋਂ ਤੱਕ ਦੋਵੇਂ ਫਰਾਰ ਹੋ ਚੁੱਕੇ ਸਨ। ਪਰ ਉੱਥੋਂ ਫਰਾਰ ਹੋਣ ਮੌਕੇ ਉਹ ਆਪਣੀ ਨੀਲੇ ਰੰਗ ਦਾ ਮੋਟਰਸਾਈਕਲ (ਰਜਿਸਟ ?ਰੇਸ਼ਨ ਨੰਬਰ



PB10357668) ਪਿੱਛੇ ਛੱਡ ਗਏ ਸਨ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਲਾਸ਼ ਦੇ ਨੱਕ ਵਿੱਚੋਂ ਖੂਨ ਵਹਿ ਰਿਹਾ ਸੀ ਅਤੇ ਮ੍ਰਿਤਕ ਦੀ ਪਛਾਣ ਕਰਨ ਦੇ ਯਤਨ ਜਾਰੀ ਹਨ।

ਆਰਤੀ ਚੌਕ ਨੇੜੇ ਸੜਕ ਕਿਨਾਰੇ ਖੜ੍ਹਦੇ ਵਿਕਰੇਤਾ ਜੀਵਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ, "ਮੈਂ ਦੋ ਵਿਅਕਤੀਆਂ ਨੂੰ ਮੋਟਰਸਾਈਕਲ ਰੋਕ ਕੇ ਬੋਰੀ ਨੂੰ ਡਿਵਾਈਡਰ 'ਤੇ ਸੁੱਟਦੇ ਦੇਖਿਆ। ਤੇਜ਼ ਬਦਬੂ ਆਉਣ ਕਾਰਨ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਇਹ ਕੀ ਹੈ। ਉਨ੍ਹਾਂ ਕਿਹਾ ਕਿ ਉਹ ਸੜੇ ਹੋਏ ਅੰਬ ਸੁੱਟਣ ਆਏ ਸਨ। ਉਨ੍ਹਾਂ ਦਾ ਵਿਵਹਾਰ ਸ਼ੱਕੀ ਲੱਗਿਆ, ਇਸ ਲਈ ਅਸੀਂ ਉਨ੍ਹਾਂ ਨੂੰ ਰੋਕਿਆ ਅਤੇ ਇੱਕ ਵੀਡੀਓ ਰਿਕਾਰਡ ਕਰਨਾ ਸ਼ੁਰੂ ਕਰ ਦਿੱਤਾ। ਬੋਰੀ ਚੁੱਕਣ ਵਾਲਾ ਸੁਰੱਖਿਆ ਗਾਰਡ ਦੀ ਨੀਲੀ ਵਰਦੀ ਵਿੱਚ ਸੀ।" ਉਸ ਨੇ ਦੱਸਿਆ, "ਜਦੋਂ ਅਸੀਂ ਵੀਡੀਓ ਬਣਾਉਣੀ ਸ਼ੁਰੂ ਕੀਤੀ, ਤਾਂ ਉਨ੍ਹਾਂ ਨੇ ਬਹਿਸ ਕਰਨੀ ਸ਼ੁਰੂ ਕਰ ਦਿੱਤੀ ਅਤੇ ਫਿਰ ਅਚਾਨਕ ਮੋਟਰਸਾਈਕਲ ਛੱਡ ਕੇ ਫਰਾਰ ਹੋ ਗਏ। ਜਦੋਂ ਅਸੀਂ ਬੋਰੀ ਖੋਲ੍ਹੀ, ਤਾਂ ਅੰਦਰ ਇੱਕ ਔਰਤ ਦੀ ਲਾਸ਼ ਮਿਲੀ।"

# ਗੁਰਦਾਸਪੁਰ ਦੇ ਸਰਹੱਦੀ ਖੇਤਰ 'ਚੋਂ ਏਕੇ 47 ਰਾਈਫਲਾਂ ਤੇ ਹੈਂਡ ਗ੍ਰਨੇਡ ਬਰਾਮਦ

## ਐਂਟੀ ਗੈਂਗਸਟਰ ਟਾਸਕ ਫੋਰਸ ਨੇ ਖ਼ੁਫ਼ੀਆ ਜਾਣਕਾਰੀ ਦੇ ਅਧਾਰ 'ਤੇ ਕਾਰਵਾਈ ਨੂੰ ਦਿੱਤਾ ਅੰਜਾਮ; ਜੰਗਲਾਤ ਖੇਤਰ 'ਚੋਂ ਬਰਾਮਦ ਕੀਤੇ ਹਥਿਆਰ

**ਅੰਮ੍ਰਿਤਸਰ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲੀਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ ਨੇ ਖੁਫੀਆ ਜਾਣਕਾਰੀ ਦੇ ਅਧਾਰ 'ਤੇ ਕੀਤੀ ਕਾਰਵਾਈ ਤਹਿਤ ਸਰਹੱਦੀ ਖੇਤਰ ਵਿੱਚੋਂ 2 ਏਕੇ 47 ਰਾਈਫਲ, ਕਾਰਤੂਸ, ਮੈਗਜ਼ੀਨ ਤੇ ਦੋ ਹੈਂਡ ਗ੍ਰਨੇਡ ਬਰਾਮਦ ਕੀਤੇ ਹਨ। ਇਹ ਖੁਲਾਸਾ ਡੀਜੀਪੀ ਗੌਰਵ ਯਾਦਵ ਨੇ ਆਪਣੇ ਸੋਸ਼ਲ ਮੀਡੀਆ ਖਾਤੇ ਐਕਸ ਰਾਹੀਂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਗੁਰਦਾਸਪੁਰ ਦੇ ਸਰਹੱਦੀ ਖੇਤਰ ਵਿੱਚੋਂ ਐਂਟੀ ਗੈਂਗਸਟਰ ਟਾਸਕ ਫੋਰਸ ਨੇ ਇੱਕ ਵਿਸ਼ੇਸ਼ ਕਾਰਵਾਈ ਤਹਿਤ ਦੋ ਏਕੇ47 ਰਾਈਫਲ, 16 ਕਾਰਤੂਸ, ਦੋ ਮੈਗਜ਼ੀਨ ਅਤੇ ਪੀ86 ਕਿਸਮ ਦੇ 2 ਹੈਂਡ ਗ੍ਰਨੇਡ ਇਲਾਕੇ ਦੇ ਜੰਗਲਾਤ ਖੇਤਰ ਵਿੱਚੋਂ ਬਰਾਮਦ ਕੀਤੇ ਹਨ।

ਡੀਜੀਪੀ ਨੇ ਕਿਹਾ ਕਿ ਪੁਲੀਸ ਦੀ ਇਸ ਕਾਰਵਾਈ ਨਾਲ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਕਾਰਕੁਨ ਹਰਵਿੰਦਰ ਰਿੰਦਾ ਦੀ ਦਹਿਸ਼ਤੀ ਕਾਰਵਾਈ ਦਾ ਪਰਦਾਫਾਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐੱਸਆਈ ਨਾਲ ਸਬੰਧਤ ਹੈ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਹਥਿਆਰਾਂ ਦੀ ਇਹ ਖੇਪ ਪਾਕਿਸਤਾਨ ਤੋਂ ਭਾਰਤੀ ਖੇਤਰ ਵਿੱਚ ਆਈ ਹੈ, ਜਿਸ ਨੂੰ ਪਾਕਿਸਤਾਨੀ ਏਜੰਸੀਆਂ ਅਤੇ ਹਰਵਿੰਦਰ ਰਿੰਦਾ ਵੱਲੋਂ ਪੰਜਾਬ ਵਿੱਚ ਵੱਖ ਵੱਖ ਥਾਵਾਂ 'ਤੇ ਦਹਿਸ਼ਤੀ ਕਾਰਵਾਈਆਂ ਲਈ ਭੇਜਿਆ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕਿ ਇਹ ਹਥਿਆਰਾਂ ਦੀ ਖੇਪ ਰਿੰਦਾ ਦੇ ਹੋਰ ਸਹਿਯੋਗੀਆਂ ਕੋਲ ਪੁੱਜਦੀ, ਏਜੀਟੀਐਫ ਨੇ ਖੁਫੀਆ ਜਾਣਕਾਰੀ 'ਤੇ ਅਧਾਰਤ ਕਾਰਵਾਈ ਤਹਿਤ ਇਸ ਸੰਭਾਵਿਤ ਦਹਿਸ਼ਤੀ ਕਾਰਵਾਈ ਦੀ ਯੋਜਨਾ ਨੂੰ ਅਸਫਲ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਦਹਿਸ਼ਤਗਰਦ ਤਾਕਤਾਂ ਪੰਜਾਬ ਦੀ ਸ਼ਾਂਤੀ ਨੂੰ ਲਾਂਬੂ ਲਾਉਣਾ ਚਾਹੁੰਦੀਆਂ ਹਨ। ਇਸ ਸਬੰਧ ਵਿੱਚ ਕੇਸ ਦਰਜ ਕੀਤਾ ਗਿਆ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ। ਉਨ੍ਹਾਂ ਕਿਹਾ ਕਿ ਇਹ ਖੇਪ ਕਿਸ ਕੋਲ ਪੁੱਜਣੀ ਸੀ ਅਤੇ ਕਿਸ ਨੇ ਪ੍ਰਾਪਤ ਕਰਨੀ ਸੀ, ਆਦਿ ਦਾ ਪਤਾ ਲਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

# ਮੁੰਬਈ ਦਹਿਸ਼ਤੀ ਹਮਲੇ ਦੇ ਦੋਸ਼ੀ ਤਹੱਵੁਰ ਰਾਣਾ ਦੀ ਅਦਾਲਤੀ ਹਿਰਾਸਤ 13 ਅਗਸਤ ਤੱਕ ਵਧਾਏ

**ਨਵੀਂ ਦਿੱਲੀ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੀ ਇੱਕ ਅਦਾਲਤ ਨੇ ਬੁੱਧਵਾਰ ਨੂੰ 26/11 ਮੁੰਬਈ ਅੱਤਵਾਦੀ ਹਮਲੇ ਦੇ ਦੋਸ਼ੀ ਤਹੱਵੁਰ ਹੁਸੈਨ ਰਾਣਾ ਦੀ ਨਿਆਂਇਕ ਹਿਰਾਸਤ 13 ਅਗਸਤ ਤੱਕ ਵਧਾ ਦਿੱਤੀ ਹੈ। ਵਿਸ਼ੇਸ਼ ਜੱਜ ਚੰਦਰਜੀਤ ਸਿੰਘ ਨੇ ਰਾਣਾ ਨੂੰ ਪਹਿਲਾਂ ਦਿੱਤੀ ਗਈ ਨਿਆਂਇਕ ਹਿਰਾਸਤ ਦੀ ਮਿਆਦ ਖਤਮ ਹੋਣ ਤੋਂ ਬਾਅਦ ਵੀਡੀਓ ਕਾਨਫਰੰਸ ਰਾਹੀਂ ਪੇਸ਼ ਕੀਤੇ ਜਾਣ ਤੋਂ ਬਾਅਦ ਇਹ ਹੁਕਮ ਦਿੱਤਾ।

ਰਾਣਾ 26/11 ਦੇ ਮੁੱਖ ਸਾਜ਼ਿਸ਼ਕਰਤਾ ਡੇਵਿਡ ਕੋਲਮੈਨ ਹੈਡਲੀ ਉਰਫ ਦਾਊਦ ਗਿਲਾਨੀ (, ਜੋ ਕਿ ਇੱਕ ਅਮਰੀਕੀ ਨਾਗਰਿਕ ਹੈ, ਦਾ ਨਜ਼ਦੀਕੀ ਸਾਥੀ ਹੈ। ਬੀਤੀ 4 ਅਪਰੈਲ ਨੂੰ ਅਮਰੀਕੀ ਸੁਪਰੀਮ ਕੋਰਟ ਵੱਲੋਂ ਭਾਰਤ ਨੂੰ ਉਸਦੀ ਹਵਾਲਗੀ ਵਿਰੁੱਧ ਉਸਦੀ ਸਮੀਖਿਆ ਪਟੀਸ਼ਨ ਖਾਰਜ ਕਰਨ ਤੋਂ ਬਾਅਦ ਉਸ ਨੂੰ ਭਾਰਤ ਲਿਆਂਦਾ ਗਿਆ ਸੀ।

# 'ਭਾਰਤ ਬੰਦ': ਪੰਜਾਬ ਰੋਡਵੇਜ਼ ਤੇ ਪੀਆਰਟੀਸੀ ਦੀਆਂ ਬੱਸਾਂ ਦੀ ਹੜਤਾਲ

## ਹੜਤਾਲ ਕਾਰਨ ਬੈਂਕਿੰਗ, ਬੀਮਾ, ਆਵਾਜਾਈ, ਬਿਜਲੀ, ਡਾਕ ਸੇਵਾਵਾਂ ਵੀ ਅਸਰਅੰਦਾਜ਼ ਹੋਣ ਦਾ ਖਦਸ਼ਾ

**ਚੰਡੀਗੜ੍ਹ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਪਲੈਟਫਾਰਮ ਵੱਲੋਂ ਨਿੱਜੀਕਰਨ ਅਤੇ ਚਾਰ ਨਵੇਂ ਕਿਰਤ ਕਾਨੂੰਨਾਂ ਖਿਲਾਫ਼ ਬੁੱਧਵਾਰ ਨੂੰ 'ਭਾਰਤ ਬੰਦ' ਦੇ ਸੱਦੇ ਤਹਿਤ ਪੰਜਾਬ ਵਿੱਚ ਦਿਨ ਚੜ੍ਹਦੇ ਹੀ ਪੰਜਾਬ ਰੋਡਵੇਜ਼ ਅਤੇ ਪੀਆਰਟੀਸੀ ਦੇ ਕਾਮਿਆਂ ਨੇ ਹੜਤਾਲ ਸ਼ੁਰੂ ਕਰ ਦਿੱਤੀ ਹੈ। ਮਾਨਸਾ ਦੇ ਬੱਸ ਅੱਡੇ ਤੋਂ ਅੱਜ ਸਵੇਰੇ ਪੰਜਾਬ ਰੋਡਵੇਜ਼ ਅਤੇ ਪੀਆਰਟੀਸੀ ਦੀ ਕੋਈ ਵੀ ਬੱਸ ਕਿਸੇ ਵੀ ਰੂਟ ਉੱਤੇ ਨਹੀਂ ਗਈ। ਹਾਲਾਂਕਿ ਸਰਕਾਰੀ ਬੱਸਾਂ ਦੀ ਹੜਤਾਲ ਦਾ ਲਾਹਾ ਲੈ ਕੇ ਪ੍ਰਾਈਵੇਟ ਬੱਸਾਂ ਵਾਲੇ ਸਵਾਰੀਆਂ ਦੀ ਸੇਵਾ ਕਰਦੇ ਵੇਖੇ ਗਏ।

ਪੀਆਰਟੀਸੀ ਦੇ ਇੱਕ ਅਧਿਕਾਰੀ ਮਨਜੀਤ ਸਿੰਘ ਨੇ ਦੱਸਿਆ ਕਿ ਲੋਕ ਸੇਵਾ ਲਈ ਕਾਰਪੋਰੇਸ਼ਨ ਦੇ ਪੱਕੇ ਮੁਲਾਜ਼ਮ ਬੱਸ ਸੇਵਾ ਬਹਾਲ ਰੱਖਣ ਦਾ ਉਪਰਾਲਾ ਕਰਨਗੇ, ਹਾਲਾਂਕਿ ਉਨ੍ਹਾਂ ਦੀ ਗਿਣਤੀ ਕਾਫ਼ੀ ਘੱਟ ਹੈ। ਉਂਝ ਇਸ ਹੜਤਾਲ ਕਾਰਨ ਬੈਂਕਿੰਗ, ਬੀਮਾ, ਆਵਾਜਾਈ, ਬਿਜਲੀ, ਡਾਕ ਸੇਵਾਵਾਂ ਪ੍ਰਭਾਵਿਤ ਰਹਿਣਗੀਆਂ। ਪੰਜਾਬ ਵਿਚ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਬੇਰੁਜ਼ਗਾਰਾਂ ਦੀਆ ਵੱਖ ਵੱਖ ਜਥੇਬੰਦੀਆਂ ਇਸ ਹੜਤਾਲ ਦਾ ਪਹਿਲਾਂ ਹੀ ਸਮਰਥਨ ਕਰਨ ਦਾ ਐਲਾਨ ਕਰ ਚੁੱਕੀਆਂ ਹਨ।

**ਸਿਰਸਾ ਵਿਚ ਬਿਜਲੀ ਮੁਲਾਜ਼ਮਾਂ ਵੱਲੋਂ ਮੁਕੰਮਲ ਹੜਤਾਲ, ਪ੍ਰਦਰਸ਼ਨ ਜਾਰੀ**

ਸਿਰਸਾ : ਟਰੇਡ ਯੂਨੀਅਨਾਂ ਦੇ ਸੱਦੇ 'ਤੇ ਦੇਸ਼ ਵਿਆਪੀ ਹੜਤਾਲ ਦੌਰਾਨ ਜਿੱਥੇ ਰੋਡਵੇਜ਼ ਦਾ ਚੱਕਾ ਜਾਮ ਕੀਤਾ ਗਿਆ ਹੈ, ਉੱਥੇ ਹੀ ਬਿਜਲੀ ਮੁਲਾਜ਼ਮਾਂ ਵੱਲੋਂ ਵੀ ਮੁਕੰਮਲ ਹੜਤਾਲ ਕੀਤੀ ਗਈ ਹੈ। ਬੈਂਕ ਤੇ ਐੱਲਆਈਸੀ ਦੇ ਦਫ਼ਤਰ ਦੇ ਬਾਹਰ ਵੀ ਮੁਲਾਜ਼ਮਾਂ ਵੱਲੋਂ ਪ੍ਰਦਰਸ਼ਨ ਕੀਤੇ ਗਏ ਹਨ। ਰੋਡਵੇਜ ਮੁਲਾਜ਼ਮਾਂ ਵੱਲੋਂ ਬੱਸਾਂ ਦਾ ਚੱਕਾ ਜਾਮ ਕਰਕੇ ਬੱਸ ਅੱਡੇ ਦੇ ਮੁੱਖ ਗੇਟ 'ਤੇ ਧਰਨਾ ਦਿੱਤਾ ਜਾ ਰਿਹਾ ਹੈ। ਬਿਜਲੀ ਮੁਲਾਜ਼ਮਾਂ ਵੱਲੋਂ ਬਰਨਾਲਾ ਰੋਡ ਸਥਿਤ ਬਿਜਲੀ ਘਰ ਦੇ ਬਾਹਰ ਧਰਨਾ ਲਾ ਕੇ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਜੋਰਦਾਰ ਵਿਰੋਧ ਕੀਤਾ ਜਾ ਰਿਹਾ ਹੈ। ਹੜਤਾਲ ਵਿੱਚ ਮੁਲਾਜ਼ਮਾਂ ਤੋਂ ਇਲਾਵਾ ਕਿਸਾਨ, ਮਜ਼ਦੂਰ, ਨੌਜਵਾਨ ਤੇ ਵਿਦਿਆਰਥੀ ਵੀ ਸ਼ਿਰਕਤ ਮੌਜੂਦ ਸਨ।

ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਪਲੇਟਫਾਰਮ ਨੇ ਨਿੱਜੀਕਰਨ ਅਤੇ ਚਾਰ ਨਵੇਂ ਕਿਰਤ ਕਾਨੂੰਨਾਂ ਖਿਲਾਫ਼ ਅੱਜ ਬੁੱਧਵਾਰ ਨੂੰ ਭਾਰਤ ਬੰਦ ਦੇ ਸੱਦੇ ਤਹਿਤ ਪੰਜਾਬ ਵਿੱਚ ਦਿਨ ਚੜ੍ਹਦੇ ਹੀ ਪੰਜਾਬ ਰੋਡਵੇਜ਼ ਅਤੇ ਪੀਆਰਟੀਸੀ ਦੇ ਕਾਮਿਆਂ ਨੇ ਹੜਤਾਲ ਸ਼ੁਰੂ ਕਰ ਦਿੱਤੀ ਗਈ ਹੈ।







ਨਾਲ ਹੀ ਆਂਗਨਵਾੜੀ ਯੂਨੀਅਨ ਸੀਟੂ ਵੱਲੋਂ ਵੀ ਕੇਂਦਰ ਤੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਜਾਰੀ ਰੱਖੀ ਗਈ। ਗੌਰਤਲਬ ਹੈ ਕਿ ਸਿਹਤ ਵਿਭਾਗ ਮੁਲਾਜ਼ਮਾਂ ਸਣੇ ਹੋਰ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਬੇਰੁਜ਼ਗਾਰਾਂ ਦੀਆਂ ਵੱਖ ਵੱਖ ਜਥੇਬੰਦੀਆਂ ਇਸ ਹੜਤਾਲ ਦਾ ਪਹਿਲਾਂ ਹੀ ਸਮਰਥਨ ਕਰਨ ਦਾ ਐਲਾਨ ਕਰ ਚੁੱਕੀਆਂ ਹਨ।

**ਟਰੇਡ ਯੂਨੀਅਨਾਂ ਦੇ ਸੱਦੇ 'ਤੇ ਵੱਖ ਵੱਖ ਜਥੇਬੰਦੀਆਂ ਵੱਲੋਂ ਰੋਸ ਮੁਜ਼ਾਹਰੇ**

ਕੌਮੀ ਪੱਧਰ ਦੀਆਂ ਟਰੇਡ ਯੂਨੀਅਨਾਂ ਦੇ 'ਭਾਰਤ ਬੰਦ' ਦੇ ਸੱਦੇ 'ਤੇ ਅੱਜ ਇੱਥੇ ਵੱਖ-ਵੱਖ ਜਥੇਬੰਦੀਆਂ ਵੱਲੋਂ ਰੈਲੀਆਂ ਤੇ ਰੋਸ ਮੁਜ਼ਾਹਰੇ ਕੀਤੇ। ਇਨ੍ਹਾਂ ਮੁਜ਼ਾਹਰਿਆਂ ਵਿਚ ਜਥੇਬੰਦੀਆਂ ਦੇ ਮੈਂਬਰਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ।

ਪੈਨਸ਼ਨਰਜ਼ ਐਸੋਸ਼ੀਏਸ਼ਨ ਦੇ ਪ੍ਰਧਾਨ ਸਤਨਾਮ ਸਿੰਘ ਸੰਧੂ, ਸੁਖਦੇਵ ਸਿੰਘ ਭਵਾਨੀਗੜ੍ਹ, ਚਰਨ ਸਿੰਘ ਚੋਪੜਾ, ਭਾਕਿਯੂ ਬੁਰਜਗਿੱਲ ਦੇ ਬਲਾਕ ਪ੍ਰਧਾਨ ਚਮਕੌਰ ਸਿੰਘ ਭੱਟੀਵਾਲ, ਪੰਜਾਬ ਪ੍ਰਦੇਸ਼ ਪੱਲੇਦਾਰ ਮਜ਼ਦੂਰ ਦਲ ਦੇ ਪ੍ਰਧਾਨ ਰਾਮ ਸਿੰਘ ਮੱਟਰਾਂ, ਬਿਲਡਿੰਗ ਉਸਾਰੀ ਲੇਬਰ ਯੂਨੀਅਨ ਦੇ ਆਗੂ ਬਲਵਿੰਦਰ ਸਿੰਘ ਸੱਗੂ ਆਦਿ ਆਗੂਆਂ ਨੇ ਮੁਜ਼ਾਹਰਿਆਂ ਦੀ ਅਗਵਾਈ ਕੀਤੀ।

ਆਗੂਆਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ 'ਆਪ' ਸਰਕਾਰ ਵੱਲੋਂ ਮਜ਼ਦੂਰਾਂ, ਕਿਸਾਨਾਂ ਅਤੇ ਮੁਲਾਜ਼ਮਾਂ ਦੇ ਹਿੱਤਾਂ ਨੂੰ ਦਰਕਿਨਾਰ ਕਰਦਿਆਂ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਇਸ ਧੱਕੇਸ਼ਾਹੀ ਖ਼ ?ਲਾਫ਼ ਸੰਘਰਸ਼ ਤੇਜ਼ ਕੀਤੇ ਜਾਣਗੇ।

# ਰਾਜਸਥਾਨ ਦੇ ਚੁਰੂ ਨੇੜੇ ਭਾਰਤੀ ਹਵਾਈ ਸੈਨਾ ਦਾ ਜੈਗੁਆਰ ਜੰਗੀ ਜਹਾਜ਼ ਹਾਦਸਾਗ੍ਰਸਤ

**ਚੰਡੀਗੜ੍ਹ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜਸਥਾਨ ਦੇ ਚੁਰੂ ਜ਼ਿਲ੍ਹੇ ਦੇ ਰਤਨਗੜ੍ਹ ਖੇਤਰ ਦੇ ਭਾਨੂਦਾ ਪਿੰਡ ਵਿੱਚ ਬੁੱਧਵਾਰ ਦੁਪਹਿਰੇ ਇੱਕ ਜੈਗੁਆਰ ਜੰਗੀ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਹ ਜਹਾਜ਼ ਭਾਰਤੀ ਹਵਾਈ ਸੈਨਾ (916) ਦਾ ਦੱਸਿਆ ਜਾ ਰਿਹਾ ਹੈ। ਰੱਖਿਆ ਸੂਤਰਾਂ ਨੇ ਹਾਦਸੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਹਾਦਸੇ ਬਾਰੇ ਵਿਸਤ੍ਰਿਤ ਜਾਣਕਾਰੀ ਅਜੇ ਉਡੀਕੀ ਜਾ ਰਹੀ ਹੈ। ਹਾਦਸਾ ਦੁਪਹਿਰ 12.40 ਵਜੇ ਹੋਇਆ, ਜਦੋਂ ਜਹਾਜ਼ ਨੇ ਅਚਾਨਕ ਕੰਟਰੋਲ ਗੁਆ ਲਿਆ ਅਤੇ ਖੇਤਾਂ ਵਿੱਚ ਡਿੱਗ ਗਿਆ। ਹਾਦਸੇ ਤੋਂ ਬਾਅਦ ਜਹਾਜ਼ ਅੱਗ ਦੀ ਲਪੇਟ ਵਿਚ ਆ ਗਿਆ।



ਮੁਢਲੀਆਂ ਰਿਪੋਰਟਾਂ ਅਨੁਸਾਰ ਜਹਾਜ਼ ਬਹੁਤ ਤੇਜ਼ੀ ਨਾਲ ਹੇਠਾਂ ਆਇਆ ਅਤੇ ਧਰਤੀ ਨਾਲ ਟਕਰਾਉਂਦਿਆਂ ਹੀ ਉਸ ਵਿੱਚ ਧਮਾਕਾ ਹੋ ਗਿਆ। ਘਟਨਾ ਸਥਾਨ 'ਤੇ ਜਹਾਜ਼ ਦਾ ਮਲਬਾ ਚਾਰੇ ਪਾਸੇ ਖਿੱਲਰਿਆ ਹੋਇਆ ਹੈ ਅਤੇ ਅੱਗ ਦੀਆਂ ਲਪਟਾਂ ਉੱਠਦੀਆਂ ਵੇਖੀਆਂ ਗਈਆਂ।

ਕਈ ਚਸ਼ਮਦੀਦਾਂ ਨੇ ਦੱਸਿਆ ਕਿ ਮਲਬੇ ਦੇ ਵਿਚਕਾਰ ਇਕ ਲਾਸ਼ ਦੇ ਟੁਕੜੇ ਵੀ ਨਜ਼ਰ ਆ ਰਹੇ ਹਨ ਆਖ਼ਰੀ ਖ਼ਬਰਾਂ ਮਿਲਣ ਤੱਕ ਇਹ ਸਪੱਸ਼ਟ ਨਹੀਂ ਹੋਇਆ ਸੀ ਕਿ ਜਹਾਜ਼ ਵਿੱਚ ਕਿੰਨੇ ਲੋਕ ਸਵਾਰ ਸਨ।

ਇਸ ਸਬੰਧੀ ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ।

# ਵਿਧਾਇਕਾ ਨੀਨਾ ਮਿੱਤਲ ਨੇ 4 ਕਰੋੜ 62 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਮਿਰਜ਼ਾਪੁਰ ਵਾਇਆ ਗੱਦੋਮਾਜਰਾ, ਪਹਿਰ ਕਲਾਂ, ਪਹਿਰ ਖੁਰਦ ਲਿੰਕ ਸੜਕ ਦਾ ਰੱਖਿਆ ਨੀਂਹ ਪੱਥਰ

**ਰਾਜਪੁਰਾ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਰਾਜਪੁਰਾ ਵਿੱਚ ਲਗਾਤਾਰ ਵਿਕਾਸ ਕਾਰਜਾਂ ਨੂੰ ਰਫਤਾਰ ਮਿਲ ਰਹੀ ਹੈ। ਇਸ ਕੜੀ ਤਹਿਤ ਹਲਕੇ ਦੀਆਂ ਪੁਰਾਣੀਆਂ ਮੰਗਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਧਾਇਕਾ ਮੈਡਮ ਨੀਨਾ ਮਿੱਤਲ ਨੇ ਮਿਰਜ਼ਾਪੁਰ ਵਾਇਆ ਗੱਦੋਮਾਜਰਾ, ਪਹਿਰ ਕਲਾਂ ਅਤੇ ਪਹਿਰ ਖੁਰਦ ਨੂੰ ਰਾਜਪੁਰਾ-ਚੰਡੀਗੜ੍ਹ ਰੋਡ ਨਾਲ ਜੋੜਨ ਵਾਲੀ ਲਿੰਕ ਸੜਕ ਦੇ ਨਵੀਨੀਕਰਨ ਲਈ ਨੀਂਹ ਪੱਥਰ ਰੱਖਿਆ।

ਇਸ ਮੌਕੇ ਪਿੰਡ ਮਿਰਜ਼ਾਪੁਰ ਵਿਖੇ ਰੱਖੇ ਇਕ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਵਿਧਾਇਕਾ ਮੈਡਮ ਨੀਨਾ ਮਿੱਤਲ ਨੇ ਕਿਹਾ ਕਿ ਇਹ ਪ੍ਰੋਜੈਕਟ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਅਤੇ ਲੋਕ ਨਿਰਮਾਣ ਮੰਤਰੀ ਸ੍ਰ. ਹਰਭਜਨ ਸਿੰਘ ਈ.ਟੀ.ਓ. ਦੇ ਯਤਨਾਂ ਨਾਲ ਨੇਪਰੇ ਚਾੜ੍ਹਿ ਆ ਹੈ, ਜਿਸ ਤੇ ਕਰੀਬ 4 ਕਰੋੜ 62 ਲੱਖ ਰੁਪਏ ਦੀ ਲਾਗਤ ਆਵੇਗੀ। ਉਨ੍ਹਾਂ ਕਿਹਾ ਕਿ ਇਹ ਸੜਕ ਹਲਕੇ ਦੇ ਵਾਸੀਆਂ ਲਈ ਆਵਾਜਾਈ ਪੱਖੋਂ ਸੁਵਿਧਾਜਨਕ ਬਣਾਏਗੀ। ਉਕਤ ਸੜਕ 18 ਫੁੱਟ ਚੌੜੀ ਅਤੇ 5.35 ਕਿਲੋਮੀਟਰ ਲੰਬੀ ਹੋਵੇਗੀ, ਜੋ ਇਲਾਕੇ ਦੇ ਵਿਕਾਸ ਵਿੱਚ ਇੱਕ ਨਵਾਂ ਮੋੜ ਸਾਬਤ ਹੋਵੇਗੀ। ਇਸ ਮੌਕੇ ਉਨ੍ਹਾਂ ਨਾਲ ਐਡਵੋਕੇਟ ਲਵਿਸ਼ ਮਿੱਤਲ, ਐਸ ਡੀ ਓ ਯਾਦਵਿੰਦਰ ਸ਼ਰਮਾ, ਜੇਈ ਅਤੇ ਵਿਭਾਗ ਦੇ ਹੋਰ ਵੀ ਸਬੰਧਿਤ ਅਧਿਕਾਰੀ ਮੌਜੂਦ ਸਨ। ਇਸ ਮੌਕੇ ਵਿਧਾਇਕਾ ਮੈਡਮ ਨੀਨਾ ਮਿੱਤਲ ਨੇ ਕਿਹਾ ਕਿ ਇਸ ਲੰਮੇ ਸਮੇਂ ਤੋਂ ਇਲਾਕੇ ਦੇ ਲੋਕਾਂ ਦੀ ਮੰਗ ਰਹੀ ਹੈ ਕਿ ਪੁਰਾਣੀ ਅਤੇ ਖਸਤਾਹਾਲ ਸੜਕ ਨੂੰ ਨਵੀਂ ਤਰ੍ਹਾਂ ਤਿਆਰ ਕੀਤਾ ਜਾਵੇ। ਖਸਤਾ ਹਾਲਤ ਦੇ ਕਾਰਨ ਇਲਾਕੇ ਦੇ ਲੋਕਾਂ, ਖਾਸ ਕਰਕੇ ਕਿਸਾਨਾਂ ਨੂੰ ਆਪਣੀਆਂ ਫਸਲਾਂ ਅਤੇ ਸਬਜ਼ੀਆਂ ਮੰਡੀਆਂ ਵਿੱਚ ਲਿਜਾਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਪਰ ਹੁਣ ਨਵੀਂ ਅਤੇ ਮਜ਼ਬੂਤ ਸੜਕ ਬਣਨ ਨਾਲ ਇਹਨਾਂ ਸਮੱਸਿਆਵਾਂ ਦਾ ਹੱਲ ਹੋਵੇਗਾ ਅਤੇ ਆਵਾਜਾਈ ਦਾ ਸੌਖਾ ਸਾਧਨ ਮਿਲੇਗਾ।

ਉਨ੍ਹਾਂ ਕਿਹਾ ਕਿ ਇਸ ਲਿੰਕ ਸੜਕ ਦੇ ਨਵੀਨੀਕਰਨ ਨਾਲ ਨੇੜਲੇ ਪਿੰਡਾਂ ਦੇ ਕਰੀਬ 10,000 ਵਸਨੀਕਾਂ ਨੂੰ ਸਿੱਧਾ ਲਾਭ ਮਿਲੇਗਾ ਤੇ ਲੋਕਾਂ ਨੂੰ ਰਾਜਪੁਰਾ, ਚੰਡੀਗੜ੍ਹ ਅਤੇ ਹੋਰ ਅਹਿਮ ਸਥਾਨਾਂ ਤੱਕ ਪਹੁੰਚਣ ਵਿੱਚ ਅਸਾਨੀ ਹੋਵੇਗੀ। ਇਲਾਕੇ ਦੇ ਵਿਦਿਆਰਥੀਆਂ, ਦਫ਼ਤਰੀ ਕਰਮਚਾਰੀਆਂ ਅਤੇ ਕਾਰੋਬਾਰੀ ਵਰਗ ਲਈ ਵੀ ਇਹ ਸੜਕ ਇੱਕ ਵੱਡੀ ਸੌਗਾਤ ਬਣੇਗੀ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹਰੇਕ ਹਲਕੇ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਹੈ ਤਾਂ ਜੋ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦਾਅਵਾ ਕੀਤਾ ਕਿ ਮਾਨ ਸਰਕਾਰ ਦੇ ਯਤਨਾਂ ਨਾਲ ਹਰ ਹਲਕੇ ਵਿੱਚ ਵਿਕਾਸ ਦੇ ਕੰਮ ਤੇਜ਼ੀ ਨਾਲ ਜਾਰੀ ਹਨ ਅਤੇ ਅੱਗੇ ਵੀ ਇਲਾਕੇ ਦੀਆਂ ਹੋਰ ਮੰਗਾਂ ਨੂੰ ਵੀ ਪੂਰਾ ਕੀਤਾ ਜਾਵੇਗਾ।

ਇਸ ਮੌਕੇ ਸਥਾਨਕ ਲੋਕਾਂ ਨੇ ਵਿਧਾਇਕਾ ਮੈਡਮ ਨੀਨਾ ਮਿੱਤਲ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸੜਕ ਇਲਾਕੇ ਦੀ ਤਸਵੀਰ ਬਦਲ ਦੇਵੇਗੀ। ਖਾਸ ਕਰਕੇ ਕਿਸਾਨਾਂ ਨੇ ਕਿਹਾ ਕਿ ਹੁਣ ਉਨ੍ਹਾਂ ਦੀਆਂ ਫਸਲਾਂ ਮੰਡੀਆਂ ਤੱਕ ਸਮੇਂ ਸਿਰ ਅਤੇ ਸੁਰੱਖਿਅਤ ਪਹੁੰਚ ਸਕਣਗੀਆਂ। ਇਸ ਤਰ੍ਹਾਂ ਦੇ ਵਿਕਾਸ ਕਾਰਜਾਂ ਨਾਲ ਪਿੰਡਾਂ ਦੀ ਤਰੱਕੀ ਹੋਵੇਗੀ।

# ਡੇਂਗੂ ਦਾ ਕਹਿਰ



ਡਾ. ਅਜੀਤ ਸਿੰਘ ਪੁਰੀ

ਡੇਂਗੂ ਇਕ ਗੰਭੀਰ ਤਪਤਖੰਡੀ ਰੋਗ ਹੈ। ਪਿਛਲੇ ਸਾਲਾਂ ਦੌਰਾਨ ਇਸ ਦੀਆਂ ਵੱਧ ਰਹੀਆਂ ਘਟਨਾਵਾਂ ਕਾਰਨ ਇਹ ਬਿਮਾਰੀ ਵਿਸ਼ਵਿਆਪੀ ਖ਼ਤਰਾ ਬਣ ਗਈ ਹੈ। ਇਹ ਸਭ ਤੋਂ ਵੱਧ ਫੈਲਣ ਵਾਲੀ ਵਿਸ਼ੈਲੀ ਸੰਕਰਾਮਕ ਬਿਮਾਰੀ ਹੈ ਜਿਹੜੀ ਐਡਿਸ ਅਈਜਿਪਟੀ ਮੱਛਰ ਦੇ ਕੱਟਣ ਕਾਰਨ ਹੁੰਦੀ ਹੈ। ਇਸ ਦੇ ਕੱਟਣ ਨਾਲ ਡੇਂਗੂ ਦਾ ਵਿਸ਼ੈਲਾ ਵਾਇਰਸ ਅਗਾਂਹ ਪਹੁੰਚਦਾ ਹੈ ਪਰ ਇਹ ਆਪਣੇ ਆਪ ਵਿਚ ਪੀੜਤ ਨਹੀਂ ਹੁੰਦਾ। ਮੱਛਰ ਉਸ ਵੇਲੇ ਸੰਕਾਰਮਕ ਹੁੰਦਾ ਹੈ ਜਦੋਂ ਇਹ ਡੇਂਗੂ ਨਾਲ ਪੀੜਤ ਮਨੁੱਖ ਨੂੰ ਕੱਟਦਾ ਹੈ। **ਚਾਰ ਪ੍ਰਕਾਰ ਦੇ ਘਾਤਕ ਬੈਕਟੀਰੀਆ** - ਜਿਨ੍ਹਾਂ ਦਾ ਆਪਸ ਵਿਚ ਨੇੜੇ ਦਾ ਸਬੰਧ ਹੁੰਦਾ ਹੈ ਪਰ ਰੋਚਕ ਗੱਲ ਇਹ ਹੈ ਕਿ ਇਕ ਵਿਸ਼ੈਲੇ ਬੈਕਟੀਰੀਆ ਨਾਲ ਹੋਈ ਲਾਗ ਉਸ ਵਾਇਰਸ ਨਾਲ ਹੀ ਰੋਗ ਪ੍ਰਤੀਰੋਧਤਾ ਪ੍ਰਦਾਨ ਕਰਦੀ ਹੈ ਅਤੇ ਕੋਈ ਦੂਜਾ ਵਾਇਰਸ ਅਜਿਹਾ ਨਹੀਂ ਕਰਦਾ।

### ਲੱਛਣ

ਡੇਂਗੂ ਬੁਖ਼ਾਰ ਦੇ ਲੱਛਣ ਤਿੰਨ ਤੋਂ ਚੌਦਾ ਦਿਨਾਂ ਵਿਚ ਆਉਂਣੇ ਸ਼ੁਰੂ ਹੋ ਜਾਂਦੇ ਹਨ। ਇਸ ਨੂੰ ਰੋਗ ਵਿਕਾਸ ਦਾ ਸਮਾਂ ਕਹਿੰਦੇ ਹਨ। ਇਹ ਸਮਾਂ ਲਾਗ ਦੇ ਉਘਾੜ ਜਾਂ ਪ੍ਰਗਟਾਵਾ ਅਤੇ ਪਹਿਲੇ ਲੱਛਣ ਦੇ ਨਜ਼ਰ ਆਉਣ ਦੇ ਅੰਤਰਾਲ ਦਾ ਹੁੰਦਾ ਹੈ। ਮਨੁੱਖ ਨੂੰ ਅਚਾਨਕ ਤੇਜ਼ ਬੁਖ਼ਾਰ, ਠੰਢ, ਸਿਰਦਰਦ, ਪਿੱਠ-ਦਰਦ ਅਤੇ ਅੱਖਾਂ ਦੇ ਘੁਮਾਉਣ ਨਾਲ ਦਰਦ ਵਧਦੀ ਹੈ ਅਤੇ ਇਸ ਨਾਲ ਹੀ ਸਾਧਾਰਨ ਪੱਠਿਆਂ ਵਿਚ ਵੀ ਦਰਦ ਹੁੰਦੀ ਹੈ। ਇਸ ਲਈ ਇਸ ਬਿਮਾਰੀ ਨੂੰ ਹੱਡ ਭੰਨਣਾ ਬੁਖ਼ਾਰ ਵੀ ਕਿਹਾ ਜਾਂਦਾ ਹੈ। ਕਿਈ ਵਾਰੀ ਬੁਖ਼ਾਰ ਕੁੱਝ ਘੰਟਿਆਂ ਤੋਂ ਲੈ ਕੇ ਦੋ ਦਿਨਾਂ ਲਈ ਘੱਟ ਜਾਂਦਾ ਹੈ ਅਤੇ ਇਕ-ਦੋ ਦਿਨਾਂ ਲਈ ਮੁੜ ਚੜ੍ਹ ਜਾਂਦਾ ਹੈ ਪਰ ਇਸ ਦੀ ਤੀਬਰਤਾ ਘੱਟ ਹੁੰਦੀ ਹੈ। ਇਹ ਬੁਖ਼ਾਰ ਇਕ ਹਫ਼ਤੇ ਲਈ ਰਹਿ ਸਕਦਾ ਹੈ। ਛਾਤੀ ਅਤੇ ਪਿੱਠ 'ਤੇ ਮੀਜ਼ਲ ਵਾਂਗ ਲਾਲ ਰੰਗ ਦੇ ਧੱਪੜ ਉਭਰ ਸਕਦੇ ਹਨ ਜਿਹੜੇ ਕਿ ਚਿਹਰੇ ਅਤੇ ਬਾਕੀ ਅੰਗਾਂ 'ਤੇ ਵੀ ਫ਼ੈਲ ਸਕਦੇ ਹਨ। ਇਨ੍ਹਾਂ ਦੀ ਮਿਆਦ ਇਕ ਤੋਂ ਪੰਜ ਦਿਨਾਂ ਦੀ ਹੁੰਦੀ ਹੈ। ਬੁਖ਼ਾਰ ਵਿਚ ਮਤਲੀ, ਉਲਟੀ ਅਤੇ ਭੁੱਖ ਦੀ ਇੱਛਾ ਨਾ ਹੋਣ ਵਰਗੇ ਲੱਛਣ ਨਜ਼ਰ ਆਉਂਦੇ ਹਨ। ਸੁਸਤ ਪੈ ਜਾਂਦੀ ਹੈ ਅਤੇ ਗ੍ਰੰਥੀਆਂ ਪ੍ਰਤੱਖ ਦਿਸਦੀਆਂ ਹਨ। ਹਰ-ਰੋਜ਼ੇ ਖ਼ੂਨ ਟੈਸਟਾਂ ਵਿਚ ਲਿਊਕੋਸਾਈਟ ਦੀ ਗਿਣਤੀ ਘੱਟ ਜਾਂਦੀ ਹੈ। ਲਿਊਕੋਪਿਨੀਆ ਅਤੇ ਨਿਊਟਰੋਫਿਲਜ਼ ਦੀ ਗਿਣਤੀ ਵੀ ਵਧੇਰੇ ਘੱਟ ਜਾਂਦੀ ਹੈ। ਇਸ ਬਿਮਾਰੀ ਦਾ ਮਹੱਤਵਪੂਰਨ ਤੱਥ ਇਹ ਹੈ ਕਿ ਕਈ ਸਾਧਾਰਨ ਰੋਗੀਆਂ ਵਿਚ ਪਲੇਟੇਲੈਟ ਦੀ ਗਿਣਤੀ ਵੀ ਘੱਟ ਜਾਂਦੀ ਹੈ। (ਥਰਾਬੋਸਾਈਟੋਪਿਨੀਆ) ਜਿਸ ਨਾਲ ਖ਼ੂਨ ਪ੍ਰਵਾਹ ਦੀ ਗੜਬੜ ਜਿਵੇਂ ਕਿ ਚਮੜੀ 'ਤੇ ਖਿੰਡਰੇ ਹੋਏ ਲਹੂ ਦੇ ਚਟਾਖ, ਨੱਕ ਵਿੱਚੋਂ ਖ਼ੂਨ-ਪ੍ਰਵਾਹ ਆਦਿ ਕਈ ਲੱਛਣ ਸਾਹਮਣੇ ਆਉਂਦੇ ਹਨ।

**ਖ਼ੂਨ-ਪ੍ਰਵਾਹ ਵਾਲਾ ਬੁਖ਼ਾਰ** - ਖ਼ੂਨ-ਪ੍ਰਵਾਹ ਵਾਲਾ ਬੁਖ਼ਾਰ ਬੱਚਿਆਂ ਵਿਚ ਹੁੰਦਾ ਹੈ ਜਿਸ ਵਿਚ ਪਲੈਟੇਲੈਟਾਂ ਦੀ ਗਿਣਤੀ ਵਧੇਰੇ ਘੱਟ ਜਾਂਦੀ ਹੈ। ਪਲੈਟੇਲੈਟ ਦੀ ਗਿਣਤੀ ਦਾ ਆਮ ਪੱਧਰ 150000 ਯੂਐਲ ਤੋਂ ਲੈ ਕੇ 450000 ਯੂਐਲ ਹੁੰਦਾ ਹੈ ਅਤੇ 100000 ਯੂਐਲ ਤੋਂ ਘੱਟ ਦੀ ਗਿਣਤੀ ਨੂੰ ਖ਼ਤਰਨਾਕ ਸਮਝਿਆ ਜਾਂਦਾ ਹੈ ਅਤੇ ਜੇ ਇਹ ਗਿਣਤੀ 40000 ਤੋਂ ਘੱਟ ਹੋ ਜਾਵੇ ਤਾਂ ਇਸ ਦਾ ਖ਼ਤਰਾ ਹੋਰ ਵੀ ਵੱਧ ਜਾਂਦਾ ਹੈ। ਪਲੈਟੇਲੇਟਾਂ ਦੀ ਗਿਣਤੀ ਘੱਟ ਹੋਣ ਨਾਲ ਖ਼ੂਨ-ਪ੍ਰਦੀਆਂ ਘਟਨਾਵਾਂ ਜਿਵੇਂ ਕਿ ਪਿਸ਼ਾਬ ਵਿਚ ਖ਼ੂਨ, ਢਿਡ ਅਤੇ ਆਂਤੜੀਆਂ ਵਿਚੋਂ ਖ਼ੂਨ ਅਤੇ ਪਖਾਨੇ ਵਿਚ ਖ਼ੂਨ ਆ ਸਕਦਾ ਹੈ। ਔਰਤਾਂ ਵਿਚ ਮਾਹਵਾਰੀ ਦਾ ਬਹਾਵ ਵੱਧ ਸਕਦਾ ਹੈ। ਖ਼ੂਨ ਦੀ ਕਲਾਟਿੰਗ ਲਈ ਪਲੈਟੇਲੈਟਾਂ ਦੀ ਗਿਣਤੀ ਸਹੀ ਹੋਣਾ ਅਤਿ ਜ਼ਰੂਰੀ ਹੈ। ਅਜਿਹੇ ਰੋਗੀਆਂ ਵਿਚ ਖ਼ੂਨ ਦੀ ਪਰਵਿਰਤੀ ਜਾਨਣ ਲਈ ਟੂਰਨੀਕੁਇਟ ਟੈਸਟ ਸਕਾਰਾਤਮਕ ਹੋ ਸਕਦਾ ਹੈ। ਇਸ ਨੂੰ ਜਾਨਣ ਲਈ ਰਕਤਚਾਪ ਦੇ ਕਫ ਦੇ ਸਿਸਟੋਲਿਕ ਅਤੇ ਡਾਇਆਸਟੋਲਿਕ ਰਕਤ-ਚਾਪ ਵਿਚਾਲੇ ਪੰਜ ਮਿੰਟਾਂ ਲਈ ਹਵਾ ਭਰੀ ਜਾਂਦੀ ਹੈ। ਜੇ 2.5 ਵਰਗ ਸੈਂਟੀਮੀਟਰ ਵਿਚ 20 ਰੁਧੀਰਾਂਕ ਜਾਂ ਪਿਟੈਚੀ ਤੋਂ ਵੱਧ ਹੋਣ ਤਾਂ ਪਰੀਖਣ ਸਕਾਰਾਤਮਕ ਸਮਝਿਆ ਜਾਂਦਾ ਹੈ। ਪਲਾਜ਼ਮਾ ਦਾ ਰਿਸਾਓ (ਪਲਾਜ਼ਮਾ ਖ਼ੂਨ ਦੇ ਤਰਲ ਪਦਾਰਥ ਦਾ ਉਹ ਭਾਗ ਹੁੰਦਾ ਹੈ ਜਿਸ ਵਿਚ ਸਫ਼ੈਦ ਅਤੇ ਲਾਲ ਰਕਤਾਣੂੰ ਤਰਦੇ ਹਨ) ਡੀ.ਐਚ.ਜੀ. ਦਾ ਪ੍ਰਮੁੱਖ ਪ੍ਰਮਾਨ ਹੈ। ਇਸ ਨਾਲ ਰੋਗ ਦੀ ਤੀਬਰਤਾ ਦਾ ਗਿਆਨ ਹੁੰਦਾ ਹੈ ਅਤੇ ਡੇਂਗੂ ਬੁਖ਼ਾਰ ਅੰਤਰ ਦਾ ਪਤਾ ਦੱਸਦਾ ਹੈ। ਇਹ ਖ਼ੂਨ ਨਾੜਾਂ ਦੀਆਂ ਦੀਵਾਰਾਂ ਦੀ ਸਹਭਾਗਿਤਾ ਕਾਰਨ ਹੁੰਦਾ ਹੈ ਜਿਸ ਨੂੰ ਐਂਡੋਥੀਲੀਅਮ ਦੁਸ਼ਕਿਰਿਆ ਕਹਿੰਦੇ ਹਨ ਅਤੇ ਇਸ ਨਾਲ ਨਾੜਾਂ ਸੰਬੰਧੀ ਪਾਰਦਰਸ਼ਤਾ ਵੱਧ ਜਾਂਦੀ ਹੈ। ਇਸ ਨਾਲ ਤਰਲ ਪਦਾਰਥ ਪੈਰੀਟੋਨੀਅਲ ਪੇਟ ਦੇ ਖੋਲ ਵਿਚ ਇੱਕਠੇ ਹੋ ਜਾਂਦੇ ਹਨ ਜਿਸ ਨੂੰ ਐਸਾਈਟਸ ਕਹਿੰਦੇ ਹਨ ਜਾਂ ਇਹ ਪਲੂਰਾ ਖਚੋਲ ਵਿਚ ਇੱਕਠੇ ਹੋ ਜਾਂਦੇ ਹਨ ਜਿਸ ਨੂੰ ਪਲੂਰਾ ਰਸਾਓ ਕਿਹਾ ਜਾਂਦਾ ਹੈ। ਇਸ ਨਾਲ ਦੌਰੇ ਅੰਦਰ ਤਰਲ ਪਦਾਰਥਾਂ ਦੀ ਘਾਟ ਹੈ ਅਤੇ ਮਹੱਤਵਪੂਰਨ ਅੰਗਾਂ ਨੂੰ ਖ਼ੂਨ ਦਾ ਦੌਰਾ ਘੱਟ ਜਾਂਦਾ ਹੈ। ਡੇਂਗੂ ਬੁਖ਼ਾਰ ਦੇ ਕਈ ਹੋਰ ਲੱਛਣਾਂ ਤੋਂ ਇਲਾਵਾ ਇਸ ਰੋਗ ਵਿਚ ਤਾਪਮਾਨ ਅੰਦਰ ਅਚਾਨਕ ਵਾਧਾ ਹੁੰਦਾ ਹੈ।

**ਸਦਮਾ ਸਿਨਡਰੋਮ** - ਇਹ ਰੋਗ ਦਾ ਅੰਤਲਾ ਪੜਾਅ ਹੁੰਦਾ ਹੈ। ਇਸ ਵਿਚ ਰਕਤਚਾਪ ਘੱਟਣ ਨਾਲ ਖ਼ੂਨ ਦਾ ਦੌਰਾ ਵਧੇਰੇ ਘਟਦਾ ਹੈ। ਰੋਗੀ ਸਦਮੇ ਦੇ ਸਿਨਡਰੋਮ ਵਿਚ ਚਲਾ ਜਾਂਦਾ ਹੈ ਜਿਸ ਨਾਲ ਪੇਟ ਵਿਚ ਤੇਜ਼ ਦਰਦ, ਲਗਾਤਾਰ ਉਲਟੀ, ਵਧੇਰੇ ਬੇਚੈਨੀ ਹੁੰਦੀ ਹੈ। ਤਾਪਮਾਨ ਸਾਧਾਰਨ ਪੱਧਰ ਤੋਂ ਅਚਾਨਕ ਹੇਠਾਂ ਆ ਜਾਂਦਾ ਹੈ ਅਤੇ ਰੋਗੀ ਨੂੰ ਪਸੀਨਾ ਆਉਂਦਾ ਹੈ। ਇਹ ਡੇਂਗੂ ਵਿਚ ਸਦਮਾ ਸਿਨਡਰੋਮ ਦੇ ਚੇਤਾਵਨੀ ਦੇਣ ਵਾਲੇ ਪ੍ਰਮੁੱਖ ਸੰਕੇਤ ਹੁੰਦੇ ਹਨ। ਜੇ ਕਿਸੇ ਵਧੀਆ ਸਾਜ-ਸਮਾਨ ਨਾਲ ਲੈਸ ਵਧੀਆ ਹਸਪਤਾਲ ਦੇ ਗਹਿਨ ਦੇਖਭਾਲ ਯੂਨਿਟ ਵਿਚ ਇਸ ਦਾ ਇਲਾਜ ਸਹੀ ਸਮੇਂ 'ਤੇ ਕਰਵਾਇਆ ਜਾਵੇ ਤਾਂ ਰੋਗੀ ਦੀ ਜਾਨ ਬਚ ਸਕਦੀ ਹੈ। ਇਸ ਲਈ ਇਸ ਵਿਚ ਸਾਵਧਾਨੀ ਦੀ ਲੋੜ ਹੁੰਦੀ ਹੈ।

**ਟੈਸਟ** - ਲਿਊਕੋਸਾਈਟ, (ਲਿਊਕੋਪਿਨੀਆ) ਨਿਊਟਰੋਫਿਲਜ਼ (ਨਿਊਟਰੋਪਿਨੀਆ) ਅਤੇ ਪਲੈਟਲੈਟ ਦੀ ਗਿਣਤੀ (ਥਰਾਬੋਸਾਈਟੋਪਿਨੀਆ) ਘੱਟ ਜਾਂਦੀ ਹੈ। ਇਸ ਦੀ ਸ਼ਨਾਖਤ ਦੀ ਪੁਸ਼ਟੀ ਆਈ.ਜੀ.ਐਮ. ਰੋਗ ਨਾਸ਼ਕ ਨਾਲ ਹੁੰਦੀ ਹੈ ਅਤੇ ਇਸ ਦਾ ਵਧਦਾ ਹੋਇਆ ਟਾਈਟਰੇ ਖ਼ਾਸ ਨਾਲੋਂ ਵੱਧ ਅਤੇ ਸੰਵੇਦਨਸ਼ੀਲ ਹੁੰਦਾ ਹੈ। ਅਲਟਰਾ ਸੋਨੋਗਰਾਫ਼ੀ ਨਾਲ ਪਲੂਰਲ ਖੋਲ ਦੇ ਤਰਲ ਪਦਾਰਥ ਦੀ ਸ਼ਨਾਖਤ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਪੈਰੀਟੋਨੀਅਲ ਖੋਲ ਵਿਚ (ਅਸਾਈਟਸ) ਤਰਲ ਪਦਾਰਥ ਨੂੰ ਖੋਜਿਆ ਜਾ ਸਕਦਾ ਹੈ।

**ਡੇਂਗੂ ਦਾ ਪ੍ਰਬੰਧ ਕਰਨਾ** - ਰੋਗੀ ਦੇ ਬੁਖ਼ਾਰ ਦਾ ਘਰ ਬੈਠ ਕੇ ਵੀ ਇਲਾਜ ਕੀਤਾ ਜਾ ਸਕਦਾ ਹੈ ਜੇ ਉਲਟੀਆਂ ਆਦਿ ਆਉਣ ਨਾਲ ਖ਼ੂਨ ਅਤੇ ਤਰਲ ਪਦਾਰਥਾਂ ਦੀ ਘਾਟ ਨਹੀਂ ਹੋ ਰਹੀ ਹੈ। ਬੁਖ਼ਾਰ ਅਤੇ ਦਰਦਾਂ ਲਈ ਪੈਰਾਸਿਟਾਮੋਲ ਦਿੱਤੀ ਜਾ ਸਕਦੀ ਹੈ ਪਰ ਅਸਪਰੀਨ ਅਤੇ ਨਾਨ ਸਟੀਰਾਇਡ ਵਿਰੋਧੀ-ਸੋਜਾ ਦੇਣ ਵਾਲੀਆਂ ਦਵਾਈਆਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਨਾਲ ਖ਼ੂਨ ਰਿਸਾਓ ਦਾ ਭੈ ਬਣਿਆ ਰਹਿੰਦਾ ਹੈ। ਰੋਗੀਆਂ ਨੂੰ ਵਧੇਰੇ ਅਰਾਮ ਕਰਨਾ ਚਾਹੀਦਾ ਹੈ ਅਤੇ ਤਰਲ ਪਦਾਰਥਾਂ ਜਿਵੇਂ ਸੂਪ, ਜੂਸ ਆਦਿ ਨੂੰ ਜ਼ਿਆਦਾ ਪੀਣਾ ਚਾਹੀਦਾ ਹੈ। ਘਰ ਵਿਚ ਇਲਾਜ ਕਰਨ ਵੇਲੇ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਪੇਟ ਵਿਚ ਲਗਾਤਾਰ ਦਰਦ, ਉਲਟੀਆਂ, ਖ਼ੂਨ ਰਸਾਓ, ਬੁਖ਼ਾਰ, ਤਾਪਮਾਨ ਵਿਚ ਅਚਾਨਕ ਗਿਰਾਵਟ ਅਤੇ ਰਕਤਚਾਪ ਨਾਲ ਕਿਸੇ ਸਦਮੇ ਦੇ ਸੰਕੇਤ ਨਜ਼ਰ ਨਹੀਂ ਆਉਣੇ ਚਾਹੀਦੇ। ਅਜਿਹੀ ਸਥਿਤੀ ਵਿਚ ਰੋਗੀ ਨੂੰ ਗਹਨ ਦੇਖਰੇਖ ਨਾਲ ਲੈਸ ਸੁਵਿਧਾਵਾਂ ਵਾਲੇ ਹਸਪਤਾਲ ਵਿਚ ਦਾਖਲ ਕਰਵਾਉਣਾ ਚਾਹੀਦਾ ਹੈ। ਹਸਪਤਾਲ ਵਿਚ ਵੱਖ-ਵੱਖ ਤਰ੍ਹਾਂ ਦੇ ਅੰਤਰਨਸੀ ਤਰਲ ਪਦਾਰਥ ਅਤੇ ਆਕਸੀਜਨ ਦਿੱਤੀ ਜਾਂਦੀ ਹੈ ਜਿਸ ਨਾਲ ਰਕਤ ਚਾਪ ਅਤੇ ਤਰਲ ਪਦਾਰਥਾਂ ਦੀ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਪਲੈਟੇਲੇਟ ਦੀ ਗਿਣਤੀ ਪਹਿਲਾਂ ਵੀ ਇਹ ਦੱਸਿਆ ਗਿਆ ਹੈ ਕਿ 40,000 ਯੂ.ਐਲ ਪਲੈਟੇਲੈਂਟ ਦੀ ਸੰਖਿਆ ਨੂੰ ਸੁਰੱਖਿਅਤ ਸਮਝਿਆ ਜਾਂਦਾ ਹੈ। ਜੇ ਵਾਰ-ਵਾਰ ਖ਼ੂਨ ਦਾ ਰਿਸਾਓ ਹੁੰਦਾ ਹੋਵੇ ਅਤੇ ਪਲੈਟੇਲੈਟ ਦੀ ਗਿਣਤੀ 20,000 ਮਿਊ ਐਲ ਤੋਂ ਘੱਟ ਹੋਵੇ ਤਾਂ ਰੋਗੀ ਨੂੰ ਬਚਾਉਣ ਲਈ ਪਲੈਟੇਲੈਟ ਨਾਲ ਭਰਪੂਰ ਪਲਾਜ਼ਮਾ ਦਿੱਤਾ ਜਾਂਦਾ ਹੈ। ਇਸ ਵਿਚ ਕਈ ਯੂਨਿਟ ਦੇਣ ਦੀ ਲੋੜ ਪੈਂਦੀ ਹੈ। ਕਈ ਵਿਸ਼ੇਸ਼ ਰੋਗੀਆਂ ਨੂੰ ਤਾਜ਼ਾ ਖ਼ੂਨ ਵੀ ਚੜ੍ਹਾਇਆ ਜਾਂਦਾ ਹੈ। ਇਸ ਦੇ ਨਾਲ-ਨਾਲ ਤਾਜ਼ਾ ਜੰਮਿਆ ਹੋਇਆ ਖ਼ੂਨ ਚੜ੍ਹਾਉਣ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਇਹ ਉਹ ਪਲਾਜ਼ਮਾ ਹੁੰਦਾ ਹੈ ਜਿਸ ਵਿਚ ਪਲੈਟੇਲੈਟ ਨਹੀਂ ਹੁੰਦੇ। ਇਸ ਨਾਲ ਖ਼ੂਨ ਦੇ ਪ੍ਰਵਾਹ ਨੂੰ ਰੋਕਣ ਵਿਚ ਸਹਾਇਤਾ ਮਿਲਦੀ ਹੈ ਕਿਉਂਕਿ ਇਸ ਵਿਚ ਖ਼ੂਨ ਪ੍ਰਵਾਹ ਨੂੰ ਰੋਕਣ ਦੇ ਕਈ ਕਾਰਨ ਹੁੰਦੇ ਹਨ। ਕਈ ਰੋਗੀਆਂ ਵਿਚ ਪਲੈਟੇਲੈਟ ਸੰਚਾਰਨ ਦੀ ਲੋੜ ਵੀ ਪੈ ਸਕਦੀ ਹੈ ਪਰ ਇਹ ਇਲਾਜ ਮਹਿੰਗਾ ਹੈ। ਇਸ ਤਰ੍ਹਾਂ ਇਕੱਲੇ ਮਨੁੱਖ ਵਲੋਂ ਦਾਨ ਕੀਤੇ ਪਲੈਟਲੈਟ ਦਾ ਸੰਚਾਰਨ ਵੀ ਹੋ ਸਕਦਾ ਹੈ। ਅਜਿਹੇ ਕੇਸ ਵਿਚ ਦਾਨੀ ਦੇ ਪਲੈਟੇਲੈਂਟ ਨੂੰ ਵੱਖਰਾ ਕਰਨ ਤੋਂ ਬਾਅਦ ਰੋਗੀ ਨੂੰ ਇਸਦਾ ਸੰਚਾਰਨ ਕੀਤਾ ਜਾਂਦਾ ਹੈ।

**ਰੋਕਥਾਮ** - ਡੇਂਗੂ ਸੰਚਾਰਨ ਕਰਨ ਵਾਲੇ ਮੱਛਰ ਮਨੁੱਖਾਂ ਦੇ ਆਲੇ ਦੁਆਲੇ ਰਹਿੰਦੇ ਹਨ। ਇਹ ਪਾਣੀ ਭੰਡਾਰਨ ਵਾਲੇ ਬਰਤਨਾਂ, ਫੁਲ ਵਾਲੇ ਗਮਲਿਆਂ, ਪੁਰਾਣੇ ਡਰਮ ਆਦਿ ਵਿਚ ਪਨਪਦੇ ਹਨ ਜਿਹੜੇ ਮਨੁੱਖੀ ਨਿਵਾਸਾਂ ਦੇ ਨੇੜੇ ਰੱਖੇ ਹੁੰਦੇ ਹਨ। ਇਹ ਮੱਛਰ ਸਵੇਰ ਵੇਲੇ ਕੱਟਦੇ ਹਨ। ਇਸ ਦੀ ਰੋਕਥਾਮ ਲਈ ਕੁਝ ਨਿਰਦੇਸ਼ ਦਿੱਤੇ ਜਾਂਦੇ ਹਨ। ਆਪਣੇ ਘਰ ਦੇ ਆਲੇ-ਦੁਆਲੇ ਮੱਛਰਾਂ ਨੂੰ ਪਨਪਨ ਵਾਲੀਆਂ ਥਾਂਵਾਂ ਦਾ ਨਾਸ਼ ਕਰੋ। ਉਨ੍ਹਾਂ ਵਸਤੂਆਂ ਨੂੰ ਸੁੱਟ ਦਿਉ ਜਿਨ੍ਹਾਂ ਵਿਚ ਮੀਂਹ ਦਾ ਪਾਣੀ ਇਕੱਠਾ ਹੁੰਦਾ ਹੈ। ਕੂਲਰਾਂ ਦਾ ਪਾਣੀ ਨਿਯਮਿਤ ਰੂਪ ਨਾਲ ਬਦਲਦੇ ਰਹੋ। ਇਸੇ ਤਰ੍ਹਾਂ ਬਾਹਰ ਰੱਖੇ ਬਰਤਨਾਂ ਵਿਚ ਪੰਛੀਆਂ, ਪਾਲਤੂ ਪਸ਼ੂਆਂ ਅਤੇ ਜਾਨਵਰਾਂ ਲਈ ਇੱਕਠੇ ਹੋਏ ਪਾਣੀ ਨੂੰ ਬਦਲਦੇ ਰਹਿਣਾ ਚਾਹੀਦਾ ਹੈ।

> *ਚਿਕਨਗੁਨੀਆ - ਇਸ ਦੇ ਲੱਛਣ ਵੀ ਡੇਂਗੂ ਬੁਖ਼ਾਰ ਵਾਂਗ ਹੀ ਹੁੰਦੇ ਹਨ ਪਰ ਇਸ ਵਿਚ ਡੇਂਗੂ ਵਾਂਗ ਖ਼ੂਨ ਦਾ ਰਿਸਾਓ ਜਾਂ ਸਦਮੇ ਦਾ ਸਿੰਡਰੋਮ ਨਹੀਂ ਹੁੰਦਾ ਪਰ ਫਿਰ ਵੀ ਇਸ ਦੇ ਡੇਂਗੂ ਬੁਖ਼ਾਰ ਤੋਂ ਵਖਰੇਵੇਂ ਲਈ ਆਈ.ਜੀ.ਐੱਮ. ਪ੍ਰੀਖਣ ਕਰਾਵਉਣ ਦੀ ਲੋੜ ਹੁੰਦੀ ਹੈ...*



# ਛਾਤੀ ਦਾ ਕੈਂਸਰ





ਡਾ. ਰੁਚੀ ਭਾਰਗਵ
93572-52393

ਚੇਤਾਵਨੀ ਚਿੰਨ੍ਹ - ਛਾਤੀ ਦੇ ਕੈਂਸਰ ਦੇ ਸਫ਼ਲ ਇਲਾਜ ਲਈ ਜ਼ਰੂਰੀ ਹੈ ਇਸ ਦਾ ਸ਼ੁਰੂ ਵਿਚ ਪਤਾ ਲਗਾਉਣਾ। ਹੇਠ ਲਿਖੇ ਲੱਛਣਾ ਵਿੱਚੋਂ ਜੇ ਤੁਹਾਨੂੰ ਕਿਸੇ ਦਾ ਵੀ ਸ਼ੱਕ ਪਵੇ ਤਾਂ ਜ਼ਰੂਰੀ ਹੈ ਕਿ ਤੁਸੀ ਕੈਂਸਰ ਦੇ ਮਾਹਿਰ ਡਾਕਟਰ ਨੂੰ ਮਿਲੋ

- ਛਾਤੀ ਦੇ ਕਿਸੇ ਇਕ ਹਿੱਸੇ ਦਾ ਅੰਦਰ ਨੂੰ ਧੱਸ ਜਾਣਾ।
- ਨਿੱਪਲ ਵਿੱਚੋਂ ਖ਼ੂਨ ਦੇ ਰੰਗ ਦੇ ਪਾਣੀ ਦਾ ਨਿਕਲਣਾ।
- ਤੁਹਾਡੀ ਕਿਸੇ ਇਕ ਛਾਤੀ ਦੇ ਆਕਾਰ ਅਤੇ ਸ਼ਕਲ ਵਿਚ ਤਬਦੀਲੀ।

**ਜਲਦ ਪਤਾ ਲਗਾਉਣਾ**

ਛਾਤੀਆਂ ਦੇ ਕੈਂਸਰ ਨੂੰ ਸ਼ੁਰੂ ਵਿਚ ਹੀ ਪਤਾ ਲਗਾਉਣ ਲਈ ਡਾਕਟਰੀ ਮੁਆਇਨਾਂ, ਮੈਮੋਗ੍ਰਾਫੀ ਅਤੇ ਛਾਤੀ ਦਾ ਖ਼ੁਦ ਨਿਰੀਖਣ ਬਹੁਤ ਜ਼ਰੂਰੀ ਹੈ।

**ਜਾਂਚ** - ਸਾਲ ਵਿਚ ਇਕ ਵਾਰ ਤੁਹਾਡੀ ਛਾਤੀ ਦਾ ਕੈਂਸਰ ਦੇ ਮਾਹਿਰ ਡਾਕਟਰ ਦੁਆਰਾ ਮੁਆਇਨਾ ਲਾਜ਼ਮੀ ਹੈ। 20 ਸਾਲ ਦੀ ਉਮਰ ਤੋਂ ਸ਼ੁਰੂ ਹੋ ਕੇ 1-3 ਸਾਲ ਦੇ ਵਾਕਫ਼ੇ ਤੇ ਛਾਤੀ ਦਾ ਡਾਕਟਰੀ ਨਿਰੀਖਣ ਜ਼ਰੂਰੀ ਹੈ। 40 ਸਾਲ ਤੋਂ ਬਾਅਦ ਇਹ ਨਿਰੀਖਣ 2 ਸਾਲ ਵਿਚ ਇਕ ਵਾਰ ਜ਼ਰੂਰੀ ਹੈ।

**ਮੈਮੋਗ੍ਰਾਫ਼ੀ** - ਛਾਤੀ ਦਾ ਇਕ ਪ੍ਰਕਾਰ ਦਾ ਐਕਸ-ਰੇ ਹੈ। ਇਸ ਰਾਹੀਂ ਉਨ੍ਹਾਂ ਗਿਲਟੀਆਂ ਦਾ ਪਤਾ ਲੱਗ ਜਾਂਦਾ ਹੈ ਜੋ ਮਹਿਸੂਸ ਨਹੀਂ ਕੀਤੀਆਂ ਜਾ ਸਕਦੀਆਂ। ਤੁਹਾਡਾ ਪਹਿਲਾ ਮੈਮੋਗ੍ਰਾਫ਼ 40 ਸਾਲ ਦੀ ਉਮਰ ਵਿਚ ਹੋਣਾ ਜ਼ਰੂਰੀ ਹੈ। ਅਤੇ ਉਸ ਤੋਂ ਬਾਅਦ ਸਾਲ ਵਿਚ ਇਕ ਵਾਰ।

**ਬਾਇਆਪਸੀ** - ਇਹ ਜਾਨਣ ਲਈ ਕਿ ਰਸੌਲੀ ਜੜ੍ਹ ਵਾਲੀ ਹੈ, ਬਾਇਆਪਸੀ ਬੇਹੱਦ ਜ਼ਰੂਰੀ ਹੈ। ਛਾਤੀ ਦੀ ਬਾਇਆਪਸੀ ਹੇਠ ਲਿਖੀਆਂ ਵਿਧੀਆਂ ਨਾਲ ਕੀਤੀ ਜਾਂਦੀ ਹੈ।

* ਇਕ ਬਾਰੀਕ ਸੂਈ ਨਾਲ ਗਿਲਟੀ ਦਾ ਪਾਣੀ ਜਾਂ ਕੋਸ਼ਿਕਾਵਾਂ ਨੂੰ ਲੈ ਕੇ ਦੂਰਬੀਨ ਹੇਠ ਜਾਂਚ।

**ਛਾਤੀ ਦੀ ਜਾਂਚ** - ਹਰ ਮਹੀਨੇ ਆਪਣੇ-ਆਪ ਛਾਤੀਆਂ ਦੀ ਜਾਂਚ ਨਾਲ ਸਾਨੂੰ ਪਤਾ ਲੱਗਦਾ ਹੈ ਕਿ ਸਾਡੀ ਛਾਤੀ ਦੀ ਬਨਾਵਟ ਕਿਸ ਤਰ੍ਹਾਂ ਦੀ ਹੈ। ਇਸ ਨਾਲ ਛਾਤੀ ਵਿਚ ਜਦੋਂ ਕੋਈ ਵੀ ਤਬਦੀਲੀ ਆਉਂਦੀ ਹੈ ਤਾਂ ਉਸ ਦਾ ਬਹੁਤ ਜਲਦੀ ਪਤਾ ਚਲ ਜਾਂਦਾ ਹੈ। ਛਾਤੀ ਦਾ ਨਿਰੀਖਣ ਕਰਨ ਦਾ ਸਭ ਤੋਂ ਵਧੀਆ ਸਮਾਂ ਮਹਾਵਾਰੀ ਖ਼ਤਮ ਹੋਣ ਤੋਂ 2-3 ਦਿਨ ਬਾਅਦ ਹੈ। ਜੇ ਤੁਹਾਡੀ ਮਹਾਵਾਰੀ ਨਿਯਿਤ ਨਹੀਂ ਹੈ ਜਾਂ ਬੰਦ ਹੋ ਚੁੱਕੀ ਹੈ ਤਾਂ ਹਰ ਮਹੀਨੇ ਦਾ ਕੋਈ ਵੀ ਦਿਨ ਚੁਣ ਲਓ ਜਿਸ ਤਰ੍ਹਾਂ ਕਿ ਮਹੀਨੇ ਦਾ ਪਹਿਲਾਂ ਜਾਂ ਦਸਵਾਂ ਦਿਨ, ਤੇ ਹਰ ਮਹੀਨੇ ਉਸੀ ਦਿਨ ਨੂੰ ਨਿਰੀਖਣ ਕਰੋ। ਹੱਥ ਦੀਆਂ ਉਂਗਲਾਂ ਦੇ ਨਾਲ ਉਪਰ ਦੱਸੇ ਗਏ ਚੇਤਾਵਨੀ ਚਿੰਨ ਦੇਖਣ ਕੋਸ਼ਿਸ਼ ਕਰੋ। 80ਫ਼ੀਸੀਦੀ ਸਤਨ ਕੈਂਸਰ ਆਪਣੇ ਆਪ ਜਾਂਚ ਨਾਲ ਪਤਾ ਲੱਗ ਸਕਦੇ ਹਨ।

## ਛਾਤੀ ਦੇ ਸਾਰੇ ਕੈਂਸਰ ਇਕੋ ਜਿਹੇ ਨਹੀਂ ਹੁੰਦੇ

**ਅਵਸਥਾਵਾਂ** - ਰਸੌਲੀ ਦੇ ਫੈਲਣ ਦੇ ਆਧਾਰ 'ਤੇ ਅਸੀਂ ਛਾਤੀ ਦੇ ਕੈਂਸਰ ਨੂੰ ਇਕ ਤੋਂ ਚਾਰ ਅਵਸਥਾਵਾਂ ਵਿਚ ਵੰਡਦੇ ਹਾਂ। ਪਹਿਲੀ ਅਤੇ ਦੂਸਰੀ ਅਵਸਥਾ ਵਿਚ ਆਮ ਤੌਰ 'ਤੇ ਕੈਂਸਰ ਛਾਤੀ ਤਕ ਹੀ ਸੀਮਿਤ ਹੁੰਦਾ ਹੈ। ਤਸੀਰੀ ਅਵਸਥਾ ਵਿਚ ਰਸੌਲਾ ਦਾ ਜ਼ਖ਼ਮ ਬਣ ਜਾਂਦਾ ਹੈ ਜਾਂ ਆਕਾਰ ਵਿਚ ਬਹੁਤ ਵਾਧਾ ਹੁੰਦਾ ਹੋ ਚੁੱਕਾ ਹੁੰਦਾ ਹੈ ਅਤੇ ਅਕਸਰ ਬਗ਼ਲ ਵਿਚ ਫੈਲ ਚੁੱਕਾ ਹੁੰਦਾ ਹੈ। ਚੌਥੀ ਅਵਸਥਾ ਵਿਚ ਕੈਂਸਰ ਸਰੀਰ ਦੇ ਦੂਸਰੇ ਅੰਗਾਂ, ਜਿਵੇਂ ਜਿਗਰ, ਫ਼ੇਫੜੇ, ਹੱਡੀਆਂ, ਦਿਮਾਗ਼ ਆਦਿ ਤਕ ਫੈਲ ਜਾਂਦਾ ਹੈ ਅਤੇ ਇਸ ਅਵਸਥਾ ਵਿਚ ਪੂਰੀ ਤਰ੍ਹਾਂ ਠੀਕ ਨਹੀਂ ਹੋ ਸਕਦਾ, ਫਿਰ ਵੀ ਮਰੀਜ਼ ਦੀ ਤਕਲੀਫ਼ ਨੂੰ ਘਟਾਇਆ ਜਾ ਸਕਦਾ ਹੈ। ਇਸ ਲਈ ਕਦੇ ਵੀ ਦੋ ਕੈਂਸਰ ਇਕੋ ਜਿਹੇ ਨਹੀਂ ਹੁੰਦੇ। ਇਸੇ ਤਰ੍ਹਾਂ ਉਨ੍ਹਾਂ ਦਾ ਇਲਾਜ ਅਤੇ ਠੀਕ ਹੋਣ ਦੀ ਸੰਭਾਵਨਾ ਵੀ ਅਲੱਗ ਹੋ ਸਕਦੀ ਹੈ।

### ਕੈਂਸਰ ਦੇ ਕਾਰਕ

- ਮਾਹਾਵਾਰੀ ਦਾ 12 ਸਾਲ ਤੋਂ ਪਹਿਲਾਂ ਸ਼ੁਰੂ ਹੋਣਾ।
- ਮਾਹਾਵਾਰੀ ਦਾ 55 ਸਾਲ ਤੋਂ ਬਾਅਦ ਹੰਦ ਹੋਣਾ।
- ਗਰਭ ਧਾਰਣ ਨਾ ਹੋਣਾ ਜਾਂ ਪਹਿਲਾ ਗਰਭ 35 ਸਾਲ ਤੋਂ ਬਾਅਦ ਹੋਣਾ।
- ਮੋਟਾਪਾ
- ਛਾਤੀ ਦੇ ਕੈਂਸਰ ਦਾ ਪਾਰਿਵਾਰਿਕ ਪਿਛੋਕੜ।
- ਹਾਰਮੋਨੋਜ਼ ਦੀ ਵਧੇਰੇ ਵਰਤੋਂ।

**ਇਲਾਜ** - ਕੈਂਸਰ ਦੀ ਅਵਸਥਾ ਜਾਨਣ ਤੋਂ ਬਾਅਦ ਕੈਂਸਰ ਦਾ ਮਾਹਿਰ, ਇਸ ਦੇ ਇਲਾਜ ਬਾਰੇ ਵਿਚਾਰਦਾ ਹੈ। ਛਾਤੀ ਦੇ ਕੈਂਸਰ ਦੇ ਇਲਾਜ ਦਾ ਪਹਿਲਾ ਮਕਸਦ ਕੈਂਸਰ ਨੂੰ ਪੂਰੀ ਤਰ੍ਹਾਂ ਠੀਕ ਕਰਨਾ ਅਤੇ ਦੂਸਰਾ ਤਕਲੀਫ਼ ਨੂੰ ਘੱਟ ਕਰਨਾ।

**ਆਪਰੇਸ਼ਨ** - ਕੈਂਰ ਨੂੰ ਜੜ੍ਹੋਂ ਖ਼ਤਮ ਕਰਨ ਵਾਸਤੇ ਸਫ਼ਲ ਆਪਰੇਸ਼ਨ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਇਹ ਆਪਰੇਸ਼ਨ ਕੈਂਸਰ ਸਰਜਨ ਕੋਸੋ ਹੀ ਕਰਵਾਉਣਾ ਚਾਹੀਦਾ ਹੈ। ਇਹਦੇ ਵਿਚ ਕਈ ਵਾਰ ਪੂਰੀ ਛਾਤੀ ਅਤੇ ਕਈ ਵਾਰੀ ਛਾਤੀ ਦਾ ਕੁੱਝ ਹਿੱਸਾ ਹੀ ਕੱਟਣਾ ਪੈਂਦਾ ਹੈ।

**ਰੇਡੀਓਥਰੈਪੀ** - ਆਪਰੇਸ਼ਨ ਤੋਂ ਬਾਅਦ ਜਿਸ ਦੀ ਛਾਤੀ ਦਾ ਕੁਝ ਹਿੱਸਾ ਹੀ ਕੱਟਿਆ ਹੋਵੇ ਉਸ ਨੂੰ ਰੇਡੀਓਥਰੈਪੀ ਜ਼ਰੂਰੀ ਕਰਵਾਉਣੀ ਪੈਂਦੀ ਹੈ। ਜਿਸ ਦੀ ਸਾਰੀ ਛਾਤੀ ਕੱਟੀ ਹੋਵੇ ਉਸ ਨੂੰ ਵੀ ਕਈ ਵਾਰ ਰੇਡੀਓਥਰੈਪੀ ਦੀ ਜ਼ਰੂਰਤ ਪੈ ਸਕਦੀ ਹੈ।

**ਕੀਮੋਥਰੈਪੀ** - ਇਹ ਕੈਂਸਰ ਕੋਸ਼ਿਕਾਵਾਂ ਨੂੰ ਖ਼ਤਮ ਕਰਨ ਲਈ ਵਰਤੀ ਜਾਂਦੀ ਹੈ ਜ਼ਿਆਦਾਤਰ ਇਹ ਆਪਰੇਸ਼ਨ ਤੋਂ ਬਾਅਦ ਦਿੱਤੀ ਜਾਂਦੀ ਹੈ ਪਰ ਜ਼ਿਆਦਾ ਫੈਲੇ- ਹੋਏ ਕੈਂਸਰ ਵਿਚ ਇਹ ਰਸੌਲੀ ਦਾ ਫੈਲਾਵ ਘਟਾਉਣ ਵਾਸਤੇ ਆਪਰੇਸ਼ਨ ਤੋਂ ਪਹਿਲਾਂ ਵੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿਚ ਕੋਈ ਤਕਲੀਫ਼ ਜਾਂ ਦਰਦ ਨਹੀਂ ਹੁੰਦੀ। ਇਸ ਦੇ ਕੁਝ ਹੁਰੇ ਅਸਰ ਜ਼ਰੂਰ ਹੁੰਦੇ ਹਨ, ਜਿੰਨ੍ਹਾਂ ਨੂੰ ਦਵਾਈ ਨਾਲ ਆਸਾਨੀ ਨਾਲ ਕਾਬੂ ਕੀਤਾ ਜਾ ਸਕਦਾ ਹੈ।

**ਹਾਰਮੋਨਜ਼ ਥੈਰੈਪੀ**- ਇਹ ਕਿਮੋਥਰੈਪੀ ਤੋਂ ਬਾਅਦ ਸ਼ੁਰੂ ਕਰ ਲੰਬੇ ਸਮੇਂ ਲਈ ਚਲਦੀ ਹੈ। ਇਸ ਦੇ ਨਾ ਬਰਾਬਰ ਬੁਰੇ ਅਸਰ ਹੁੰਦੇ ਹਨ।

### ਬਚਾਅ

- ਛਾਤੀਆਂ ਦੇ ਕੈਂਸਰ ਦਾ ਪਰਿਵਾਰਕ ਪਿਛੋਕੜ ਹੋਵੇ ਤਾਂ ਸਮੇਂ ਸਮੇਂ ਡਾਕਟਰੀ ਜਾਂਚ ਕਰਵਾਓ।
- ਡਾਕਟਰੀ ਸਲਾਹ ਤੇ 40 ਸਾਲ ਦੀ ਉਮਰ ਤੋਂ ਸ਼ੁਰੂ ਹੋ ਕੇ ਮੈਮੋਗ੍ਰਾਫੀ ਕਰਾਓ।
- ਹਾਰਮੋਨਜ਼ ਜ਼ਰੂਰਤ ਤੋਂ ਵੱਧ ਨਾ ਖਾਓ।
- ਆਪਣੀ ਛਾਤੀ ਦੀ ਜਾਂਚ ਆਪ ਹੀ ਕਰਦੇ ਰਹੋ।
- ਸਲਾਨਾ ਡਾਕਟਰੀ ਜਾਂਚ ਕਰਵਾਓ।
- ਭਾਰਾ ਖਾਣਾ ਨਾ ਖਾਓ ਅਤੇ ਭਾਰ ਨਾ ਵਧਣ ਦਿਓ।

### ਛਾਤੀ ਦੇ ਕੈਂਸਰ ਬਾਰੇ ਸੱਚ

- ਇਹ ਛੂਤ-ਛਾਤ ਦੀ ਬਿਮਾਰੀ ਨਹੀਂ ਹੈ।
- ਇਹ ਜ਼ਿਆਦਾਤਰ ਦਰਦ ਰਹਿਤ ਹੁੰਦੇ ਹਨ।
- ਜਲਦੀ ਪਤਾ ਲੱਗਣ 'ਤੇ ਇਹ ਠੀਕ ਹੋ ਸਕਦਾ ਹੈ।
- ਛਾਤੀ ਨੂੰ ਬਚਾ ਕੇ ਵੀ ਇਸ ਦੀ ਰਸੌਲੀ ਕੱਢੀ ਜਾ ਸਕਦੀ ਹੈ।
- ਕਈ ਵਾਰ ਇਹ ਪਾਰਿਵਾਰਿਕ ਹੋ ਸਕਦੇ ਹਨ, ਪਰ ਜ਼ਿਆਦਾਤਰ ਨਹੀਂ।

### ਆਪਰੇਸ਼ਨ ਤੋਂ ਬਾਅਦ ਚੈਕਅੱਪ

- ਪਹਿਲੇ ਦੋ ਸਾਲ ਤਾਂ ਹਰ 3 ਮਹਿਨੇ ਬਾਅਦ।
- ਅਗਲੇ 3 ਸਾਲ ਤਕ ਹਰ 6 ਮਹੀਨੇ ਬਾਅਦ।

### ਸਾਵਧਾਨੀਆਂ

- ਆਪਰੇਸ਼ਨ ਵਾਲੀ ਚਮੜੀ ਨੂੰ ਕਰੀਮ ਆਦਿ ਲਾ ਕੇ ਨਾ ਰੱਖੋ.
- ਜ਼ਖ਼ਮ ਹੋਣ 'ਤੇ ਜਲਦ ਇਲਾਜ ਕਰਵਾਓ।
- ਕੋਈ ਸੂਈ, ਟੀਕਾ ਆਪਰੇਸ਼ਨ ਵਾਲੇ ਪੇਸੇ ਦੀ ਬਾਂਹ 'ਤੇ ਨਾ ਲਗਾਓ।
- ਆਪਰੇਸ਼ਨ ਵਾਲੇ ਹਿੱਸੇ ਦੀ ਬਾਂਹ ਤੇ ਬਲੱਡ-ਪ੍ਰੈਸ਼ਰ ਨਾ ਚੈੱਕ ਕਰਵਾਓ।
- ਆਪਰੇਸ਼ਨ ਵਾਲੇ ਮੋਢੇ ਤੇ ਭਾਰੀ ਬੈਗ ਆਦਿ ਨਾ ਲਟਕਾਓ।
- ਤੰਗ ਕੱਪੜੇ ਨਾ ਪਾਓ।
- ਨਹਾਉਣ ਸਮੇਂ ਗਰਮ ਪਾਣੀ ਦੀ ਵਰਤੋਂ ਨਾ ਕਰੋ।

> *ਜੇ ਤੁਹਾਨੂੰ ਵੀ ਕੋਈ ਇਸ ਤਰ੍ਹਾਂ ਦਾ ਲੱਛਣ ਦਿਖਾਈ ਦਿੰਦਾ ਹੈ ਤਾਂ ਇਸ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ। ਸਮੇਂ ਸਿਰ ਹੀ ਟੈਸਟ ਕਰਵਾਉਣੇ ਤੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ...*

# ਪਾਚਨਤੰਤਰ ਦਾ ਵਿਗਾੜ ਕਬਜ਼

ਡਾ. ਹਰਿੰਦਰਪਾਲ ਸਿੰਘ



ਕਬਜ਼ ਅੱਜ ਦੀ ਆਧੁਨਿਕ ਸੱਭਿਅਤਾ , ਜੀਵਨਸ਼ੈਲੀ ਅਤੇ ਅਨਿਯਮਿਤਤਾ ਦੀ ਦੇਣ ਹੈ। ਵੈਸੇ ਕਬਜ਼ ਕੋਈ ਬਿਮਾਰੀ ਨਹੀਂ ਇਹ ਸਾਡੇ ਪਾਚਨਤੰਤਰ ਦਾ ਹੀ ਇਕ ਵਿਗਾੜ ਹੈ ਜੋ ਕਿ ਅਸੀਂ ਆਪ ਹੀ ਪੈਦਾ ਕਰਦੇ ਹਾਂ। ਪ੍ਰੰਤੂ ਇਹ ਮੁੱਖ ਤੌਰ 'ਤੇ ਸ਼ੂਗਰ, ਹਾਰਟ ਅਟੈਕ, ਜੋੜਾਂ ਦਾ ਦਰਦ, ਬਦਹਜ਼ਮੀ, ਬਵਾਸੀਰ, ਚਮੜੀ ਰੋਗ, ਸੋਰਾਇਸਿਸ, ਅਫਾਰਾ ਆਦਿ ਵਰਗੀਆਂ ਅਨੇਕਾਂ ਬਿਮਾਰੀਆਂ ਦੀ ਜਨਮ ਦਾਤੀ ਹੈ। ਆਮ ਤੰਦਰੁਸਤ ਵਿਅਕਤੀ ਨੂੰ ਰੋਗੀ ਬਣਾਉਣ ਵਿਚ ਇਸਦਾ ਬਹੁਤ ਵੱਡਾ ਯੋਗਦਾਨ ਹੈ। ਜੇ ਇਸ ਦਾ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਇਹ ਜਾਨਲੇਵਾ ਸਾਬਤ ਹੋ ਸਕਦੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਆਖਰ ਕਬਜ਼ ਕੀ ਹੈ। 24 ਘੰਟੇ ਵਿਚ ਮਲ ਦਾ ਤਿਆਗ ਨਾ ਹੋਣਾ ਜਾਂ ਦਿਨ ਵਿਚ ਦੋ ਚਾਰ ਵਾਰ ਮਲ ਲਈ ਜਾਣਾ ਆਦਿ ਕਬਜ਼ ਦੇ ਮੁੱਖ ਲੱਛਣ ਸਮਝੇ ਜਾਂਦੇ ਹਨ। ਦੁਨੀਆ ਵਿਚ 90ਫ਼ੀਸੀਦੀ ਲੋਕ ਕਿਸੇ ਨਾ ਕਿਸੇ ਰੂਪ ਵਿਚ ਕਬਜ਼ ਤੋਂ ਪ੍ਰਭਾਵਿਤ ਹੁੰਦੇ ਹਨ। ਸਾਡਾ ਪਾਚਨਤੰਤਰ ਇਕ ਪੰਛੀ ਜਾਂ ਜਾਨਵਰ ਦੀ ਤਰ੍ਹਾਂ ਹੀ ਹੈ। ਮਿਸਾਲ ਦੇ ਤੌਰ 'ਤੇ ਇਕ ਚਿੜੀ ਬਿੱਠ ਕਰਨ ਲਈ ਅਤੇ ਇਕ ਮੱਝ ਗੋਬਰ ਕਰਨ ਲਈ ਕੁਝ ਸਕਿੰਟ ਹੀ ਲੈਂਦੀ ਹੈ। ਸਾਡੇ ਨਾਲ ਵੀ ਇਸੇ ਤਰ੍ਹਾਂ ਹੋਣਾ ਚਾਹੀਦਾ ਹੈ। ਟਾਇਲਟ ਵਿਚ ਬੈਠਦੇ ਸਾਰ ਹੀ ਇਕ ਮਿੰਟ ਵਿਚ ਕੋਠਾ ਸਾਫ਼ ਹੋ ਜਾਣਾ ਚਾਹੀਦਾ ਹੈ। ਜੇ ਇਸ ਤੋਂ ਜ਼ਿਆਦਾ ਟਾਇਮ ਲਗਦਾ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸਾਨੂੰ ਕਬਜ਼ ਦੀ ਸ਼ਿਕਾਇਤ ਹੈ ਫਿਰ ਭਾਵੇਂ ਉਹ 10ਫ਼ੀਸੀਦੀ, 30ਫ਼ੀਸੀਦੀ ਜਾਂ 90ਫ਼ੀਸੀਦੀ ਤਕ ਵੀ ਹੋ ਸਕਦੀ ਹੈ। ਪਸ਼ੂ- ਪੰਛੀ ਕੁਦਰਤੀ ਖ਼ੁਰਾਕ ਅਤੇ ਪ੍ਰਾਕਿਰਤੀ ਦੇ ਨਿਯਮ ਅਨੁਸਾਰ ਚਲਦੇ ਹਨ ਇਸ ਲਈ ਉਨ੍ਹਾਂ ਵਿਚ ਕਬਜ਼ ਨਹੀਂ ਹੁੰਦੀ ਪ੍ਰੰਤੂ ਮਨੁੱਖ ਨੇ ਪ੍ਰਾਕ੍ਰਿਤੀ ਦੇ ਉਲਟ ਚੱਲਣ ਦਾ ਠੇਕਾ ਲੈ ਲਿਆ ਹੈ ਇਸੇ ਲਈ ਸਰੀਰਿਕ ਤੇ ਮਾਨਸਿਕ ਕਸ਼ਟ ਭੋਗ ਰਿਹਾ ਹੈ। ਕੁਦਰਤ ਨੇ ਸਰੀਰ ਵਿਚ ਨਿਊਟ੍ਰੀਸ਼ਨ ਲੈ ਜਾਣ ਲਈ ਦੋ ਦੁਆਰ ਮੂੰਹ ਅਤੇ ਨੱਕ ਦਿੱਤੇ ਹਨ। ਜਦ ਕਿ ਸਰੀਰ ਦਾ ਕਚਰਾ ਬਾਹਰ ਕੱਢਣ ਲਈ ਚਾਰ ਦੁਆਰ ਹਨ। ਕਿਡਨੀ, ਚਮੜੀ, ਫੇਫੜੇ ਅਤੇ ਵੱਡੀ ਆਂਤ ਹੈ ਫਿਰ ਵੀ ਜਾਮ ਲਗਦਾ ਹੈ। ਕਾਰਨ ਤੁਸੀਂ ਖ਼ੁਦ ਜਾਣਦੇ ਹੋ। ਚੈੱਕ ਕਰੋ ਕਿ ਸਹੀ ਖਾ ਰਹੇ ਹਾਂ, ਸਹੀ ਟਾਇਮ ਤੇ, ਸਹੀ ਮਾਤਰਾ ਅਤੇ ਸਹੀ ਕੁਆਲਿਟੀ ਦਾ ਖਾ ਰਹੇ ਹਾਂ। ਕਬਜ਼ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਕਿ ਪੇਟ ਅਤੇ ਆਂਤੜੀਆਂ ਦੀਆਂ ਮਾਸਪੇਸ਼ੀਆਂ ਦਾ ਕਮਜ਼ੋਰ ਪੈ ਜਾਣਾ। ਖਾਣ-ਪੀਣ ਦਾ ਅਸੰਤੁਲਨ ਹੋਣਾ, ਬਿਨਾਂ ਭੁੱਖ ਤੋਂ ਜ਼ਰੂਰਤ ਤੋਂ ਜ਼ਿਆਦਾ ਖਾਣਾ, ਬਿਨਾਂ ਸਮੇਂ ਤੋਂ ਖਾਣਾ ਭਾਵ ਸਾਰਾ ਦਿਨ ਖਾਂਦੇ ਫਿਰਨਾ, ਸ਼ਰਾਬ, ਚਾਹ, ਕੌਫ਼ੀ, ਸਿਗਰਟ ਆਦਿ ਦਾ ਜ਼ਿਆਦਾ ਸੇਵਨ ਕਰਨਾ, ਸਰੀਰਿਕ ਕੰਮ ਘੱਟ ਕਰਨਾ, ਮਿੱਠੇ ਅਤੇ ਪ੍ਰੋਟੀਨ ਦਾ ਜ਼ਿਆਦਾ ਇਸਤੇਮਾਲ ਕਰਨਾ , ਪਾਣੀ ਅਤੇ ਹੋਰ ਤਰਲ ਆਦਿ ਘੱਟ ਲੈਣਾ, ਹੋਰ ਬਿਮਾਰੀਆ ਲਈ ਇਸਤੇਮਾਲ ਕੀਤੀਆਂ ਜਾਂਦੀਆਂ ਦਵਾਈਆਂ ਆਦਿ। ਵੈਸੇ ਵੱਡੀ ਆਂਤ ਸਵੇਰੇ 5 ਤੋਂ 7 ਵਜੇ ਦੇ ਵਿਚ ਅਧਿਕ ਕਿਰਿਆਸ਼ੀਲ ਹੁੰਦੀ ਹੈ । ਇਸ ਲਈ ਇਸ ਸਮੇਂ ਦੇ ਵਿਚ ਹੀ ਟਾਇਲਟ ਜਾਣ ਦੀ ਆਦਤ ਪਾਉਣੀ ਚਾਹੀਦੀ ਹੈ। ਕੁਦਰਤੀ ਤੌਰ 'ਤੇ ਇਹ ਸਹੀ ਟਾਇਮ ਹੁੰਦਾ ਹੈ। ਆਓ ਦੇਖੀਏ ਇਸ ਕਬਜ਼ ਤੋਂ ਨਿਜ਼ਾਤ ਪਾਉਣ ਲਈ ਕੀ ਕੁਝ ਕੀਤਾ ਜਾ ਸਕਦਾ ਹੈ।

**ਰੇਸ਼ੇ** - ਮੁੱਖ ਸਰੋਤ ਹਨ ਫਲ ਅਤੇ ਸਬਜ਼ੀਆਂ, ਕਣਕ ਜਾਂ ਓਟ ਬਰਾਨ, ਸਿਲੀਅਮ ਸੀਡ, ਸ਼ਿੰਥੈਟਿਕ ਮਿਥਾਇਲ ਸੈਲੂਲੋਜ਼, ਪੋਲੀ ਕਾਰਬੋਫਿਲ ਆਦਿ। ਰੇਸ਼ੇ ਪਾਣੀ ਨਾਲ ਭਰਪੂਰ ਹੋਣ ਕਾਰਨ ਆਂਤ ਵਿਚ ਜਾ ਕੇ ਸੁੱਕੇ ਹੋਏ ਮਲ ਨੂੰ ਨਰਮ ਕਰਦੇ ਹਨ।

**ਭੋਜਨ ਪਦਾਰਥ** - ਟਮਾਟਰ, ਸੇਬ, ਗਾਜਰ, ਪਾਲਕ, ਅਮਰੂਦ, ਪਪੀਤਾ, ਗੋਭੀ, ਬਾਥੂ, ਸ਼ਹਿਦ, ਲੱਸੀ, ਤਿਲ, ਖਿਚੜੀ, ਨਿੰਬੂ, ਮੁਨੱਕਾ, ਛੁਹਾਰਾ, ਮੇਥੀ, ਦੁੱਧ, ਧਨੀਆਂ, ਕਰੇਲਾ, ਗੁੜ, ਗੰਨਾ, ਪਿਆਜ਼, ਸਿਰਸ, ਲਸਣ, ਮੂਲੀ, ਅਦਰਕ, ਘਿਓ, ਸਰ੍ਹੋਂ ਦਾ ਤੇਲ, ਰੇਤਾ, ਸੋਇਆ ਮਿਲਕ ਅਤੇ ਆਟਾ, ਗੁਲਕੰਦ, ਖਰਬੂਜ਼ਾ, ਤਰਬੂਜ਼, ਦੁੱਧ ਨਾਲ ਅੰਬ, ਨਾਸ਼ਪਾਤੀ, ਬੱਬੂਗੋਸ਼ਾ, ਨਾਰੰਗੀ, ਕਮਰਕੱਲਾ, ਚਿਲਾਈ, ਮਟਰ, ਚਾਵਲ, ਕੇਲਾ, ਅੱਕ, ਸੰਗਤਰਾ, ਬੇਲ, ਹਿੰਗ, ਨਮਕ, ਦਹੀਂ ਆਦਿ।

**ਜੜ੍ਹੀ ਬੂਟੀ ਚਿਕਿਤਸਾ** - ਹਲਦੀ, ਘਿਓ ਅਤੇ ਕਾਲੀ ਮਿਰਚ, ਸੌਂਫ, ਹਰੜ, ਆਂਵਲਾ, ਨਿੰਮ, ਤ੍ਰਿਫਲਾ, ਅਲਸੀ , ਅਮਲਤਾਸ, ਗਿਲੋਅ, ਅੰਜੀਰ, ਸੋਨਾਮੁਖੀ, ਅਰਿੰਡ, ਰਾਮਜਟਾ, ਇਸਬਗੋਲ, ਸੁੰਡ, ਮੁਲੱਠੀ, ਨੌਸ਼ਾਦਰ, ਹਿੰਗ, ਅਜਵਾਇਣ, ਨਾਗਕੇਸਰ, ਪੀਪਲਾਮੂਲ, ਆਂਵਲਾ, ਛੋਲੇ, ਦਾਲਚੀਨੀ, ਆਦਿ।

**ਕੁਦਰਤੀ ਇਲਾਜ** - ਅਨੀਮਾ, ਪੇਟ ਤੇ ਮਿੱਟੀ ਦੀ ਪੱਟੀ, ਹਿੱਪ ਬਾਥ, ਪੇਟ ਤੇ ਗਿੱਲੇ ਕੱਪੜੇ ਦੀ ਲਪੇਟ, ਰੋਜ਼ਾਨਾ ਸੈਰ, ਕਸਰਤ ਤੇ ਮਾਲਿਸ਼ ਆਦਿ।

**ਘਰੇਲੂ ਨੁਸਖ਼ੇ** - 1 ਰਾਤ ਨੂੰ ਤਾਂਬੇ ਦੇ ਬਰਤਨ ਵਾਲਾ ਦੋ ਗਲਾਸ ਪਾਣੀ-ਪੀਣ ਨਾਲ ਪੇਟ ਸਾਫ਼ ਹੋ ਜਾਂਦਾ ਹੈ।

- ਇਕ ਗਲਾਸ ਗੰਨੇ ਦੇ ਰਸ ਵਿਚ ਨਿੰਬੂ ਨਿਚੋੜ ਕੇ ਪੀਓ।
- ਦੋ ਚਮਚ ਗੁਲਕੰਦ ਅੱਧਾ ਗਲਾਸ ਦੁੱਧ ਨਾਲ ਲੈ ਕਿ ਥੋੜ੍ਹੀ ਸੈਰ ਕਰ ਆਓ ਫਿਰ ਹੱਥ ਪੈਰ ਧੋ ਕਿ ਸੌਂ ਜਾਓ।
- ਮੇਥੀ ਦੀ ਸਬਜ਼ੀ ਖਾਓ। ਪਪੀਤਾ ਸੌਣ ਤੋਂ ਪਹਿਲਾਂ ਅਤੇ ਅਮਰੂਦ ਖਾਣੇ ਤੋਂ ਇਕ ਘੰਟਾ ਪਹਿਲਾਂ ਖਾਣਾ ਚਾਹੀਦਾ ਹੈ।

9814813674

# ਸਿਹਤਮੰਦ ਜ਼ਿੰਦਗੀ ਦਾ ਸਲੀਕਾ ਯੋਗ

ਪ੍ਰੋ. ਜਸਪ੍ਰੀਤ ਕੌਰ

ਵਿਅਕਤੀ ਤੇ ਸਮਾਜ ਦੋਵਾਂ ਲਈ ਤੰਦਰੁਸਤੀ ਇਕ ਜ਼ਰੂਰੀ ਅੰਗ ਹੈ। ਉੱਚ-ਵਿਚਾਰ, ਸ਼ੁੱਧ-ਆਚਰਣ, ਆਤਮ-ਵਿਸ਼ਵਾਸ, ਉਤਸ਼ਾਹ, ਬਹਾਦਰੀ, ਦ੍ਰਿੜਤਾ ਆਦਿ ਗੁਣਾਂ ਦਾ ਹੋਣਾ ਸਿਰਫ਼ ਤੰਦਰੁਸਤ ਵਿਅਕਤੀ ਵਿਚ ਹੀ ਸੰਭਵ ਹੈ। ਅੱਜ ਵਿਗਿਆਨ ਦੀ ਇੰਨੀ ਉੱਨਤੀ ਹੋਣ ਦੇ ਬਾਵਜੂਦ ਨਵੇਂ-ਨਵੇਂ ਰੋਗ ਸਾਡੇ ਸਾਹਮਣੇ ਆ ਰਹੇ ਹਨ। ਇਸ ਦੇਪਿੱਛੇ ਸਾਡਾ ਸੋਚਣ ਦਾ ਗ਼ਲਤ ਨਜ਼ਰੀਆ ਤੇ ਗਿਆਨ ਦੀ ਘਾਟ ਹੈ। ਅਸੀਂ ਆਪਣਾ ਜੀਵਨ ਬਣਾਵਟੀ, ਗ਼ਲਤ ਖਾਣ-ਪੀਣ ਅਤੇ ਐਸ਼ੋ-ਆਰਾਮ ਵਾਲਾ ਬਣਾ ਕੇ ਇਹ ਵਿਚਾਰਧਾਰਾ ਬਣਾ ਲਈ ਹੈ ਕਿ ਦਵਾਈਆਂ ਨਾਲ ਹੀ ਤੰਦਰੁਸਤੀ ਪ੍ਰਾਪਤ ਕੀਤੀ ਜਾ ਸਕਦੀ ਹੈ ਤੇ ਕੈਪਸੂਲਾਂ, ਟੌਨਿਕਾਂ ਵਿਚ ਤੰਦਰੁਸਤੀ ਲੱਭ ਰਹੇ ਹਾਂ। ਅੱਜ ਦਾ ਨੌਜਵਾਨ ਜਿਸ ਦੇ ਮੋਢਿਆਂ 'ਤੇ ਸਮਾਜ ਅਤੇ ਦੇਸ਼ ਦਾ ਭਵਿੱਖ ਨਿਰਭਰ ਕਰਦਾ ਹੈ, ਉਹ ਮਨ ਅਤੇ ਸਰੀਰ ਨੂੰ ਠੀਕ ਰੱਖਣ ਲਈ ਨਸ਼ੀਲੇ ਪਦਾਰਥਾਂ ਦੇ ਅੰਨ੍ਹੇ ਖ਼ੂਹ ਵੱਲ ਵਧਦਾ ਜਾ ਰਿਹਾ ਹੈ। ਜਿਸ ਤਰ੍ਹਾਂ ਕਸਤੂਰੀ ਹਿਰਨ ਕਸਤੂਰੀ ਨੂੰ ਲੱਭਣ ਲਈ ਦੌੜਦਾ ਫਿਰਦਾ ਹੈ ਜਦਕਿ ਉਹ ਉਸਦੇ ਕੋਲ ਹੀ ਹੁੰਦੀ ਹੈ, ਇਹੀ ਹਾਲਤ ਇਸ ਸਮੇਂ ਮਨੁੱਖ ਦੀ ਹੈ। ਸਰੀਰ ਨੂੰ ਤੰਦਰੁਸਤ ਰੱਖਣ ਦੀ ਸ਼ਕਤੀ ਸਾਡੇ ਅੰਦਰ ਹੀ ਹੈ ਅਤੇ ਅਸੀਂ ਬਾਹਰ ਭਟਕ ਰਹੇ ਹਾਂ। ਇਸ ਲਈ ਆਪਣੇ ਅੰਦਰੂਨੀ ਅੰਗਾਂ ਦੇ ਕੰਮਾਂ ਨੂੰ ਸਮਝਣਾ ਤੇ ਕਾਰਜਸ਼ੀਲ ਬਣਾਉਣਾ,ਆਪਣੀਆਂ ਨਿੱਤ ਦੀਆਂ ਕਿਰਿਆਵਾਂ ਨੂੰ ਯੋਗ ਰਾਹੀਂ ਵਿਗਿਆਨਕ ਰੂਪ ਦੇਣਾ ਬਹੁਤ ਜ਼ਰੂਰੀ ਹੈ।

ਯੋਗ ਧਰਮ, ਆਸਥਾ ਤੇ ਅੰਧਵਿਸ਼ਵਾਸ ਤੋਂ ਪਰ੍ਹੇ ਇਕ ਸਿੱਧਾ ਵਿਗਿਆਨ ਹੈ। ਜੀਵਨ ਜੀਣ ਦੀ ਇਕ ਕਲਾ ਹੈ। ਇਕ ਪੂਰਨ ਸੁਲਭ ਅਤੇ ਕੁਦਰਤੀ ਚਕਿਤਸਾ ਪ੍ਰਣਾਲੀ ਹੈ। ਯੋਗ ਨਾਲ ਜੀਵਨ ਦੀ ਗਤੀ ਨੂੰ ਇਕ ਸੰਗੀਤਮਈ ਰਫ਼ਤਾਰ ਮਿਲ ਜਾਂਦੀ ਹੈ। ਜਿੱਥੇ ਯੋਗ ਤੇ ਵੇਦਾਂਤ ਹੈ, ਉੱਥੇ ਕੋਈ ਘਾਟ, ਅਸ਼ੁੱਧਤਾ, ਅਗਿਆਨਤਾ ਤੇ ਅਨਿਆਏ ਨਹੀਂ ਹੈ। ਧਰਮ ਲੋਕਾਂ ਨੂੰ ਇਕ ਕਿੱਲੇ ਨਾਲ ਬੰਨ੍ਹਦਾ ਹੈ ਤੇ ਯੋਗ ਸਾਰੇ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਕਰਦਾ ਹੈ। ਵਿਸ਼ਵਾਸ਼ ਤੇ ਸ਼ੱਕ ਦੇ ਵਿਚਕਾਰਲੀ ਅਵਸਥਾ ਯੋਗ ਨੂੰ ਪਰਵਾਨ ਨਹੀਂ। ਯੋਗ ਭਾਰਤ ਦੀ ਪ੍ਰਾਚੀਨ ਸੰਸਕ੍ਰਿਤੀ ਦੀ ਗੌਰਵਮਈ ਪਹਿਚਾਣ ਹੈ, ਜਿਸ ਕਰਕੇ ਭਾਰਤ ਸਦੀਆਂ ਤਕ ਵਿਸ਼ਵ ਗੁਰੂ ਰਿਹਾ ਹੈ। ਦਸੰਬਰ 2011 ਵਿਚ ਅੰਤਰਰਾਸ਼ਟਰੀ ਮਾਨਵਤਾਵਾਦੀ, ਧਿਆਨ ਅਤੇ ਯੋਗ ਗੁਰੂ ਸ੍ਰੀ ਰਵੀਸ਼ੰਕਰ ਅਤੇ ਹੋਰ ਗੁਰੂਆਂ ਨੇ ਪੁਰਤਗਾਲੀ ਯੋਗ ਪ੍ਰਤੀਸੰਘ ਦੇ ਪ੍ਰਤਿਨਿਧੀ ਮੰਡਲ ਦਾ ਸਮਰਥਨ ਕੀਤਾ। 11 ਦਸੰਬਰ 2014 ਨੂੰ 193 ਮੈਂਬਰੀ ਸੰਯੁਕਤ ਰਾਸ਼ਟਰ ਮਹਾਂਸਭਾ ਵੱਲੋਂ ਸਰਬਸੰਮਤੀ ਨਾਲ 21 ਜੂਨ ਨੂੰ 'ਯੋਗ ਦੇ ਅੰਤਰਰਾਸ਼ਟਰੀ ਦਿਵਸ' ਦੇ ਰੂਪ ਵਿਚ ਮਨਜ਼ੂਰੀ ਦੇ ਦਿੱਤੀ ਗਈ। ਇਸ ਸਾਲ ਯੋਗ ਦਿਵਸ ਵੱਡੇ ਪੱਧਰ 'ਤੇ ਦੇਹਰਾਦੂਨ ਜੋ ਕਿ ਬਹੁਤ ਪੜ੍ਹਿਆ ਲਿਖਿਆ ਸ਼ਹਿਰ ਤੇ ਬਹੁਤ ਹੀ ਸੁੰਦਰ ਘਾਟੀਆਂ ਤੇ ਸੁਹਾਵਣੇ ਮੌਸਮ ਕਰ ਕੇ ਜਾਣਿਆ ਜਾਂਦਾ ਹੈ। ਯੋਗ ਸ਼ਬਦ ਸੰਸਕ੍ਰਿਤ ਦੀ 'ਯੁਜ' ਧਾਤੂ ਨਾਲ ਬਣਿਆ ਹੈ, ਜਿਸਦਾ ਅਰਥ ਹੈ- ਜੋੜਨਾ, ਯਾਨੀ ਸਰੀਰ, ਮਨ ਅਤੇ ਆਤਮਾ ਨੂੰ ਇਕ ਸੂਤਰ ਵਿਚ ਜੋੜਨਾ। ਯੋਗ ਦੇ ਮਹਾਨ ਗ੍ਰੰਥ ਪਤੰਜਲੀ ਯੋਗ ਦਰਸ਼ਨ ਵਿਚ ਯੋਗ ਦੇ ਬਾਰੇ ਕਿਹਾ ਗਿਆ ਹੈ-'ਯੋਗ ਸ਼ਰਿਚਿੱਤਵਰਿਤ ਨਿਰੋਧ' ਅਰਥਾਤ ਚਿੱਤ ਦੀਆਂ ਬੁਰਾਈਆਂ ਦਾ ਨਿਰੋਧ ਹੀ ਯੋਗ ਹੈ।ਭਗਵਤ ਗੀਤਾ ਅਨੁਸਾਰ- 'ਯੋਗਃਕਰਮਸੂ ਕੌਸ਼ਲਮ'- ਕਰਮ ਕੁਸ਼ਲਤਾ ਦਾ ਨਾਂ ਯੋਗ ਹੈ।

ਸੰਸਾਰ ਦੀ ਪਹਿਲੀ ਪੁਸਤਕ ਰਿਗਵੇਦ ਵਿਚ ਕਈ ਥਾਵਾਂ 'ਤੇ ਯੋਗਿਕ ਕਿਰਿਆਵਾਂ ਦਾ ਉਲੇਖ ਮਿਲਦਾ ਹੈ। ਯੋਗ ਦਾ ਪ੍ਰਮਾਣਿਕ ਗਰੰਥ 'ਯੋਗ ਸੂਤਰ' 200 ਈਃ ਪੂਰਵ ਵਿਚ ਲਿਖਿਆ ਗਿਆ ਪਹਿਲਾ ਸੁਵਿਵਸਥਿਤ ਗਰੰਥ ਹੈ ਬਾਅਦ ਵਿਚ ਮਹਾਵੀਰ, ਬੁੱਧ ਤੇ ਅਖੀਰ ਵਿਚ ਪਤੰਜਲੀ ਨੇ ਇਸ ਨੂੰ ਵਿਵਸਥਿਤ ਰੂਪ ਦਿੱਤਾ। ਯੋਗ ਦੇ ਅੱਠ ਅੰਗ ਮੰਨੇ ਗਏ ਹਨ ਉਹ ਹਨ ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਿਹਾਰ, ਧਾਰਨ, ਧਿਆਨ ਅਤੇ ਸਮਾਧੀ। ਯਮ ਦੇ ਪੰਜ ਅੰਗ ਹੁੰਦੇ ਹਨ-ਅਹਿੰਸਾ, ਸਤਯ, ਅਸਤਯ, ਬ੍ਰਹਮਚਾਰਯ ਅਤੇ ਅਪਰਿਗ੍ਰਹਿ। ਇਹ ਪਹਿਲਾ ਪੜਾਅ ਹੀ ਇਨ੍ਹਾਂ ਅਹਿਮ ਹੈ ਕਿ ਇਨ੍ਹਾਂ ਦਾ ਜ਼ਰਾ ਜਿੰਨਾਂ ਅਭਿਆਸ ਆਰੰਭ ਕਰਨ ਨਾਲ ਸ਼ਖ਼ਸੀਅਤ ਵਿਚ ਨਿਖ਼ਾਰ ਆਉਣ ਲਗਦਾ ਹੈ। ਪ੍ਰਾਚੀਨ ਜੀਵਨ ਪੱਧਤੀ ਵਾਲਾ ਯੋਗ, ਅੱਜ ਦੇ ਪਰਿਵੇਸ਼ ਵਿਚ ਵੀ ਸਾਡੇ ਜੀਵਨ ਨੂੰ ਸਵਸਥ ਅਤੇ ਖੁਸ਼ਹਾਲ ਬਣਾ ਸਕਦਾ ਹੈ। ਅੱਜ ਦੇ ਪ੍ਰਦੂਸ਼ਿਤ ਵਾਤਾਵਰਨ ਵਿਚ 24 ਘੰਟੇ ਵਿਚ ਮਹਿਜ ਕੁੱਝ ਮਿੰਟ ਹੀ ਯੋਗ ਕਰਨ ਨਾਲ ਅਸੀਂ ਆਪਣੀ ਸਿਹਤ ਨੂੰ ਚੁਸਤ-ਦਰੁਸਤ ਰੱਖ ਸਕਦੇ ਹਾਂ। ਫਿੱਟ ਰਹਿਣ ਦੇ ਨਾਲ ਹੀ ਯੋਗ ਸਾਨੂੰ ਪੌਜ਼ੀਟਿਵ ਊਰਜਾ ਵੀ ਦਿੰਦਾ ਹੈ। ਅੱਜ ਦੀਆਂ ਚਿਕਿਤਸਾ ਖੋਜਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਯੋਗ ਸਰੀਰਕ ਅਤੇ ਮਾਨਸਿਕ ਰੂਪ ਨਾਲ ਮਾਨਵਜਾਤੀ ਦੇ ਲਈ ਵਰਦਾਨ ਹੈ। ਯੋਗ ਨਾਲ ਸਰੀਰ ਦੇ ਸਾਰੇ ਅੰਗਾਂ, ਗ੍ਰੰਥੀਆਂ ਦੀ ਕਸਰਤ ਹੁੰਦੀ ਹੈ, ਜਿਸ ਨਾਲ ਉਹ ਸੁਚਾਰੂ ਰੂਪ ਨਾਲ ਕੰਮ ਕਰਨ ਲੱਗਦੇ ਹਨ। ਯੋਗ ਬਿਨਾਂ ਦੁੱਖ, ਬਿਨਾਂ ਭਟਕੇ, ਹੌਲੀ-ਹੌਲੀ ਅਤੇ ਸਹਿਜਤਾ ਨਾਲ ਮਾਸਪੇਸ਼ੀਆਂ ਦੀ ਵਰਤੋਂ ਕਰਨ ਵਾਲੀ ਕਸਰਤ ਹੈ, ਜਿਸ ਨੂੰ ਸਾਹ ਅਤੇ ਸ਼ਾਂਤ ਮਨ ਦੇ ਤਾਲਮੇਲ ਨਾਲ ਕੀਤਾ ਜਾਂਦਾ ਹੈ।

ਯੋਗ ਸਰੀਰ ਦੀ ਪ੍ਰਤੀਰੋਧਕ ਸਮਰੱਥਾ ਵੀ ਵਧਾ ਦਿੰਦਾ ਹੈ। ਯੋਗ ਦੇ ਮਾਧਿਅਮ ਰਾਹੀ ਸਰੀਰ, ਮਨ ਅਤੇ ਦਿਮਾਗ਼ ਨੂੰ ਪੂਰੀ ਤਰ੍ਹਾਂ ਸਿਹਤਮੰਦ ਕੀਤਾ ਜਾ ਸਕਦਾ ਹੈ। ਬੁਢਾਪੇ ਵਿਚ ਵੀ ਜਵਾਨ ਬਣੇ ਰਹਿ ਸਕਦੇ ਹਾਂ, ਚਮੜੀ ਉੱਪਰ ਚਮਕ ਆਉਂਦੀ ਹੈ, ਸਰੀਰ ਸਵਸਥ, ਨਿਰੋਗ ਅਤੇ ਬਲਵਾਨ ਬਣਦਾ ਹੈ, ਚੰਗੀ ਨੀਂਦ ਆਉਂਦੀ ਹੈ, ਪਾਚਨ ਸਹੀ ਰਹਿੰਦਾ ਹੈ। ਯੋਗ ਦੁਬਲੇ ਤੇ ਮੋਟੇ ਦੋਨਾਂ ਦੇ ਲਈ ਫ਼ਾਇਦੇਮੰਦ ਹੈ। ਯੋਗ ਨਾਲ ਬਲੱਡ ਸ਼ੂਗਰ ਦਾ ਲੈਵਲ, ਲ਼ਧਲ਼ਜਾਂ ਬੈਡ ਕੋਲੈਸਟ੍ਰੋਲ, ਗਠੀਆ, ਪਿੱਠ ਦਰਦ, ਸਰਵਾਈਕਲ ਆਦਿ ਵਿਚ ਕਾਫ਼ੀ ਸੁਧਾਰ ਹੁੰਦਾ ਹੈ ਅਤੇ ਦਵਾਈਆਂ ਉੱਪਰ ਨਿਰਭਰਤਾ ਘੱਟ ਜਾਂਦੀ ਹੈ। ਡਾਇਬਟੀਜ਼ ਰੋਗੀਆਂ ਦੇ ਲਈ ਯੋਗ ਬੇਹੱਦ ਫ਼ਾਇਦੇਮੰਦ ਹੈ। ਯੋਗ ਦਾ ਅੰਗ ਪ੍ਰਾਣਾਯਮ ਵੀ ਸਰੀਰ ਦੇ ਲਈ ਬਹੁਤ ਫਾਇਦੇਮੰਦ ਹੈ। ਸਾਹ ਪ੍ਰਣਾਲੀ ਨਾਲ ਸੰਬੰਧਤ ਰੋਗ ਜਿਵੇਂ- ਦਮਾ, ਐਲਰਜੀ, ਸਾਈਨੋਸਾਈਟਿਸ, ਪੁਰਾਣਾ ਨਜ਼ਲਾ, ਜ਼ੁਕਾਮ ਆਦਿ ਰੋਗਾਂ ਵਿਚ ਤਾਂ ਪ੍ਰਾਣਾਯਮ ਬਹੁਤ ਲਾਭਦਾਇਕ ਹੈ ਹੀ ਨਾਲ ਹੀ ਇਸ ਨਾਲ ਫੇਫੜਿਆਂ ਦੀ ਆਕਸੀਜਨ ਲੈਣ ਦੀ ਸ਼ਕਤੀ ਵਧਣ ਕਾਰਨ ਕੋਸ਼ਿਕਾਵਾਂ ਨੂੰ ਜ਼ਿਆਦਾ ਆਕਸੀਜਨ ਮਿਲਣ ਲੱਗ ਜਾਂਦੀ ਹੈ ਜਿਸਦਾ ਪੂਰੇ ਸਰੀਰ ਉੱਪਰ ਸਕਾਰਾਤਮਕ ਅਸਰ ਪੈਂਦਾ ਹੈ। ਧਿਆਨ ਭਾਵ ਮੈਡੀਟੇਸ਼ਨ ਵੀ ਯੋਗ ਦਾ ਮਹੱਤਵਪੂਰਨ ਅੰਗ ਹੈ। ਅੱਜ ਦੀ ਭੌਤਿਕਤਾਵਾਦੀ ਸੰਸਕ੍ਰਿਤੀ ਵਿਚ ਦਿਨ ਰਾਤ ਭੱਜ ਦੌੜ, ਕੰਮ ਦਾ ਦਬਾਅ, ਰਿਸ਼ਤਿਆਂ ਵਿਚ ਅਵਿਸ਼ਵਾਸ ਆਦਿ ਦੇ ਕਾਰਨ ਤਣਾਅ ਬਹੁਤ ਵੱਧ ਗਿਆ ਹੈ । ਅਜਿਹੇ ਵਿਚ ਮੈਡੀਟੇਸ਼ਨ ਤੋਂ ਬਿਹਤਰ ਕੁੱਝ ਨਹੀਂ ਹੈ। ਧਿਆਨ ਨਾਲ ਮਾਨਸਿਕ ਤਣਾਅ ਦੂਰ ਹੋ ਕੇ ਡੂੰਘੀ ਆਤਮਿਕ ਸ਼ਾਂਤੀ ਮਹਿਸੂਸ ਹੁੰਦੀ ਹੈ, ਮਨ ਦੀ ਏਕਾਗਰਤਾ ਅਤੇ ਯਾਦ-ਸ਼ਕਤੀ ਵੱਧਦੀ ਹੈ ਪਰ ਜਦੋਂ ਤਕ ਤੁਸੀਂ ਯੋਗ ਦੇ ਮੂਲ ਸਿਧਾਤਾਂ ਵਿਚ ਪੂਰੀ ਮੁਹਾਰਤ ਹਾਸਲ ਨਹੀਂ ਕਰ ਲੈਂਦੇ, ਉਦੋਂ ਤਕ ਯੋਗ ਕਿਸੇ ਯੋਗ ਮਾਹਰ ਦੀ ਦੇਖ-ਰੇਖ ਵਿਚ ਹੀ ਯੋਗ ਕਰਨਾ ਚਾਹੀਦਾ ਹੈ। ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ।

- ਆਸਨ ਕਰਨ ਦੀ ਜਗ੍ਹਾ ਸਮਤਲ, ਸਾਫ਼ ਅਤੇ ਸ਼ਾਂਤ ਹੋਣੀ ਚਾਹੀਦੀ ਹੈ। ਜ਼ਮੀਨ 'ਤੇ ਮੋਟੀ ਦਰੀ ਜਾਂ ਕਲੀਨ ਆਦਿ ਵਿਛਾਅ ਕੇ ਯੋਗ ਕਰਨਾ ਚਾਹੀਦਾ ਹੈ।
- ਯੋਗ ਆਸਨ ਸਵੇਰੇ ਪਖਾਨਾ ਜਾਣ ਤੋਂ ਬਾਅਦ ਕਰਨਾ ਚਾਹੀਦਾ ਹੈ ਜਾਂ ਇਸ਼ਨਾਨ ਕਰਨ ਤੋਂ ਬਾਅਦ। ਸ਼ਾਮ ਵੇਲੇ ਭੋਜਨ ਕਰਨ ਤੋਂ ਪਹਿਲਾ।
- ਆਸਨ ਲਕਰਦੇ ਸਮੇ— ਗੱਲਬਾਤ ਨਾ ਕਰੋ।
- ਯੋਗ ਆਸਨ ਕਰਦੇ ਸਮੇਂ ਕੱਪੜੇ ਢਿੱਲੇ ਪਾਓ।
- ਆਸਨ ਦੀ ਸੰਖਿਆ ਅਤੇ ਉਨ੍ਹਾਂ ਦਾ ਸਮਾਂ ਹੌਲੀ-ਹੌਲੀ ਵਧਾਉਣਾ ਚਾਹੀਦਾ ਹੈ।
- ਹਲਕਾ ਭੋਜਨ ਕਰੋ ਤਾਂ ਕਿ ਸਰੀਰ ਹਲਕਾ-ਫੁਲਕਾ ਰਹੇ।
- ਯੋਗ ਆਸਨ ਕਰਨ ਸਮੇਂ ਸਰੀਰ ਨੂੰ ਸਿੱਧੀ ਹਵਾ ਨਾ ਲੱਗੇ, ਇਸ ਦਾ ਧਿਆਨ ਰੱਖਣਾ ਚਾਹੀਦਾ ਹੈ।
- ਯੋਗ ਆਸਨ ਕਰਦੇ ਸਮੇਂ ਸਰੀਰ ਦੇ ਕਿਸੇ ਵੀ ਜੋੜ ਨੂੰ ਉਸ ਦੇ ਕੁਦਰਤੀ ਮੋੜ ਦੇ ਅਨੁਸਾਰ ਹੀ ਮੋੜਨਾ ਚਾਹੀਦਾ ਹੈ। ਕਦੇ ਵੀ ਉਲਟੇ ਜਾਂ ਤਿਰਛੇ ਹੋਣ ਦਾ ਯਤਨ ਨਾ ਕਰੋ।

ਹਰ ਆਦਮੀ ਯੋਗ ਨੂੰ ਆਪਣੇ ਢੰਗ ਨਾਲ ਸਮਝਦਾ ਹੈ। ਕੋਈ ਇਸ ਨੂੰ ਕੁਝ ਸਰੀਰਕ ਕਸਰਤ ਮਾਤਰ ਪਦਮ ਆਸਨ, ਸੀਰਸ਼ ਆਸਨ ਵਰਗੀਆਂ ਕੁਝ ਸਰੀਰਕ ਮੁਦਰਾਵਾਂ ਮਾਤਰ ਸਮਝਦਾ ਹੈ। ਕੋਈ ਇਸ ਨੂੰ ਸਵਾਸ-ਪ੍ਰਸਵਾਸ ਦਾ ਸਮਾਂ ਵਧਾਉਣਾ ਸਮਝਦਾ ਹੈ ਪਰ ਅਸਲ ਵਿਚ ਯੋਗ ਦਾ ਸਰੂਪ ਵਿਆਪਕ ਹੈ ਤੇ ਡੂੰਘਾ ਹੈ। ਜੇ ਤੁਸੀਂ ਆਪਣੀ ਸ਼ਖ਼ਸੀਅਤ ਦਾ ਵਿਕਾਸ, ਆਤਮ ਵਿਕਾਸ ਕਰਨਾ ਚਾਹੁੰਦੇ ਹੋ ਤਾਂ ਕਿਸੇ ਚੰਗੇ ਗੁਰੂ ਦੀ ਮਦਦ ਨਾਲ ਹੀ ਅਭਿਆਸ ਸ਼ੁਰੂ ਕਰੋ। ਸਾਡੇ ਦੇਸ਼ ਦੀ ਇਸ ਗੌਰਵਮਈ ਰਿਸ਼ੀ ਪ੍ਰੰਪਰਾ ਯੋਗ ਨੂੰ ਅੱਜ ਵਿਸ਼ਵ ਵੀ ਅਪਣਾ ਰਿਹਾ ਹੈ। ਅੱਜ ਜਿਸ ਤਰ੍ਹਾਂ ਦਾ ਖਾਣ-ਪਾਣ ਅਤੇ ਰਹਿਣ-ਸਹਿਣ ਹੋ ਗਿਆ ਹੈ, ਆਓ ਅਸੀਂ ਆਪਣੇ ਮਨ, ਤਨ ਅਤੇ ਜੀਵਨ ਨੂੰ ਸਫ਼ਲ, ਤੰਦਰੁਸਤ ਬਣੇ ਰਹਿਣ ਲਈ ਯੋਗਾ ਕਰੀਏ।

9417831583



> *ਲੱਖਾਂ ਹੀ ਬਿਮਾਰੀਆਂ ਤੋਂ ਨਿਜਾਤ ਪਾਉਣ ਲਈ ਯੋਗਾ ਕਰਨਾ ਬਹੁਤ ਹੀ ਜ਼ਰੂਰੀ ਹੈ। ਇਹ ਸਰੀਰ ਲਈ ਐਨਰਜੀ, ਧਿਆਨ ਲਾਉਣ, ਮਨ ਸ਼ਾਂਤ ਰੱਖਣ ਆਦਿ ਲਈ ਲਾਭਕਾਰੀ ਹੈ...*



# ਪੰਜਾਬ ਦੇ ਮੁੱਖ ਫਲ ਸੰਤਰੀ ਰੰਗ ਦੇ ਫਲ



• ਡਾ. ਰਣਜੀਤ ਸਿੰਘ
94170-87328

*ਨਿੰਬੂ ਜਾਤੀ ਦੇ ਫਲਦਾਰ ਬੂਟੇ ਸਾਲ 'ਚ ਦੋ ਵਾਰ ਫਰਵਰੀ-ਮਾਰਚ ਅਤੇ ਅਗਸਤ-ਸਤੰਬਰ 'ਚ ਲਿਗਾਏ ਜਾ ਸਕਦੇ ਹਨ। ਵਿਟਾਮਿਨ-ਸੀ ਨਾਲ ਭਰਪੂਰ ਹੋਣ ਕਾਰਨ ਇਹ ਫਲ ਸਿਹਤ ਲਈ ਲਾਹੇਵੰਦ ਹਨ...*

ਕੋਈ ਸਮਾਂ ਸੀ ਜਦੋਂ ਪੰਜਾਬ ਨੂੰ ਬਗ਼ੀਚਿਆਂ ਦਾ ਸੂਬਾ ਮੰਨਿਆ ਜਾਂਦਾ ਸੀ। ਪੰਜਾਬ 'ਚ ਬੂਟੇ ਲਗਾਉਣ ਦੇ ਦੋ ਮੌਸਮ ਹਨ ਫਰਵਰੀ-ਮਾਰਚ ਤੇ ਅਗਸਤ-ਸਤੰਬਰ। ਮੁਰੱਬੇਬੰਦੀ ਸਮੇਂ ਬਹੁਤ ਸਾਰੇ ਰੁੱਖ ਵੱਢੇ ਗਏ। ਹੁਣ ਪੰਜਾਬ ਵਿਚ ਸਿਰਫ਼ 76600 ਹੈਕਟੇਅਰ ਰਕਬੇ 'ਚ ਫਲਾਂ ਦੇ ਰੁੱਖ ਹਨ। ਇਨ੍ਹਾਂ ਵਿੱਚੋਂ ਵੀ ਅੱਧਾ ਰਕਬਾ ਸਿਰਫ਼ ਕਿੰਨੂ ਹੇਠ ਹੈ। ਆਜ਼ਾਦੀ ਤੋਂ ਬਾਅਦ ਪੰਜਾਬ ਵਿਚ ਫਲਾਂ ਦੇ ਬਗ਼ੀਚੇ ਲਗਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ। ਹਰ ਜ਼ਿਲ੍ਹੇ 'ਚ ਘੱਟੋ ਘੱਟ ਦੋ ਪਿੰਡ ਚੁਣੇ ਗਏ, ਜਿੱਥੇ ਪੱਛਮੀ ਪੰਜਾਬ ਤੋਂ ਆਏ ਕਿਸਾਨਾਂ ਨੂੰ ਵਸਾਇਆ ਗਿਆ ਸੀ। ਇਨ੍ਹਾਂ ਨੂੰ 'ਗਾਰਡਨ ਕਲੋਨੀਆਂ' ਦਾ ਨਾਂ ਦਿੱਤਾ ਗਿਆ। ਇਸ ਮੁਹਿੰਮ ਦੇ ਮੁਖੀ ਖੇਤੀਬਾੜੀ ਵਿਭਾਗ ਦੇ ਤਤਕਾਲੀ ਡਾਇਰੈਕਟਰ ਲਾਲ ਸਿੰਘ ਤੇ ਮੁੜ-ਵਸਾਊ ਮਹਿਕਮੇਂ ਦੇ ਮੁਖੀ ਡਾ. ਮਹਿੰਦਰ ਸਿੰਘ ਰੰਧਾਵਾ ਸਨ। ਪ੍ਰਤਾਪ ਸਿੰਘ ਕੈਰੋਂ ਜਦ ਪੰਜਾਬ ਦੇ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਬਾਗ਼ਬਾਨੀ ਲਈ ਵਿਸ਼ੇਸ਼ ਮੁਹਿੰਮ ਚਲਾਈ। ਕਿੰਨੂ ਦੇ ਬਗ਼ੀਚਿਆਂ ਨੂੰ ਉਤਸ਼ਾਹਿਤ ਕੀਤਾ। ਸੂਬੇ ਵਿਚ ਅੰਗੂਰਾਂ ਦੇ ਬਾਗ਼ ਲਗਵਾਏ। ਕਾਂਗੜਾ ਜ਼ਿਲ੍ਹੇ ਵਿਚ ਕੈਂਥ ਦੇ ਜੰਗਲੀ ਬੂਟਿਆਂ ਉੱਤੇ ਨਾਸ਼ਪਤੀ ਦੀ ਪਿਓਂਦ ਕਰਵਾਈ ਤੇ ਕੁੱਲੂ ਵਿਖੇ ਸੇਬਾਂ ਦੇ ਬਗ਼ੀਚੇ ਲਗਵਾਏ। ਪੰਜਾਬ ਵਿਚ ਲਗਣ ਵਾਲੇ ਛੇ ਮੁੱਖਾਂ ਫਲਾਂ ਵਿੱਚੋਂ ਅੱਜ ਅਸੀਂ ਸੰਤਰੀ ਰੰਗ (ਨਿੰਬੂ ਜਾਤੀ) ਦੇ ਫਲਾਂ ਬਾਰੇ ਜਾਣਕਾਰੀ ਦੇ ਰਹੇ ਹਾਂ।

## ਨਿੰਬੂ ਜਾਤੀ ਦੇ ਮੁੱਖ ਫਲ

ਨਿੰਬੂ ਜਾਤੀ ਦੇ ਫਲਾਂ ਵਿਚ ਕਿੰਨੂ, ਮਾਲਟਾ, ਸੰਤਰਾ, ਨਿੰਬੂ ਅਤੇ ਗਲਗਲ ਮੁੱਖ ਹਨ। ਪੰਜਾਬ ਵਿਚ ਅੰਬ ਤੋਂ ਬਾਅਦ ਨਿੰਬੂ ਅਤੇ ਗਲਗਲ ਦਾ ਆਚਾਰ ਵਧੇਰੇ ਵਰਤਿਆ ਜਾਂਦਾ ਹੈ। ਇਸ ਸਮੇਂ ਨਿੰਬੂ ਜਾਤੀ ਦੇ ਫਲਾਂ ਹੇਠ ਸਭ ਤੋਂ ਵੱਧ ਰਕਬਾ ਹੈ। ਪੰਜਾਬ ਵਿਚ ਬਗ਼ੀਚੇ ਤਾਂ ਹੁਣ ਕਿੰਨੂ ਦੇ ਹੀ ਰਹਿ ਗਏ ਹਨ। ਇਹ ਬਗ਼ੀਚੇ ਬਹੁਤਾ ਕਰਕੇ ਫਿਰੋਜ਼ਪੁਰ, ਬਠਿੰਡਾ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਹਨ।

ਕਿੰਨੂ ਦਾ ਫਲ ਮਾਲਟੇ ਅਤੇ ਸੰਤਰੇ ਦੇ ਮੇਲ ਤੋਂ ਬਣਾਇਆ ਗਿਆ ਹੈ। ਇਸ ਫਲ ਵਿਚ ਬੀਜਾਂ ਦੀ ਭਰਮਾਰ ਅਤੇ ਰਸ 'ਚ ਕੁਝ ਕੁੜੱਤਣ ਸੀ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਘੱਟ ਬੀਜਾਂ ਵਾਲੀ ਇਕ ਨਵੀਂ ਕਿਸਮ ਪੀਏਯੂ ਕਿੰਨੂ-1 ਵਿਕਸਤ ਕੀਤੀ ਹੈ। ਇਸ ਦਾ ਕੁੜੱਤਣ ਰਹਿਤ ਰਸ ਵੀ ਤਿਆਰ ਹੋ ਗਿਆ ਹੈ। ਹੁਣ ਸੂਬੇ ਵਿਚ ਕਿੰਨੂ ਦਾ ਰਸ ਵੀ ਆਮ ਮਿਲਣ ਲੱਗ ਪਵੇਗਾ।

ਨਿੰਬੂ ਦੀਆਂ ਵੀ ਦੋ ਕਿਸਮਾਂ-'ਪੰਜਾਬ ਬਾਰਾਮਾਸੀ ਨਿੰਬੂ', 'ਪੀਏਯੂ ਬਾਰਾਮਾਸੀ ਨਿੰਬੂ-1' ਵਿਕਸਤ ਕੀਤੀਆਂ ਗਈਆਂ ਹਨ। 'ਪੰਜਾਬ ਗਲਗਲ' ਕਿਸਮ ਗਲਗਲ ਦੀ ਹੈ। ਇਹ ਸਦਾ ਬਹਾਰ ਬੂਟੇ ਹਨ ਤੇ ਸਾਲ ਵਿਚ ਦੋ ਵਾਰ ਫਰਵਰੀ-ਮਾਰਚ ਅਤੇ ਅਗਸਤ-ਸਤੰਬਰ ਵਿਚ ਇਨ੍ਹਾਂ ਦੇ ਬੂਟੇ ਲਗਾਏ ਜਾ ਸਕਦੇ ਹਨ। ਇਨ੍ਹਾਂ ਦੇ ਫਲ ਅਕਤੂਬਰ ਤੋਂ ਮਾਰਚ ਤਕ ਮਿਲਦੇ ਹਨ ਪਰ ਨਿੰਬੂ ਅਜਿਹਾ ਬੂਟਾ ਹੈ, ਜਿਸ ਦੇ ਫਲ ਸਾਰਾ ਸਾਲ ਮਿਲਦੇ ਹਨ। ਇਨ੍ਹਾਂ ਫਲਾਂ ਵਿਚ ਕੈਲਸ਼ੀਅਮ ਅਤੇ ਵਿਟਾਮਿਨ-ਸੀ ਵਧੇਰੇ ਮਾਤਰਾ ਹੁੰਦੀ ਹੈ, ਜੋ ਸਿਹਤ ਲਈ ਬਹੁਤ ਜ਼ਰੂਰੀ ਤੱਤ ਹਨ। ਨਿੰਬੂ ਦਾ ਘੱਟੋ ਘੱਟ ਇਕ ਬੂਟਾ ਹਰ ਘਰ ਦੇ ਵਿਹੜੇ ਜਾਂ ਟਿਊਬਵੈੱਲ 'ਤੇ ਜ਼ਰੂਰ ਲਗਾਉਣਾ ਚਾਹੀਦਾ ਹੈ। •

## ਸਵਾਲ-ਜਵਾਬ

*'ਪੰਜਾਬੀ ਜਾਗਰਣ' ਵੱਲੋਂ ਕਿਸਾਨਾਂ ਦੀਆਂ ਖੇਤੀ ਸਬੰਧੀ ਸਮੱਸਿਆਵਾਂ ਦੇ ਹੱਲ ਲਈ ਸਵਾਲ-ਜਵਾਬ ਦਾ ਸਿਲਸਿਲਾ ਸ਼ੁਰੂ ਕੀਤਾ ਜਾ ਰਿਹਾ ਹੈ। ਕਿਸਾਨ ਵੀਰ ਸੋਮਵਾਰ ਤੋਂ ਵੀਰਵਾਰ ਤਕ, ਦੁਪਹਿਰ 1:00 ਵਜੇ ਤੋਂ ਸ਼ਾਮ 5:00 ਵਜੇ ਤਕ ਫੋਨ ਨੰਬਰ 0181-660 6800, 3985700 'ਤੇ ਸੰਪਰਕ ਕਰ ਕੇ ਆਪਣੀ ਸਮੱਸਿਆ ਨੋਟ ਕਰਵਾ ਸਕਦੇ ਹਨ। ਅਸੀਂ ਮਾਹਿਰਾਂ ਪਾਸੋਂ ਇਸ ਸਬੰਧੀ ਰਾਏ ਪ੍ਰਾਪਤ ਕਰ ਕੇ ਸੋਮਵਾਰ ਦੇ 'ਹਰਿਆਵਲ' ਅੰਕ ਵਿਚ ਇਸ ਦਾ ਹੱਲ ਪ੍ਰਕਾਸ਼ਿਤ ਕਰਿਆ ਕਰਾਂਗੇ।*









# ਝੋਨੇ ਦੇ ਕੀੜੇ ਤੇ ਉਨ੍ਹਾਂ ਦੀ ਸਰਵਪੱਖੀ ਰੋਕਥਾਮ

• ਸੰਜੀਵ ਕੁਮਾਰ ਕਟਾਰੀਆ, ਰਿਤੂਰਾਜ

ਸਾਉਣੀ ਦੀਆਂ ਫ਼ਸਲਾਂ 'ਚੋਂ ਝੋਨਾ ਮੁੱਖ ਫ਼ਸਲ ਹੈ। ਝੋਨੇ ਦਾ ਚੰਗਾ ਝਾੜ ਲੈਣ ਲਈ ਜੂਨ ਦੇ ਪਹਿਲੇ ਪੰਦਰਵਾੜੇ ਦੌਰਾਨ ਇਸ ਦੀ ਬਿਜਾਈ ਨੂੰ ਸਭ ਤੋਂ ਢੁੱਕਵਾਂ ਸਮਾਂ ਮੰਨਿਆ ਜਾਂਦਾ ਹੈ। 2016-17 ਦੌਰਾਨ ਪੰਜਾਬ ਵਿਚ 30.46 ਲੱਖ ਹੈਕਟੇਅਰ ਰਕਬੇ 'ਚ ਝੋਨੇ ਦੀ ਬਿਜਾਈ ਕੀਤੀ ਗਈ ਅਤੇ ਇਸ ਤੋਂ ਕੁੱਲ ਉਪਜ 188.63 ਲੱਖ ਟਨ (126.38 ਲੱਖ ਟਨ ਚੌਲ) ਪ੍ਰਾਪਤ ਹੋਈ। ਝੋਨੇ ਦਾ ਔਸਤ ਝਾੜ 24.77 ਕੁਇੰਟਲ ਪ੍ਰਤੀ ਏਕੜ ਰਿਹਾ। ਝੋਨੇ ਦੀ ਫ਼ਸਲ ਉੱਪਰ ਕਈ ਤਰ੍ਹਾਂ ਦੇ ਕੀੜੇ ਹਮਲਾ ਕਰਦੇ ਹਨ, ਜਿਸ ਨਾਲ ਉਤਪਾਦਨ ਪ੍ਰਭਾਵਿਤ ਹੁੰਦਾ ਹੈ।

### ਤਣੇ ਦੇ ਗੜੂੰਏਂ

ਇਨ੍ਹਾਂ ਕੀੜਿਆਂ ਦੀਆਂ ਸੁੰਡੀਆਂ ਤਣੇ ਵਿਚ ਵੜ ਜਾਂਦੀਆਂ ਹਨ ਤੇ ਜੁਲਾਈ ਤੋਂ ਅਕਤੂਬਰ ਤਕ ਨੁਕਸਾਨ ਕਰਦੀਆਂ ਹਨ। ਨਤੀਜੇ ਵਜੋਂ ਬੂਟੇ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ, ਮੁੰਜਰਾਂ 'ਚ ਦਾਣੇ ਨਹੀਂ ਪੈਂਦੇ ਅਤੇ ਮੁੰਜਰਾਂ ਚਿੱਟੇ ਰੰਗ ਦੀਆਂ ਹੋ ਜਾਂਦੀਆਂ ਹਨ। ਜਿਨ੍ਹਾਂ ਖੇਤਾਂ ਵਿਚ ਇਸ ਕੀੜੇ ਦਾ ਹਮਲਾ ਇਕਨੋਮਿਕ ਥਰੈਸ਼ਹੋਲਡ ਲੈਵਲ (5 ਫ਼ੀਸਦੀ ਸੁੱਕੀਆਂ ਗੋਭਾਂ) ਤੋਂ ਜ਼ਿਆਦਾ ਹੋਵੇ ਉਸ ਫ਼ਸਲ ਉੱਪਰ ਫੇਮ 480 ਐੱਸਸੀ(ਫਲੂਬੈਂਡਾਮਾਈਡ) 20 ਮਿਲੀਲਿਟਰ ਨੂੰ 100 ਲੀਟਰ ਪਾਣੀ 'ਚ ਘੋਲ ਕੇ ਸਪਰੇਅ ਕਰੋ ਜਾਂ ਮੌਰਟਰ 75 ਐੱਸਜੀ (ਕਾਰਟਾਪ ਹਾਈਡਰੋਕਲੋਰਾਈਡ) ਦੀ 170 ਗ੍ਰਾਮ ਮਾਤਰਾ ਜਾਂ ਕੋਰੋਬਾਨ/ਡਰਸਬਾਨ/ਲੀਥਲ/ਕਲੋਰਗਾਰਡ/ ਡਰਮਟ/ਕਲਾਸਿਕ/ਫੋਰਸ20 ਈਸੀ (ਕਲੋਰਪਾਈਰੀਫਾਸ) ਦੀ ਇਕ ਲੀਟਰ ਮਾਤਰਾ ਨੂੰ 100 ਲੀਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। ਜੇ ਲੋੜ ਪਵੇ ਤਾਂ ਦੁਬਾਰਾ ਛਿੜਕਾਅ ਕਰੋ।

### ਪੱਤਾ ਲਪੇਟ ਸੁੰਡੀ

ਇਹ ਸੁੰਡੀਆਂ ਪੱਤੇ ਨੂੰ ਕੀਪ ਵਾਂਗ ਲਪੇਟ ਲੈਂਦੀਆਂ ਹਨ ਤੇ ਅੰਦਰੋ-ਅੰਦਰ ਹਰਾ ਮਾਦਾ ਖਾਈ ਜਾਂਦੀਆਂ ਹਨ। ਜਿਸ ਨਾਲ ਪੱਤਿਆਂ ਉੱਪਰ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ। ਇਸ ਦਾ ਬਹੁਤਾ ਨੁਕਸਾਨ ਅਗਸਤ ਤੋਂ ਅਕਤੂਬਰ ਦੌਰਾਨ ਹੁੰਦਾ ਹੈ। ਜਦੋਂ ਪੱਤਿਆਂ ਦਾ ਨੁਕਸਾਨ 10 ਫ਼ੀਸਦੀ ਤੋਂ ਜ਼ਿਆਦਾ ਹੋਵੇ ਤਾਂ ਇਸ ਸੁੰਡੀ ਦੀ ਰੋਕਥਾਮ ਲਈ ਫ਼ਸਲ ਦੇ ਨਿਸਾਰ ਤੋਂ ਪਹਿਲਾਂ ਕੀੜੇ ਦਾ ਹਮਲਾ ਹੋਣ 'ਤੇ 20-30 ਮੀਟਰ ਲੰਬੀ ਨਾਰੀਅਲ ਜਾਂ ਮੁੰਜ ਦੀ ਰੱਸੀ ਫ਼ਸਲ ਦੇ ਉੱਪਰਲੇ ਹਿੱਸੇ ਤੇ ਦੋ ਵਾਰ ਫੇਰੋ। ਪਹਿਲੀ ਵਾਰ ਕਿਆਰੇ ਦੇ ਇਕ ਤੋਂ ਦੂਜੇ ਸਿਰੇ 'ਤੇ ਜਾਉ ਤੇ ਫਿਰ ਉਸੇ ਰਸਤੇ ਰੱਸੀ ਫੇਰਦੇ ਹੋਏ ਵਾਪਸ ਆ ਜਾਉ। ਇਹ ਕੰਮ ਕਰਨ ਲੱਗਿਆਂ ਧਿਆਨ ਰੱਖੋ ਕਿ ਫ਼ਸਲ ਵਿਚ ਪਾਣੀ ਜ਼ਰੂਰ ਖੜ੍ਹਾ ਹੋਵੇ। ਇਸ ਤੋਂ ਇਲਾਵਾ ਇਸ ਸੁੰਡੀ ਦੀ ਰੋਕਥਾਮ ਲਈ 20 ਮਿਲੀਲਿਟਰ ਫੇਮ 480 ਐੱਸਸੀ (ਫਲੂਬੈਂਡਾਮਾਈਡ) ਜਾਂ 170 ਗ੍ਰਾਮ ਮੌਰਟਰ 75 ਐੱਸਜੀ (ਕਾਰਟਾਪ ਹਾਈਡਰੋਕਲੋਰਾਈਡ) ਜਾਂ ਇਕ ਲੀਟਰ ਕੋਰੋਬਾਨ/ਡਰਮਟ/ਫੋਰਸ 20 ਈਸੀ (ਕਲੋਰਪਾਈਰੀਫਾਸ) ਨੂੰ 100 ਲੀਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਛਿੜਕੋ।

### ਜੜ੍ਹਾਂ ਦੀ ਸੁੰਡੀ

*ਇਸ ਦਾ ਹਮਲਾ ਰਾਜਪੁਰਾ ਤੇ ਨੇੜਲੇ ਇਲਾਕਿਆਂ 'ਚ ਜ਼ਿਆਦਾ ਹੁੰਦਾ ਹੈ। ਇਹ ਕੀੜਾ ਸੂਬੇ ਦੇ ਦੂਸਰੇ ਇਲਾਕਿਆਂ ਵਿਚ ਵੀ ਵੇਖਣ 'ਚ ਆਇਆ ਹੈ। ਇਸ ਸੁੰਡੀ ਦੀਆਂ ਲੱਤਾਂ ਨਹੀਂ ਹੁੰਦੀਆਂ। ਇਸ ਦਾ ਰੰਗ ਚਿੱਟਾ ਹੁੰਦਾ ਹੈ। ਇਹ ਸੁੰਡੀ ਜੁਲਾਈ ਤੋਂ ਸਤੰਬਰ ਤਕ ਜ਼ਮੀਨ 'ਚ ਰਹਿ ਕੇ ਬੂਟੇ ਦੀਆਂ ਜੜ੍ਹਾਂ ਨੂੰ ਖਾਂਦੀ ਹੈ ਤੇ ਹਮਲੇ ਵਾਲੇ ਬੂਟੇ ਛੋਟੇ ਰਹਿ ਜਾਂਦੇ ਹਨ, ਪੀਲੇ ਪੈ ਜਾਂਦੇ ਹਨ ਤੇ ਪੂਰਾ ਜਾੜ ਨਹੀਂ ਮਾਰਦੇ।*

### ਬੂਟਿਆਂ ਦੇ ਟਿੱਡੇ

ਇਨ੍ਹਾਂ ਕੀੜਿਆਂ 'ਚ ਚਿੱਟੀ ਪਿੱਠ ਵਾਲੇ ਅਤੇ ਭੂਰੇ ਟਿੱਡੇ ਸ਼ਾਮਲ ਹਨ। ਇਨ੍ਹਾਂ ਟਿੱਡਿਆਂ ਦੇ ਬੱਚੇ ਤੇ ਵੱਡੇ ਟਿੱਡੇ, ਦੋਵੇਂ ਹੀ ਬੂਟੇ ਦਾ ਰਸ ਜੁਲਾਈ ਤੋਂ ਅਕਤੂਬਰ ਤਕ ਚੂਸਦੇ ਹਨ, ਜਿਸ ਨਾਲ ਫ਼ਸਲ ਧੋੜੀਆਂ ਵਿਚ ਸੁੱਕ ਜਾਂਦੀ ਹੈ। ਇਸ ਨੂੰ ਟਿੱਡੇ ਦਾ ਸਾੜ ਵੀ ਆਖਦੇ ਹਨ। ਜਦੋਂ ਪਹਿਲੇ ਬੂਟੇ ਸੁੱਕ ਜਾਂਦੇ ਹਨ ਤਾਂ ਟਿੱਡੇ ਨੇੜਲੇ ਨਰੋਏ ਬੂਟਿਆਂ 'ਤੇ ਚਲੇ ਜਾਂਦੇ ਹਨ ਤੇ ਕੁਝ ਹੀ ਦਿਨਾਂ ਵਿਚ ਹਮਲੇ ਵਾਲੇ ਥਾਵਾਂ 'ਚ ਵਾਧਾ ਹੋ ਜਾਂਦਾ ਹੈ। ਝੋਨਾ ਲਗਾਉਣ ਤੋਂ ਇਕ ਮਹੀਨੇ ਬਾਅਦ ਹਰ ਹਫ਼ਤੇ ਕੁਝ ਬੂਟਿਆਂ ਨੂੰ ਟੇਢੇ ਕਰ ਕੇ ਦੋ-ਤਿੰਨ ਵਾਰ ਝਾੜੋ। ਜੇ ਪ੍ਰਤੀ ਬੂਟਾ 5 ਜਾਂ ਇਸ ਤੋਂ ਵੱਧ ਟਿੱਡੇ ਪਾਣੀ 'ਤੇ ਤਰਦੇ ਹੋਏ ਨਜ਼ਰ ਆਉਣ ਤਾਂ ਚੈੱਸ 50 ਡਬਲਿਊਜੀ (ਪਾਈਮੈਟਰੋਜ਼ਿਨ) 120 ਗ੍ਰਾਮ ਜਾਂ ਕੌਨਫ਼ੀਡੋਰ/ਕਰੋਕੋਡਾਈਲ 17.8 ਐੱਸਐੱਲ (ਇਮਿਡਾਕਲੋਪਰਿਡ) 40 ਮਿਲੀਲਿਟਰ ਜਾਂ ਏਕਾਲਕਸ/ਕੁਇਨਗਾਰਡ 25 ਈਸੀ (ਕੁਇਨਲਫਾਸ) 800 ਮਿਲੀਲਿਟਰ ਜਾਂ ਕੋਰੋਬਾਨ/ਡਰਸਬਾਨ/ਲੀਥਲ/ਕਲੋਰਗਾਰਡ/ਡਰਮਟ/ਕਲਾਸਿਕ/ਫੋਰਸ (ਕਲੋਰਪਾਈਰੀਫਾਸ ਦੀ ਇਕ ਲੀਟਰ ਮਾਤਰਾ ਨੂੰ 200 ਲੀਟਰ ਪਾਣੀ ਵਿਚ ਘੋਲ ਕੇ ਸਪਰੇਅ ਕਰੋ। ਜੇ ਲੋੜ ਹੋਵੇ ਤਾਂ ਦੁਬਾਰਾ ਛਿੜਕਾਅ ਕਰੋ। ਚੰਗੇ ਨਤੀਜਿਆਂ ਲਈ ਦਵਾਈ ਦਾ ਛਿੜਕਾਅ ਬੂਟੇ ਦੇ ਮੁੱਢ ਵੱਲ ਕਰੋ। ਟਿੱਡੇ ਮਾਰਨ ਲਈ ਹੱਲੇ ਵਾਲੀ ਥਾਂ ਦੇ 3 ਤੋਂ 4 ਮੀਟਰ ਦੇ ਘੇਰੇ ਵਿਚ ਵੀ ਦਵਾਈ ਦੀ ਵਰਤੋਂ ਕਰੋ।

### ਘਾਹ ਦੇ ਟਿੱਡੇ

ਇਹ ਟਿੱਡੇ ਝੋਨੇ ਦੀ ਪਨੀਰੀ ਤੇ ਫ਼ਸਲ ਦੇ ਪੱਤੇ ਖਾ ਕੇ ਨੁਕਸਾਨ ਕਰਦੇ ਹਨ। ਇਨ੍ਹਾਂ ਦੀ ਰੋਕਥਾਮ ਲਈ ਬੂਟਿਆਂ ਦੇ ਟਿੱਡਿਆਂ ਲਈ ਸਿਫ਼ਾਰਸ਼ ਕੀਤੀਆਂ ਦਵਾਈਆਂ ਵਰਤੀਆਂ ਜਾ ਸਕਦੀਆਂ ਹਨ।

### ਝੋਨੇ ਦਾ ਹਿਸਪਾ

ਇਸ ਕੀੜੇ ਦੇ ਬੱਚੇ ਪੱਤਿਆਂ 'ਚ ਸੁਰੰਗਾਂ ਬਣਾ ਕੇ ਹਰਾ ਮਾਦਾ ਖਾਂਦੇ ਹਨ ਪਰ ਵੱਡੇ ਕੀੜੇ ਬਾਹਰੋਂ ਨੁਕਸਾਨ ਕਰਦੇ ਹਨ। ਇਸ ਤਰ੍ਹਾਂ ਪੱਤਿਆਂ ਉੱਪਰ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ ਤੇ ਖੇਤ ਦੂਰੋਂ ਚਿੱਟਾ ਜਾਪਦਾ ਹੈ। ਜੇ ਇਹ ਕੀੜਾ ਪਨੀਰੀ ਨੂੰ ਨੁਕਸਾਨ ਕਰਨ ਲੱਗ ਪਵੇ ਤਾਂ ਖੇਤ 'ਚੋਂ ਪਨੀਰੀ ਪੁੱਟ ਕੇ ਲਗਾਉਣ ਤੋਂ ਪਹਿਲਾਂ ਹਮਲੇ ਵਾਲੇ ਬੂਟਿਆਂ ਦੇ ਪੱਤੇ ਕੱਟ ਕੇ ਨਸ਼ਟ ਕਰ ਦਿਉ। ਜੇ ਫ਼ਸਲ ਉੱਪਰ ਹਮਲਾ ਹੋਵੇ ਤਾਂ 800 ਮਿਲੀਲਿਟਰ ਏਕਾਲਕਸ 25 ਈਸੀ (ਕੁਇਨਲਫਾਸ) ਜਾਂ ਇਕ ਲਿਟਰ ਡਰਸਬਾਨ 20 ਈਸੀ (ਕਲੋਰਪਾਈਰੀਫ਼ਾਸ) ਨੂੰ 100 ਲੀਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਛਿੜਕੋ। ਲੋੜ ਪਵੇ ਤਾਂ ਦੁਬਾਰਾ ਛਿੜਕਾਅ ਕਰੋ।

### ਸਿੱਟੇ ਕੁਤਰਨ ਵਾਲੀ ਸੁੰਡੀ

ਇਸ ਕੀੜੇ ਦੀਆਂ ਸੁੰਡੀਆਂ ਝੁੰਡਾਂ ਵਿਚ ਹੁੰਦੀਆਂ ਹਨ। ਇਨ੍ਹਾਂ ਨੂੰ ਸੈਨਿਕ ਸੁੰਡੀਆਂ ਵੀ ਆਖਦੇ ਹਨ। ਛੋਟੀਆਂ ਸੁੰਡੀਆਂ ਪੌਦੇ ਦੇ ਪੱਤੇ ਖਾਂਦੀਆਂ ਹਨ ਤੇ ਪਿੱਛੋਂ ਵਿਚਕਾਰਲੀਆਂ ਨਾੜਾਂ ਤੇ ਤਣੇ ਰਹਿ ਜਾਂਦੇ ਹਨ। ਵੱਡੀਆਂ ਸੁੰਡੀਆਂ ਮੁੰਜਰਾਂ ਦੀਆਂ ਡੰਡੀਆਂ ਕੱਟ ਦਿੰਦੀਆਂ ਹਨ ਜਿਸ ਕਾਰਨ ਇਨ੍ਹਾਂ ਨੂੰ ਸਿੱਟੇ ਕੁਤਰਨ ਵਾਲੀ ਸੁੰਡੀ ਵੀ ਕਿਹਾ ਜਾਂਦਾ ਹੈ। ਇਸ ਅਵਸਥਾ ਵਿਚ ਇਹ ਸੁੰਡੀ ਝੋਨੇ ਦੀ ਫ਼ਸਲ ਦਾ ਬਹੁਤ ਨੁਕਸਾਨ ਕਰਦੀ ਹੈ। ਸਤੰਬਰ ਤੋਂ ਨਵੰਬਰ ਤਕ ਫ਼ਸਲ ਦਾ ਬਹੁਤ ਨੁਕਸਾਨ ਹੁੰਦਾ ਹੈ ਕਿਉਂਕਿ ਇਹ ਸੁੰਡੀਆਂ ਰਾਤ ਸਮੇਂ ਜ਼ਿਆਦਾ ਚੁਸਤ ਹੁੰਦੀਆਂ ਹਨ ਤੇ ਦਿਨ ਵੇਲੇ ਬੂਟਿਆਂ ਅਤੇ ਜ਼ਮੀਨ ਦੀਆਂ ਤਰੇੜਾਂ ਆਦਿ 'ਚ ਲੁਕੀਆਂ ਰਹਿੰਦੀਆਂ ਹਨ। ਇਸ ਲਈ ਫ਼ਸਲ ਉੱਪਰ ਛਾਮ ਵੇਲੇ ਹੀ ਛਿੜਕਾਅ ਕਰੋ। ਇਸ ਕੀੜੇ ਦੀ ਰੋਕਥਾਮ 400 ਮਿਲੀਲਿਟਰ ਏਕਾਲਕਸ/ਕੁਇਨਗਾਰਡ 25 ਈਸੀ (ਕੁਇਨਲਫਾਸ) ਨੂੰ 100 ਲੀਟਰ ਪਾਣੀ 'ਚ ਪਾ ਕੇ ਪ੍ਰਤੀ ਏਕੜ ਦੇ ਹਿਸਾਬ ਸਪਰੇਅ ਕਰਨ ਨਾਲ ਹੋ ਜਾਂਦੀ ਹੈ। •

*ਜੁਲਾਈ ਮਹੀਨਾ ਫਲਦਾਰ ਬੂਟੇ ਲਗਾਉਣ ਲਈ ਬੇਹੱਦ ਢੁਕਵਾਂ ਹੈ। ਇਸ ਮਹੀਨੇ ਸਦਾਬਹਾਰ ਫਲਦਾਰ ਬੂਟੇ, ਕਿੰਨੂ, ਮਾਲਟਾ, ਸੰਤਰਾ, ਨਿੰਬੂ, ਮਿੱਠਾ, ਅੰਬ, ਅਮਰੂਦ, ਲੁਕਾਠ, ਬੇਰ, ਪਪੀਤਾ ਆਦਿ ਲਗਾਏ ਜਾ ਸਕਦੇ ਹਨ...*

# ਜੁਲਾਈ ਮਹੀਨੇ ਦੇ ਬਾਗ਼ਬਾਨੀ ਕਾਰਜ



ਇਹ ਮਹੀਨਾ ਬਾਗ਼ਬਾਨੀ ਫ਼ਸਲਾਂ ਲਈ ਰਾਹਤ ਭਰਿਆ ਹੁੰਦਾ ਹੈ ਕਿਉਂਕਿ ਭਾਰੀ ਗਰਮੀ ਤੋਂ ਬਾਅਦ ਬਰਸਾਤਾਂ ਆਉਣ ਨਾਲ ਬੂਟਿਆਂ 'ਚ ਨਵੀਂ ਜਾਨ ਪੈ ਜਾਂਦੀ ਹੈ। ਇਹ ਮਹੀਨਾ ਨਵੇਂ ਫਲਦਾਰ ਬੂਟੇ ਲਗਾਉਣ ਲਈ ਇਹ ਬਹੁਤ ਢੁਕਵਾਂ ਹੈ। ਇਸ ਮਹੀਨੇ ਸਦਾਬਹਾਰ ਫਲਦਾਰ ਬੂਟੇ, ਜਿਵੇਂ ਕਿੰਨੂ, ਮਾਲਟਾ, ਸੰਤਰਾ, ਨਿੰਬੂ, ਮਿੱਠਾ, ਅੰਬ, ਅਮਰੂਦ, ਲੁਕਾਠ, ਬੇਰ, ਪਪੀਤਾ ਆਦਿ ਲਗਾਏ ਜਾ ਸਕਦੇ ਹਨ। ਬਰਸਾਤ ਨੂੰ ਵੇਖਦੇ ਹੋਏ ਬਾਗ਼ਬਾਨੀ ਫ਼ਸਲਾਂ ਵਿਚ ਵਾਧੂ ਖੜ੍ਹੇ ਪਾਣੀ ਦੀ ਨਿਕਾਸੀ ਦਾ ਉਚਿਤ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਇਨ੍ਹਾਂ ਦਾ ਨੁਕਸਾਨ ਨਾ ਹੋਵੇ।

### ਫਲਾਂ ਤੇ ਬੂਟਿਆਂ ਦੀ ਸੰਭਾਲ

ਨਾਸ਼ਪਾਤੀ ਦੇ ਪੱਕੇ ਫਲਾਂ ਨੂੰ ਤੋੜ ਲਉ। ਬੇਰ ਦੇ ਤਿਆਰ ਬੂਟਿਆਂ ਨੂੰ 500 ਗ੍ਰਾਮ ਯੂਰੀਆ ਪ੍ਰਤੀ ਬੂਟਾ ਪਾ ਦਿਉ। ਬਰਸਾਤ ਤੋਂ ਪਹਿਲਾਂ ਬੂਟਿਆਂ 'ਤੇ ਚੂਨੇ ਦੀ ਕਲੀ ਕਰ ਦਿਉ। ਬਾਰਿਸ਼ ਕਾਰਨ ਵਾਧੂ ਖੜ੍ਹੇ ਪਾਣੀ ਨੂੰ ਬਾਗ਼ 'ਚੋਂ ਬਾਹਰ ਕੱਢ ਦਿਉ। ਅਮਰੂਦ ਦੇ ਬੂਟਿਆਂ ਦੇ ਫਲ ਦੀ ਮੱਖੀ ਤੋਂ ਬਚਾਅ ਲਈ ਪ੍ਰਤੀ ਏਕੜ 16 ਪੀਏਯੂ ਫਰੂਟ ਫਲਾਈ ਟਰੈਪ ਇਸ ਮਹੀਨੇ ਦੇ ਪਹਿਲੇ ਹਫ਼ਤੇ ਲਗਾ ਦਿਉ। ਜੇ ਫਲ ਦੀ ਮੱਖੀ ਦਾ ਹਮਲਾ ਜ਼ਿਆਦਾ ਹੋਵੇ ਤਾਂ 2.5 ਮਿਲੀਲਿਟਰ ਸੁਮੀਸੀਡੀਨ 20 ਈਸੀ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਹਫ਼ਤੇ-ਹਫ਼ਤੇ ਦੇ ਵਕਫ਼ੇ 'ਤੇ ਸਪਰੇਅ ਕਰੋ ਅਤੇ ਸਪਰੇਅ ਤੋਂ ਤਿੰਨ ਦਿਨ ਬਾਅਦ ਫਲ ਤੋੜੋ। ਨਿੰਬੂ ਜਾਤੀ ਦੇ ਫਲਾਂ ਦਾ ਕੇਰਾ ਰੋਕਣ ਲਈ 2.5 ਮਿਲੀਲਿਟਰ ਜੀਰਮ 27 ਐੱਸਸੀ ਜਾਂ ਇਕ ਮਿਲੀਲਿਟਰ ਟਿਲਟ 25 ਈਸੀ ਜਾਂ ਇਕ ਗ੍ਰਾਮ ਬਾਵਿਸਟਨ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ ਅਤੇ ਕੀੜਿਆਂ ਦੀ ਰੋਕਥਾਮ ਲਈ 2.5 ਮਿਲੀਲਿਟਰ ਰੋਗਰ 30 ਤਾਕਤ ਜਾਂ 0.4 ਮਿਲੀਲਿਟਰ ਕਰੋਕੋਡਾਈਲ/ਕਨਫੀਡੋਰ 17.8 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ। ਕਿੰਨੂ ਵਿਚ ਝਾੜ ਅਤੇ ਫਲਾਂ ਦੀ ਗੁਣਵੱਤਾ ਸੁਧਾਰਨ ਲਈ ਇਕ ਗ੍ਰਾਮ ਪੋਟਾਸ਼ੀਅਮ ਨਾਈਟਰੇਟ ਦਾ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ। ਅੰਗੂਰ ਦੇ ਬੂਟਿਆਂ ਨੂੰ ਕੋਹੜ ਰੋਗ ਤੋਂ ਬਚਾਉਣ ਲਈ ਇਕ ਮਿਲੀਲਿਟਰ ਸਕੋਰ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ।

### ਸਬਜ਼ੀਆਂ ਵਾਲੀਆਂ ਫ਼ਸਲਾਂ

ਕੱਦੂ ਜਾਤੀ ਦੀਆਂ ਸਬਜ਼ੀਆਂ ਵਿਚ ਘੀਆ ਕੱਦੂ, ਘੀਆ ਤੋਰੀ, ਕਰੇਲਾ, ਟੀਂਡੇ ਦਾ 12 ਗ੍ਰਾਮ ਅਤੇ ਵੰਗਾਂ ਦਾ 6 ਗ੍ਰਾਮ ਬੀਜ, ਮੂਲੀ ਦੀ ਪੂਸਾ ਚੇਤਕੀ ਕਿਸਮ ਦਾ 25-30 ਗ੍ਰਾਮ ਬੀਜ, ਭਿੰਡੀ ਦਾ 25-35 ਗ੍ਰਾਮ ਬੀਜ, ਰਵਾਂਹ ਦਾ 50-60 ਗ੍ਰਾਮ ਬੀਜ ਪ੍ਰਤੀ ਮਰਲਾ ਪਾ ਕੇ ਬਿਜਾਈ ਕਰ ਦਿਉ। ਫੁੱਲ ਗੋਭੀ ਦੀਆਂ ਅਗੇਤੀਆਂ ਕਿਸਮਾਂ ਦੀ ਪਨੀਰੀ 45×30 ਸੈਂਟੀਮੀਟਰ ਦੇ ਫ਼ਾਸਲੇ 'ਤੇ ਲਗਾਉ ਅਤੇ 250 ਕਿੱਲੋ ਦੇਸੀ ਰੂੜੀ, 350 ਗ੍ਰਾਮ ਯੂਰੀਆ, 625 ਗ੍ਰਾਮ ਸਿੰਗਲ ਸੁਪਰਫਾਸਫੇਟ ਅਤੇ 100 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਮਰਲਾ ਪਾ ਦਿਉ। ਸ਼ਕਰਕੰਦੀ ਦੀ ਪੀਐੱਸਪੀ ਕਿਸਮ ਦੀਆਂ ਵੇਲਾਂ ਤੋਂ ਬਣਾਈਆਂ 150-190 ਕਟਿੰਗਜ਼ ਵੱਟਾਂ ਉੱਪਰ 60×30 ਸੈਂਟੀਮੀਟਰ ਦੇ ਫ਼ਾਸਲੇ 'ਤੇ ਲਗਾਉ ਅਤੇ ਲਗਾਉਂਦੇ ਸਮੇਂ 250 ਕਿੱਲੋ ਦੇਸੀ ਰੂੜੀ, 780 ਗ੍ਰਾਮ ਕਿਸਾਨ ਖਾਦ, 950 ਗ੍ਰਾਮ ਸਿੰਗਲ ਸੁਪਰਫਾਸਫੇਟ ਅਤੇ 220 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਮਰਲਾ ਪਾ ਦਿਉ। ਬੈਂਗਣਾਂ ਵਿਚ ਫਲ ਅਤੇ ਟਾਹਣੀਆਂ ਦੇ ਗੜੂੰਏ ਦੀ ਰੋਕਥਾਮ ਲਈ ਇਕ ਮਿਲੀਲਿਟਰ ਸੁਮੀਸੀਡਨਿ 20 ਈਸੀ ਜਾਂ 2 ਮਿਲੀਲਿਟਰ ਰਿਪਕਾਰਡ 10 ਈਸੀ ਜਾਂ 1.6 ਮਿਲੀਲਿਟਰ ਡੈਸਿਸ 2.8 ਈਸੀ ਜਾਂ 8 ਮਿਲੀਲਿਟਰ ਏਕਾਲਕਸ 25 ਈਸੀ ਨੂੰ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਸਪਰੇਅ ਕਰੋ।

### ਬੂਟਿਆਂ ਦੀ ਲੁਆਈ

ਬਰਸਾਤਾਂ ਸ਼ੁਰੂ ਹੋਣ ਦੇ ਨਾਲ ਹੀ ਦਰੱਖ਼ਤ, ਝਾੜੀਆਂ ਅਤੇ ਵੇਲਾਂ ਨੂੰ ਪਹਿਲਾਂ ਤਿਆਰ ਕੀਤੇ ਹੋਏ ਟੋਇਆਂ ਵਿਚ ਲਾ ਦਿਉ। ਗਮਲਿਆਂ ਵਿਚ ਪਹਿਲਾਂ ਲੱਗੇ ਹੋਏ ਬੂਟਿਆਂ ਨੂੰ ਕੱਢ ਕੇ ਨਵੇਂ ਸਿਰਿਓਂ ਮਿੱਟੀ ਅਤੇ ਖਾਦ ਦਾ ਮਿਸ਼ਰਣ ਪਾ ਦਿਉ। ਘਾਹ ਲਗਾਉਣ ਲਈ ਤਿਆਰ ਕੀਤੇ ਥਾਂ 'ਤੇ ਘਾਹ ਦੀਆਂ ਜੜ੍ਹਾਂ ਦੇ ਛੋਟੇ ਗੁੱਛੇ 10-15 ਸੈਂਟੀਮੀਟਰ ਦੀ ਦੂਰੀ 'ਤੇ ਲਗਾ ਦਿਉ। ਇਸ ਮੌਸਮ ਵਿਚ ਬਹੁਤ ਸਾਰੇ ਦਰੱਖ਼ਤ, ਝਾੜੀਆਂ ਅਤੇ ਵੇਲਾਂ ਦਾ ਪੌਦ ਵਾਧਾ ਇਨ੍ਹਾਂ ਦੇ ਟੂਸਿਆਂ ਦੀਆਂ ਕਲਮਾਂ ਨੂੰ ਲੈ ਕੇ ਕੀਤਾ ਜਾਵੇ। ਗੁਲਦਾਉਦੀ ਦੀਆਂ ਪਿਛਲੇ ਮਹੀਨੇ ਤਿਆਰ ਕੀਤੀਆਂ ਕਲਮਾਂ ਗਮਲਿਆਂ ਵਿਚ ਲਗਾ ਦਿਉ। •



### ਵਿਓਂਤਬੰਦੀ

*ਇਸ ਮਹੀਨੇ ਨਵੇਂ ਫਲਦਾਰ ਬੂਟੇ ਲਗਾਉਣ ਲਈ ਵਿਓਂਤਬੰਦੀ ਕਰ ਲੈਣੀ ਚਾਹੀਦੀ ਹੈ ਅਤੇ ਫਲਦਾਰ ਬੂਟੇ ਭਰੋਸੇਯੋਗ ਵਸੀਲਿਆਂ ਤੋਂ ਹੀ ਲੈਣੇ ਚਾਹੀਦੇ ਹਨ। ਫਲਦਾਰ ਬੂਟੇ ਲਗਾਉਣ ਸਮੇਂ ਅੰਬ ਲਈ ਫ਼ਾਸਲਾ 30 ਫੁੱਟ, ਪਪੀਤੇ ਲਈ 3 ਫੁੱਟ ਅਤੇ ਬਾਕੀ ਬੂਟਿਆਂ ਲਈ 20 ਤੋਂ 22 ਫੁੱਟ ਰੱਖੋ। ਇਸ ਲਈ 2 ਤੋਂ 3 ਫੁੱਟ ਵਿਆਸ ਦੇ ਡੂੰਘੇ ਟੋਏ ਪੁੱਟ ਕੇ ਅੱਧੀ ਉੱਪਰਲੀ ਉਪਜਾਊ ਮਿੱਟੀ ਤੇ ਅੱਧੀ ਦੇਸੀ ਰੂੜੀ ਖਾਦ ਪਾ ਕੇ ਟੋਏ ਨੂੰ ਭਰ ਦਿਉ ਅਤੇ ਇਕ-ਦੋ ਬਰਸਾਤਾਂ ਪੈਣ ਤੋਂ ਬਾਅਦ ਹੋਰ ਮਿੱਟੀ ਪਾ ਕੇ ਸਿਓਂਕ ਤੋਂ ਬਚਾਅ ਲਈ ਪ੍ਰਤੀ ਟੋਆ 15 ਮਿਲੀਲਿਟਰ ਕਲੋਰੋਪਾਈਰੀਫਾਸ ਦਵਾਈ ਪਾ ਕੇ ਬੂਟੇ ਲਗਾ ਦਿਉ। ਨਵੇਂ ਬੂਟਿਆਂ ਨੂੰ ਸਿੱਧੇ ਰੱਖਣ ਲਈ ਸੋਟੀ ਦਾ ਸਹਾਰਾ ਦਿਉ।*



• ਡਾ. ਸੁਖਦੀਪ ਸਿੰਘ ਹੁੰਦਲ
75080-18842

### ਖੁੰਬਾਂ ਦੀ ਕਾਸ਼ਤ

*ਗਰਮ ਰੁੱਤ ਦੀਆਂ ਮਿਲਕੀ ਖੁੰਬਾਂ ਦੀ ਕਾਸ਼ਤ ਜਾਰੀ ਰੱਖੋ ਅਤੇ ਪਰਾਲੀ ਵਾਲੀ ਖੁੰਬ ਦੇ ਪੁਰਾਣੇ ਬੈੱਡ ਕੱਢ ਕੇ ਨਵੀਂ ਬਿਜਾਈ ਕਰ ਦਿਉ। ਪੁਰਾਣੀ ਗਲੀ-ਸੜੀ ਰੂੜੀ ਦੀ ਸੰਭਾਲ ਸਰਦ ਰੁੱਤ ਦੀਆਂ ਖੁੰਬਾਂ ਦੀ ਕੇਸਿੰਗ ਲਈ ਹੁਣ ਤੋਂ ਹੀ ਕਰ ਲਵੋ।*

### ਸ਼ਹਿਦ ਮੱਖੀਆਂ ਦੀ ਸਾਂਭ-ਸੰਭਾਲ

*ਸ਼ਹਿਦ ਮੱਖੀਆਂ ਦੇ ਬਕਸਿਆਂ ਦਾ ਨਰੀਖਣ ਕਰਦੇ ਰਹੋ ਅਤੇ ਬਾਹਰ ਫੁੱਲ-ਫੁਲਾਕੇ ਦੀ ਘਾਟ ਨੂੰ ਵੇਖਦੇ ਹੋਏ ਇਕ ਹਿੱਸਾ ਖੰਡ ਅਤੇ ਇਕ ਹਿੱਸਾ ਪਾਣੀ ਦੇ ਘੋਲ ਦੀ ਖ਼ੁਰਾਕ ਸ਼ਾਮ ਵੇਲੇ ਸਾਰੇ ਬਕਸਿਆਂ ਨੂੰ ਦਿਉ। ਬਰਸਾਤ ਦੇ ਮੌਸਮ ਨੂੰ ਵੇਖਦੇ ਹੋਏ ਬਕਸਿਆਂ ਦੇ ਸਟੈਂਡਾਂ ਨੂੰ ਥੋੜ੍ਹਾ ਟੇਡਾ ਕਰ ਦਿਉ ਅਤੇ ਇਨ੍ਹਾਂ ਨੂੰ ਉੱਚੀ ਜਗ੍ਹਾ 'ਤੇ ਰੱਖੋ ਅਤੇ ਆਲੇ ਦੁਆਲੇ ਵਧਦੇ ਹੋਏ ਨਦੀਨਾਂ ਤੇ ਵਾਧੂ ਬੂਟਿਆਂ ਨੂੰ ਸਾਫ਼ ਕਰਦੇ ਰਹੋ।*

# ਸਬਜ਼ੀਆਂ 'ਚ ਕੀੜਿਆਂ ਦੀ ਰੋਕਥਾਮ

*ਪੰਜਾਬ 'ਚ ਸਬਜ਼ੀਆਂ ਦਾ ਉਤਪਾਦਨ 200 ਗ੍ਰਾਮ ਪ੍ਰਤੀ ਜੀਅ, ਪ੍ਰਤੀ ਦਿਨ ਦੀ ਮੰਗ ਨਾਲੋਂ ਕਰੀਬ ਅੱਧਾ ਹੈ। ਸਬਜ਼ੀਆਂ ਉੱਪਰ ਕੀੜਿਆਂ ਦਾ ਹਮਲਾ ਉਤਪਾਦਨ 'ਚ ਗਿਰਾਵਟ ਦਾ ਕਾਰਨ ਬਣਦਾ ਹੈ। ਇਸ ਲਈ ਇਨ੍ਹਾਂ ਦੀ ਸਮਾਂ ਰਹਿੰਦਿਆਂ ਰੋਕਥਾਮ ਬੇਹੱਦ ਜ਼ਰੂਰੀ ਹੈ...*

• ਅਮਨਦੀਪ ਕੌਰ, ਰਵਿੰਦਰ ਸਿੰਘ ਚੰਦੀ







ਪੰਜਾਬ 'ਚ 2017-18 ਦੌਰਾਨ 2.58 ਲੱਖ ਹੈਕਟੇਅਰ ਰਕਬੇ 'ਚੋਂ 51.36 ਲੱਖ ਟਨ ਸਬਜ਼ੀਆਂ ਦੀ ਪੈਦਾਵਾਰ ਹੋਈ। ਪ੍ਰਤੀ ਜੀਅ ਪ੍ਰਤੀ ਦਿਨ ਸਬਜ਼ੀਆਂ ਦੀ ਖਪਤ ਵੇਖੀਏ ਤਾਂ ਇਹ 200 ਗ੍ਰਾਮ ਪ੍ਰਤੀ ਜੀਅ ਤੋਂ ਵੀ ਘੱਟ ਹੈ। ਇਸ ਦੀ ਪੂਰਤੀ ਲਈ ਸਬਜ਼ੀਆਂ ਦੀ ਪੈਦਾਵਾਰ ਦੁੱਗਣੀ ਕਰਨ ਦੀ ਲੋੜ ਹੈ। ਸਬਜ਼ੀਆਂ ਉਪਰ ਕਈ ਪ੍ਰਕਾਰ ਦੇ ਕੀੜੇ ਹਮਲਾ ਕਰ ਕੇ ਝਾੜ ਨੂੰ ਪ੍ਰਭਾਵਿਤ ਕਰਦੇ ਹਨ।

## ਬੈਂਗਣ

### ਫਲ ਛੇਦਕ ਸੁੰਡੀ

ਇਸ ਸੁੰਡੀ ਦਾ ਪਤੰਗਾ ਚਿੱਟਾ ਹੁੰਦਾ ਹੈ, ਜਿਸ ਦੇ ਸਰੀਰ 'ਤੇ ਭੂਰੇ-ਕਾਲੇ ਧੱਬੇ ਹੁੰਦੇ ਹਨ। ਖੰਭਾਂ ਦੇ ਕਿਨਾਰੇ 'ਤੇ ਵਾਲਾਂ ਦੀ ਝਾਲਰ ਹੁੰਦੀ ਹੈ ਤੇ ਅਗਲੇ ਖੰਭਾਂ 'ਤੇ ਕਾਲੇ, ਚਿੱਟੇ ਤੇ ਭੂਰੇ ਧੱਬੇ ਹੁੰਦੇ ਹਨ। ਇਹ ਪਤੰਗਾ 80-120 ਆਂਡੇ ਦਿੰਦਾ ਹੈ ਜਿਹੜੇ ਇਕੱਲੇ-ਇਕੱਲੇ ਜਾਂ ਝੁੰਡਾਂ 'ਚ ਪੱਤਿਆਂ ਹੇਠ, ਤਣੇ, ਫੁੱਲ ਡੋਡੀਆਂ ਜਾਂ ਫਲ ਉੱਪਰ ਹੁੰਦੇ ਹੈ। ਆਂਡੇ 'ਚੋਂ 3-6 ਦਿਨ ਬਾਅਦ ਸੁੰਡੀ ਨਿਕਲ ਕੇ ਕਰੂੰਬਲਾਂ 'ਚ ਵੜ ਕੇ ਫੁੱਲ ਤੇ ਫਲ ਨੂੰ ਖ਼ਰਾਬ ਕਰ ਦਿੰਦੀ ਹੈ।

**ਨੁਕਸਾਨ** : ਜਿਨ੍ਹਾਂ ਲਗਰਾਂ 'ਤੇ ਸੁੰਡੀ ਦਾ ਹਮਲਾ ਹੋਵੇ ਉਹ ਮੁਰਝਾ ਕੇ ਡਿੱਗ ਪੈਂਦੀਆਂ ਹਨ, ਸੁੱਕ ਜਾਂਦੀਆਂ ਹਨ ਤੇ ਫਲ ਕਾਣੇ ਹੋ ਜਾਂਦੇ ਹਨ।

**ਰੋਕਥਾਮ** : ਬੈਂਗਣਾਂ ਦੀ ਮੁਢੀ ਫ਼ਸਲ ਨਾ ਰੱਖੋ। ਪੰਜਾਬ-ਬਰਸਾਤੀ, ਪੰਜਾਬ ਸਦਾਬਹਾਰ ਤੇ ਬੀਐੱਚ-2 ਕਿਸਮਾਂ ਇਸ ਦੇ ਹਮਲੇ ਨੂੰ ਸਹਾਰ ਸਕਦੀਆਂ ਹਨ। ਕੀਟਨਾਸ਼ਕ ਦੇ ਛਿੜਕਾਅ ਤੋਂ ਪਹਿਲਾਂ ਪੱਕੇ ਫਲ ਤੋੜ ਲਵੋ ਤੇ ਕਾਣੇ ਫਲ ਤੋੜ ਕੇ ਜ਼ਮੀਨ 'ਚ ਦਬਾ ਦੇਵੋ। ਕੀੜੇ ਦੇ ਹਮਲਾ ਵੇਲੇ 80 ਮਿਲੀਲਿਟਰ ਕੋਰਾਜ਼ਨ 18.5 ਐੱਸਸੀ (ਕਲੋਰਐਂਟਰਾਨੀਲੀਪਰੋਲ) ਜਾਂ 80 ਗ੍ਰਾਮ ਪ੍ਰੋਕਲੇਮ 5 ਐੱਸਜੀ (ਐਮਾਮੈਕਟਿਨ ਬੈਂਜੋਏਟ) ਜਾਂ 100 ਮਿਲੀਲਿਟਰ ਸੁਮੀਸੀਡੀਨ 20 ਈਸੀ (ਫੈਨਵਲਰੇਟ) ਜਾਂ 200 ਮਿਲੀਲਿਟਰ ਰਿਪਕਾਰਡ 10 ਈਸੀ (ਸਾਈਪਰਮੈਥਰਿਨ) ਜਾਂ 160 ਮਿਲੀਲਿਟਰ ਡੈਸਿਸ 2.8 ਈਸੀ (ਡੈਲਟਾਮੈਥਰਿਨ) ਜਾਂ 800 ਮਿਲੀਲਿਟਰ ਏਕਾਲਕਸ 25 ਈਸੀ (ਕੁਇਨਲਫਾਸ) 100 ਤੋਂ 125 ਲੀਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ 3-4 ਵਾਰ 14 ਦਿਨਾਂ ਦੇ ਵਕਫ਼ੇ 'ਤੇ ਛਿੜਕੋ। ਪ੍ਰੋਕਲੇਮ ਦੇ ਛਿੜਕਾਅ ਤੋਂ ਬਾਅਦ 3 ਦਿਨ, ਏਕਾਲਕਸ ਦੇ 4 ਦਿਨ ਤੇ ਕੋਰਾਜ਼ਨ ਦੇ ਛਿੜਕਾਅ ਤੋਂ ਬਾਅਦ 7 ਦਿਨ ਤਕ ਫਲ ਨਾ ਤੋੜੋ।

### ਹੱਡਾ ਭੂੰਡੀ

ਭੂੰਡੀ ਤੇ ਬੱਚਾ ਦੋਵੇਂ ਬੈਂਗਣਾਂ ਦੀ ਫ਼ਸਲ ਦਾ ਨੁਕਸਾਨ ਕਰਦੇ ਹਨ। ਭੂੰਡੀ ਗੂੜੇ ਤਾਂਬੇ ਰੰਗੀ ਹੁੰਦੀ ਹੈ ਤੇ ਖੰਭਾਂ ਉੱਪਰ 28 ਕਾਲੇ ਧੱਬੇ ਹੁੰਦੇ ਹਨ। ਬਾਲਗ ਪੀਲੇ ਰੰਗ ਦਾ ਹੁੰਦਾ ਹੈ। ਮਾਦਾ ਮਾਰਚ-ਅਪ੍ਰੈਲ 'ਚ ਸਿਗਾਰ ਦੀ ਸ਼ਕਲ ਦੇ ਆਂਡੇ ਦਿੰਦੀ ਹੈ। ਪੂਰੇ ਜੀਵਨ ਚੱਕਰ 'ਚ ਇਹ ਭੂੰਡੀ 400 ਆਂਡੇ ਦਿੰਦੀ ਹੈ ਤੇ ਪੱਤਿਆਂ ਨੂੰ ਖਾਂਦੀ ਹੈ। ਕੋਆ ਗੂੜੇ ਰੰਗ ਦਾ ਪੱਤਿਆ ਦੇ ਹੇਠਲੇ ਪਾਸੇ ਹੁੰਦਾ ਹੈ।

### ਜੈਸਿਡ

ਜੈਸਿਡ ਦੇ ਹਮਲੇ ਕਾਰਨ ਪੱਤੇ ਪਹਿਲਾਂ ਪੀਲੇ ਤੇ ਬਾਅਦ 'ਚ ਤਾਂਬੇ ਰੰਗੇ ਹੋ ਕੇ ਝੜ ਜਾਂਦੇ ਹਨ। ਹਰੇ ਰੰਗ ਦੇ ਇਹ ਕੀੜੇ ਪੱਤਿਆਂ ਹੇਠ ਰਹਿੰਦੇ ਹਨ।

**ਰੋਕਥਾਮ** : ਜੈਸਿਡ ਤੇ ਹੱਡਾ ਭੂੰਡੀ ਦੇ ਹਮਲੇ ਵੇਲੇ 250 ਮਿਲੀਲਿਟਰ ਮੈਲਾਥਿਅਨ 50 ਈਸੀ ਪ੍ਰਤੀ ਏਕੜ 10 ਦਿਨਾਂ ਦੇ ਵਕਫ਼ੇ ਨਾਲ ਛਿੜਕੋ।

### ਮਕੌੜਾ ਜੂੰ

ਮਕੌੜਾ ਜੂੰ ਦਾ ਹਮਲਾ ਗਰਮ-ਖ਼ੁਸ਼ਕ ਮੌਸਮ (ਅਪ੍ਰੈਲ ਤੋਂ ਜੂਨ) 'ਚ ਜ਼ਿਆਦਾ ਹੁੰਦਾ ਹੈ। ਪੱਤਿਆਂ 'ਤੇ ਚਿੱਟੇ ਧੱਬੇ ਪੈ ਜਾਂਦੇ ਹਨ ਅਤੇ ਪੱਤਿਆਂ 'ਤੇ ਜਾਲੇ ਬਣ ਜਾਂਦੇ ਹਨ ਤੇ ਪੱਤੇ ਝੜ ਜਾਂਦੇ ਹਨ।

**ਰੋਕਥਾਮ** : ਬੈਂਗਣ ਦੀ ਮੁਢੀ ਫ਼ਸਲ ਨਾ ਰੱਖੋ। ਅਪ੍ਰੈਲ ਤੋਂ ਜੂਨ ਦੌਰਾਨ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਸਿੰਚਾਈ ਕਰਦੇ ਰਹੋ। ਰੋਕਥਾਮ ਲਈ 300 ਮਿਲੀਲਿਟਰ ਉਮਾਈਟ 57 ਈਸੀ ਜਾਂ 450 ਮਿਲੀਲਿਟਰ ਫਾਸਮਾਈਟ 50 ਈਸੀ ਜਾਂ 250 ਮਿਲੀਲਿਟਰ ਮੈਟਾਸਿਸਟਾਕਸ 25 ਈਸੀ ਨੂੰ 100 ਲੀਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਛਿੜਕੋ।

## ਭਿੰਡੀ

### ਤੇਲਾ (ਜੈਸਿਡ)

ਰਸ ਚੂਸਣ ਵਾਲਾ ਇਹ ਕੀੜਾ ਕਪਾਹ, ਭਿੰਡੀ, ਆਲੂ, ਬੈਂਗਣ ਤੇ ਨਦੀਨਾਂ 'ਤੇ ਵੀ ਪਾਇਆ ਜਾਂਦਾ ਹੈ। ਇਸ ਦਾ ਬਾਲਗ ਤੇ ਬੱਚਾ ਦੋਵੇਂ ਨੁਕਸਾਨ ਕਰਦੇ ਹਨ। ਬੱਚੇ 7-21 ਦਿਨਾਂ 'ਚ ਬਾਲਗ ਬਣ ਜਾਂਦੇ ਹਨ। ਖੰਭਾਂ ਵਾਲੇ ਬਾਲਗ ਹਿੱਲ-ਜੁੱਲ ਨਾਲ ਉੱਡ ਜਾਂਦੇ ਹਨ ਤੇ ਰਾਤ ਸਮੇਂ ਰੋਸ਼ਨੀ ਵੱਲ ਆਕਰਸ਼ਿਤ ਹੁੰਦੇ ਹਨ।

**ਨੁਕਸਾਨ** : ਇਹ ਕੀੜੇ ਫ਼ਸਲ 'ਤੇ ਮਈ ਤੋਂ ਸਤੰਬਰ ਤਕ ਹਮਲਾ ਕਰਦੇ ਹਨ ਤੇ ਪੌਦਿਆਂ ਦਾ ਰਸ ਚੂਸ ਕੇ ਨੁਕਸਾਨ ਕਰਦੇ ਹਨ। ਹਮਲੇ ਵਾਲੇ ਪੱਤਿਆਂ ਦਾ ਰੰਗ ਪਹਿਲਾਂ ਪੀਲਾ ਤੇ ਫਿਰ ਲਾਲ ਹੋ ਜਾਂਦਾ ਹੈ। ਪ੍ਰਭਾਵਿਤ ਪੱਤੇ ਉੱਪਰ ਵੱਲ ਮੁੜ ਜਾਂਦੇ ਹਨ ਤੇ ਸੁੱਕ ਕੇ ਝੜ ਜਾਂਦੇ ਹਨ।

**ਰੋਕਥਾਮ** : ਭਿੰਡੀ ਦੀ 'ਪੰਜਾਬ-8' ਕਿਸਮ ਤੇਲੇ ਦੇ ਹਮਲੇ ਨੂੰ ਕੁਝ ਹੱਦ ਤਕ ਸਹਾਰ ਸਕਦੀ ਹੈ। ਰਸ ਚੂਸਣ ਵਾਲੇ ਕੀੜਿਆਂ ਤੋਂ ਬਚਾਅ ਲਈ 15 ਦਿਨ ਦੇ ਵਕਫ਼ੇ ਨਾਲ ਇਕ ਜਾ ਦੋ ਵਾਰ 40 ਮਿਲੀਲਿਟਰ ਕੌਨਫੀਡੋਰ 17.8 ਐੱਸਐੱਲ (ਇਮੀਡਾਕਲੋਪਰਿਡ) ਜਾਂ 40 ਗ੍ਰਾਮ ਐਕਟਾਰਾ 25 ਡਬਲਿਊਜੀ (ਥਾਇਆਮੈਥੋਕਸਮ) ਜਾਂ 560 ਮਿਲੀਲਿਟਰ ਮੈਲਾਥਿਆਨ 50 ਈਸੀ ਨੂੰ 100-125 ਲੀਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਛਿੜਕੋ। ਕੌਨਫੀਡੋਰ ਜਾਂ ਐਕਟਾਰਾ ਦੇ ਛਿੜਕਾਅ ਤੋਂ ਇਕ ਦਿਨ ਬਾਅਦ ਤਕ ਫਲ ਨਾ ਤੋੜੋ।

### ਚਿਤਕਬਰੀ ਸੁੰਡੀ

ਇਸ ਦੀਆਂ ਦੋ ਕਿਸਮਾਂ ਹਨ - ਏਰੀਅਸ ਇਨਸੂਲਾਨਾ ਤੇ ਏਰੀਅਸ ਵਾਈਟੈਲਾ। ਏਰੀਅਸ ਇਨਸੂਲਾਨਾ ਦੇ ਪਤੰਗੇ ਦੇ ਉੱਪਰਲੇ ਖੰਭ ਪੀਲੇ ਹੁੰਦੇ ਹਨ, ਜਿਨ੍ਹਾਂ 'ਤੇ ਚੌੜੀ ਹਰੀ ਪੱਟੀ ਹੁੰਦੀ ਹੈ। ਏਰੀਅਸ ਵਾਈਟੈਲਾ ਦੇ ਪਤੰਗੇ ਦੇ ਉੱਪਰਲੇ ਖੰਭ ਪੂਰੇ ਹਰੇ ਹੁੰਦੇ ਹਨ। ਮਾਦਾ ਅਪ੍ਰੈਲ ਮਹੀਨੇ ਵਿਚ 200-400 ਆਂਡੇ ਇਕੱਲੇ-ਇਕੱਲੇ ਫੁੱਲ-ਡੋਡੀਆਂ ਤੇ ਕਰੂੰਬਲਾਂ 'ਤੇ ਦਿੰਦੀ ਹੈ। ਸੁੰਡੀ ਦਾ ਜੀਵਨ 10-16 ਦਿਨ ਦਾ ਹੁੰਦਾ ਹੈ। ਭੂਰੇ ਰੰਗ ਦਾ ਕੋਆ ਹੇਠਾਂ ਡਿੱਗੇ ਹੋਏ ਪੱਤਿਆਂ 'ਤੇ ਮਿਲਦਾ ਹੈ।

**ਰੋਕਥਾਮ** : ਪੰਜਾਬ-8 ਕਿਸਮ ਇਸ ਦਾ ਹਮਲਾ ਕੁਝ ਹੱਦ ਤਕ ਸਹਾਰ ਸਕਦੀ ਹੈ। ਹਮਲੇ ਵਾਲੇ ਫਲ ਤੋੜ ਕੇ ਡੂੰਘੇ ਨੱਪ ਦਿਉ। ਫੁੱਲ ਪੈਣ ਤੋਂ 15 ਦਿਨ ਦੇ ਵਕਫ਼ੇ ਤੇ ਤਿੰਨ ਛਿੜਕਾਅ 70 ਗ੍ਰਾਮ ਪ੍ਰੋਕਲੇਮ 0.5 ਐੱਸਜੀ (ਐਮਾਮੈਕਟਿਨ ਬੈਂਜੋਏਟ) ਜਾਂ 100 ਮਿਲੀਲਿਟਰ ਸੁਮੀਸੀਡੀਨ 20 ਈਸੀ (ਫੈਨਵੈਲਰੇਟ) ਜਾਂ 80 ਮਿਲੀਲਿਟਰ ਸਿੰਬੁਸ਼ 25 ਈਸੀ (ਸਾਈਪਰਮੈਥਰਿਨ) ਨੂੰ 100-125 ਲੀਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਛਿੜਕੋ।

### ਲਾਲ ਮਕੌੜਾ ਜੂੰ

ਇਹ ਪੱਤਿਆਂ ਦਾ ਰਸ ਚੂਸਦੀ ਹੈ। ਪੱਤਿਆਂ 'ਤੇ ਜਾਲੇ ਲੱਗ ਜਾਂਦੇ ਹਨ ਤੇ ਸੁੱਕ ਕੇ ਝੜ ਜਾਂਦੇ ਹਨ।

**ਰੋਕਥਾਮ** : ਇਸ ਦੀ ਰੋਕਥਾਮ ਲਈ 250 ਮਿਲੀਲਿਟਰ ਮੈਟਾਸਿਸਟਾਕਸ 25 ਈਸੀ (ਔਕਸੀਡੈਮੇਟੋਨ ਮਿਥਾਈਲ) ਜਾਂ ਰੋਗਰ 30 ਈਸੀ (ਡਾਈਮੈਥੋਏਟ) ਪ੍ਰਤੀ ਏਕੜ 100 ਤੋਂ 125 ਲੀਟਰ ਪਾਣੀ 'ਚ ਘੋਲ ਕੇ ਛਿੜਕੋ।

## ਟਮਾਟਰ

### ਫਲ ਦਾ ਗੜੂੰਆਂ

ਇਹ ਕੀੜਾ ਟਮਾਟਰ ਤੋਂ ਇਲਾਵਾ ਦਾਲਾਂ, ਨਰਮਾ, ਬਰਸੀਮ ਆਦਿ ਦਾ ਵੀ ਨੁਕਸਾਨ ਕਰਦਾ ਹੈ। ਪੀਲੇ ਭੂਰੇ ਰੰਗ ਦੇ ਪਤੰਗੇ ਕਰੂੰਬਲਾਂ ਦੇ ਉੱਪਰ ਤੇ ਹੇਠਲੇ ਹਿੱਸੇ 'ਤੇ ਆਂਡੇ ਦਿੰਦੇ ਹਨ। ਸੁੰਡੀਆਂ ਦੀਆਂ ਸਾਰੀਆਂ ਅਵਸਥਾਵਾਂ ਨੁਕਸਾਨਦਾਇਕ ਹਨ। ਸੁੰਡੀਆਂ ਦੇ ਸਰੀਰ ਦੇ ਦੋਵਾਂ ਪਾਸਿਆਂ 'ਤੇ ਗੂੜ੍ਹੀਆਂ ਸੁਰਮਈ ਧਾਰੀਆਂ ਹੁੰਦੀਆਂ ਹਨ। ਆਂਡਿਆਂ 'ਚੋਂ ਨਿਕਲੀਆਂ ਸੁੰਡੀਆਂ ਪੱਤੇ ਖਾਂਦੀਆਂ ਹਨ। ਇਹ ਸੁੰਡੀਆਂ ਵੱਡੀ ਅਵਸਥਾ ਵਿਚ ਫਲਾਂ 'ਚ ਛੇਕ ਕਰ ਕੇ ਨੁਕਸਾਨ ਕਰਦੀਆਂ ਹਨ। ਅਜਿਹੇ ਫਲ ਮੰਡੀਕਰਨ ਤੇ ਖਾਣ ਦੇ ਯੋਗ ਨਹੀਂ ਰਹਿੰਦੇ। ਇਸ ਨਾਲ ਝਾੜ ਦਾ ਕਾਫ਼ੀ ਨੁਕਸਾਨ ਹੁੰਦਾ ਹੈ।

**ਰੋਕਥਾਮ** : 60 ਮਿਲੀਲਿਟਰ ਕੋਰਾਜਨ 18.5 ਐੱਸਸੀ (ਕਲੋਰਐਂਟਰਾਨੀਲੀਪਰੋਲ) ਜਾਂ 30 ਮਿਲੀਲਿਟਰ ਫੇਮ 480 ਐੱਸਐੱਲ (ਫਲੂਬੈਂਡੀਆਮਾਈਡ) ਜਾਂ 200 ਮਿਲੀਲਿਟਰ ਇੰਡੋਕਸਾਕਾਰਬ 14.5 ਐੱਸਸੀ ਜਾਂ 600 ਮਿਲੀਲਿਟਰ ਕਰੀਨਾ 50 ਈਸੀ (ਪਰੋਫੀਨੋਫੋਸ) ਵਿਚੋਂ ਕਿਸੇ ਇਕ ਨੂੰ ਫ਼ਸਲ ਉੱਪਰ ਫੁੱਲ ਆਉਣ 'ਤੇ ਪ੍ਰਤੀ ਏਕੜ 100 ਲੀਟਰ ਪਾਣੀ 'ਚ ਘੋਲ ਕੇ ਤਿੰਨ ਛਿੜਕਾਅ ਦੋ ਹਫ਼ਤਿਆਂ ਦੇ ਫ਼ਰਕ ਨਾਲ ਕਰੋ। ਛਿੜਕਾਅ ਤੋਂ ਪਹਿਲਾਂ ਪੱਕੇ ਫਲ ਤੋੜ ਲਉ। ਕੋਰਾਜ਼ਨ ਦੇ ਛਿੜਕਾਅ ਤੋਂ ਪਿੱਛੋਂ ਇਕ ਦਿਨ ਅਤੇ ਫੇਮ ਦੇ ਛਿੜਕਾਅ ਤੋਂ ਬਾਅਦ ਤਿੰਨ ਦਿਨ ਤਕ ਫਲ ਨਾ ਤੋੜੋ।

### ਚਿੱਟੀ ਮੱਖੀ

ਇਹ ਬਹੁਫ਼ਸਲੀ ਕੀੜਾ ਹੈ ਜੋ ਕਿ ਫਸਲਾਂ ਤੋਂ ਇਲਾਵਾ ਨਦੀਨਾਂ ਉੱਪਰ ਵੀ ਪਾਇਆ ਜਾਂਦਾ ਹੈ। ਇਸ ਦੇ ਬੱਚੇ ਹਲਕੇ ਪੀਲੇ, ਗੋਲਾਕਾਰ ਤੇ ਸੁਸਤ ਹੁੰਦੇ ਹਨ, ਜੋ ਅਕਸਰ ਪੱਤੇ ਦੇ ਹੇਠਲੇ ਪਾਸੇ ਝੁੰਡਾਂ 'ਚ ਨਜ਼ਰ ਆਉਂਦੇ ਹਨ। ਇਹ ਪੱਤਿਆਂ ਦਾ ਰਸ ਚੂਸਦੇ ਹੋਏ ਤਿੰਨ ਅਵਸਥਾਵਾਂ 'ਚੋਂ ਗੁਜ਼ਰਦੇ ਹੋਏ ਕੋਏ ਦੀ ਅਵਸਥਾ 'ਚ ਪੁੱਜਦੇ ਹਨ। ਇਸ ਦੇ ਬਾਲਗ 1.5 ਮਿਲੀਮਿਟਰ ਲੰਬੇ, ਪੀਲੇ ਰੰਗ ਦੇ ਹੁੰਦੇ ਹਨ, ਜਿਨ੍ਹਾਂ ਦੇ ਖੰਭ ਚਿੱਟੇ ਮੋਮੀ ਪਦਾਰਥ ਨਾਲ ਢਕੇ ਹੁੰਦੇ ਹਨ। ਪਤੰਗੇ ਵੀ ਪੱਤਿਆਂ ਦਾ ਰਸ ਚੂਸ ਕੇ ਫ਼ਸਲ ਦਾ ਨੁਕਸਾਨ ਕਰਦੇ ਹਨ। ਹਮਲੇ ਵਾਲੇ ਬੂਟੇ ਦੋ ਤਰ੍ਹਾਂ ਨਾਲ ਪ੍ਰਭਾਵਿਤ ਹੁੰਦੇ ਹਨ- ਰਸ ਚੂਸਣ ਕਰਕੇ ਬੂਟੇ ਛੋਟੇ ਰਹਿ ਜਾਂਦੇ ਹਨ, ਦੂਜਾ-ਬੂਟਿਆਂ ਦੀ ਭੋਜਨ ਬਣਾਉਣ ਦੀ ਪ੍ਰਕਿਰਿਆ ਪ੍ਰਭਾਵਿਤ ਹੁੰਦੀ ਹੈ ਕਿਉਂਕਿ ਪੱਤਿਆਂ ਉੱਪਰ ਕਾਲੀ ਉੱਲੀ ਲੱਗ ਜਾਂਦੀ ਹੈ। ਝਾੜ 'ਤੇ ਕਾਫੀ ਮਾੜਾ ਅਸਰ ਪੈਂਦਾ ਹੈ। ਇਹ ਕੀੜਾ ਵਿਸ਼ਾਣੂ ਰੋਗ (ਪੱਤਾ ਮਰੋੜ ਵਿਸ਼ਾਣੂ) ਵੀ ਫ਼ੈਲਾਉਂਦਾ ਹੈ।

**ਰੋਕਥਾਮ** : ਇਸ ਦੀ ਰੋਕਥਾਮ ਲਈ 400 ਮਿਲੀਲਿਟਰ ਮੈਲਾਥਿਆਨ 50 ਈਸੀ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲੀਟਰ ਪਾਣੀ 'ਚ ਘੋਲ ਕੇ ਫਲ ਪੈਣ ਤੋਂ ਪਹਿਲਾਂ ਛਿੜਕੋ।

### ਚੇਪਾ

ਟਮਾਟਰ ਉੱਪਰ ਰਸ ਚੂਸਣ ਵਾਲੇ ਕੀੜਿਆਂ 'ਚੋਂ ਚੇਪਾ ਕਾਫ਼ੀ ਨੁਕਸਾਨ ਕਰਦਾ ਹੈ। ਇਸ ਦੇ ਬੱਚੇ ਤੇ ਬਾਲਗ ਦੋਵੇਂ ਹੀ ਪੱਤਿਆਂ ਦਾ ਰਸ ਚੂਸਦੇ ਹਨ, ਜਿਸ ਕਾਰਨ ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ ਤੇ ਉਹ ਕਮਜ਼ੋਰ ਰਹਿ ਜਾਂਦੇ ਹਨ। ਹਮਲੇ ਕਾਰਨ ਕਰੂੰਬਲਾਂ ਮੁਰਝਾਅ ਜਾਂਦੀਆਂ ਹਨ ਤੇ ਪੱਤੇ ਝੁਲਸੇ ਹੋਏ ਨਜ਼ਰ ਆਉਂਦੇ ਹਨ।

**ਰੋਕਥਾਮ** : ਇਸ ਦੀ ਰੋਕਥਾਮ ਲਈ 400 ਮਿਲੀਲਿਟਰ ਮੈਲਾਥਿਆਨ 50 ਈਸੀ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲੀਟਰ ਪਾਣੀ 'ਚ ਘੋਲ ਕੇ ਫਲ ਪੈਣ ਤੋਂ ਪਹਿਲਾਂ ਛਿੜਕੋ। •

# "ਅੱਜ ਭਾਰਤ ਦੀ ਸੰਵਿਧਾਨਕ ਵਿਰਾਸਤ ਨਾਲ ਜੁੜਨ ਅਤੇ ਇਸ ਦੇ ਸ਼ੁਰੂਆਤੀ ਵਿਧਾਇਕਾਂ ਦੀ ਦੂਰਦ੍ਰਿਸ਼ਟੀ ਤੋਂ ਪ੍ਰੇਰਣਾ ਲੈਣ ਦੀ ਬਹੁਤ ਜ਼ਰੂਰਤ ਹੈ": ਵਿਜੇਂਦਰ ਗੁਪਤਾ

ਕੌਮੀ ਪੱਤ੍ਰਿਕਾ

ਨਵੀਂ ਦਿੱਲੀ, 10 ਜੁਲਾਈ: ਦਿੱਲੀ ਵਿਧਾਨ ਸਭਾ ਨੇ ਅੱਜ "1911-1946 ਦੇ ਪੂਰਵ-ਅਜ਼ਾਦੀ ਭਾਰਤ ਦੀਆਂ ਸੰਸਦੀ ਪ੍ਰਣਾਲੀਆਂ ਅਤੇ ਅਜ਼ਾਦੀ ਸੰਘਰਸ਼ ਵਿੱਚ ਭਾਰਤੀ ਪ੍ਰਤੀਨਿਧੀਆਂ ਦੀ ਭੂਮਿਕਾ"ਵਿਸ਼ੇ 'ਤੇ ਇੱਕ ਇਤਿਹਾਸਕ ਸੰਗੋਸ਼ਠੀ ਦਾ ਆਯੋਜਨ ਕੀਤਾ। ਇਸ ਸੰਗੋਸ਼ਠੀ ਵਿੱਚ ਦੇਸ਼ ਦੇ ਪ੍ਰਤਿਸ਼ਠਤ ਵਿਦਵਾਨਾਂ, ਸਿੱਖਿਆ ਸ਼ਾਸਤਰੀਆਂ ਅਤੇ ਜਨਤਕ ਬੁੱਧੀਜੀਵੀਆਂ ਨੇ ਹਿੱਸਾ ਲਿਆ ਅਤੇ ਭਾਰਤ ਦੇ ਅਜ਼ਾਦੀ ਅੰਦੋਲਨ ਨੂੰ ਮਜ਼ਬੂਤ ਕਰਨ ਵਾਲੀਆਂ ਵਿਧਾਇਕ ਪਰੰਪਰਾਵਾਂ ਅਤੇ ਵਿਚਾਰਧਾਰਕ ਅਧਾਰਾਂ 'ਤੇ ਸੰਵਾਦ ਕੀਤਾ। "ਉਪਨਿਵੇਸ਼ੀ ਪਾਬੰਦੀਆਂ ਦੇ ਬਾਵਜੂਦ ਭਾਰਤੀ ਵਿਧਾਇਕਾਂ ਨੇ ਜਿਸ ਸਿਆਸੀ ਪਰਿਪੱਕਤਾ ਅਤੇ ਨੈਤਿਕ ਸਪੱਸ਼ਟਤਾ ਦਾ ਪਰਿਚਯ ਦਿੱਤਾ, ਉਹ ਅਜ਼ਾਦ ਭਾਰਤ ਦੀ ਸੰਸਦੀ ਨੀਂਹ ਬਣ ਗਈ।"ਮੁੱਖ ਵਕਤਾ ਦੇ ਰੂਪ ਵਿੱਚ ਸਾਬਕਾ ਸੰਸਦ ਮੈਂਬਰ, ਭਾਰਤੀ ਸਭਿਆਚਾਰਕ ਸੰਬੰਧ ਪਰਿਸ਼ਦ (ਆਈ.ਸੀ.ਸੀ.ਆਰ.) ਦੇ ਸਾਬਕਾ ਪ੍ਰਧਾਨ ਅਤੇ ਰਾਮਭਾਊ ਮਹਾਲਗੀ ਪ੍ਰਬੋਧਿਨੀ ਦੇ ਉਪ-ਪ੍ਰਧਾਨ ਸ੍ਰੀ ਵਿਨੈ ਸਹਿਸਰਬੁੱਧੇ ਨੇ ਆਪਣੇ ਸੰਬੋਧਨ ਵਿੱਚ ਅੱਜ ਇਹ ਗੱਲ ਕਹੀ। ਉਨ੍ਹਾਂ ਨੇ ਅੱਗੇ ਕਿਹਾ ਕਿ ਭਾਰਤ ਦੀ ਲੋਕਤੰਤਰੀ ਚੇਤਨਾ ਕਿਸੇ ਉਪਨਿਵੇਸ਼ੀ ਵਿਵਸਥਾ ਦੀ ਦੇਣ ਨਹੀਂ, ਸਗੋਂ ਇਸ ਦੀਆਂ ਜੜ੍ਹਾਂ ਭਾਰਤ ਦੀ ਹਜ਼ਾਰਾਂ ਸਾਲ ਪੁਰਾਣੀ ਸੰਵਾਦ, ਅਸਹਿਮਤੀ ਅਤੇ ਵਿਮਰਸ਼ ਦੀ ਪਰੰਪਰਾ ਵਿੱਚ ਹਨ। ਉਨ੍ਹਾਂ ਨੇ ਵਿਠਲਭਾਈ ਪਟੇਲ ਅਤੇ ਭਗਤ ਸਿੰਘ ਵਰਗੇ ਆਗੂਆਂ ਦੇ ਯੋਗਦਾਨ ਨੂੰ ਯਾਦ ਕਰਦੇ ਹੋਏ ਸੰਸਥਾਗਤ ਜਵਾਬਦੇਹੀ ਅਤੇ ਲੋਕਤੰਤਰੀ ਆਧੁਨਿਕੀਕਰਣ ਦੀ ਲੋੜ 'ਤੇ ਜ਼ੋਰ ਦਿੱਤਾ। ਸ੍ਰੀ ਰਾਮ ਬਹਾਦੁਰ ਰਾਏ, ਇੰਦਿਰਾ ਗਾਂਧੀ ਰਾਸ਼ਟਰੀ ਕਲਾ ਕੇਂਦਰ ਦੇ ਪ੍ਰਧਾਨ, ਨੇ ਦਿੱਲੀ ਵਿਧਾਨ ਸਭਾ ਦੇ ਇਸ ਯਤਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸ਼ੁਰੂਆਤੀ ਸੰਸਦੀ ਇਤਿਹਾਸ ਨੂੰ ਮੁੜ ਯਾਦ ਕਰਨਾ ਸਾਡੇ ਲੋਕਤੰਤਰੀ ਮਾਨਸ ਨੂੰ ਸਮ੍ਰਿੱਧ ਕਰਦਾ ਹੈ। ਲਾਲ-ਬਾਲ-ਪਾਲ ਦੀ ਵਿਚਾਰਧਾਰਕ ਤਿਕੜੀ ਦੇ ਨਾਲ ਸ੍ਰੀ ਅਰਵਿੰਦ ਦੇ ਯੋਗਦਾਨ ਨੂੰ ਰੇਖਾਂਕਿਤ ਕਰਦੇ ਹੋਏ ਉਨ੍ਹਾਂ ਨੇ ਕਿਹਾ, "ਉਨ੍ਹਾਂ ਦੀ ਚੇਤਨਾ ਦੀ ਅੱਗ ਲੰਡਨ ਤੱਕ ਪਹੁੰਚੀ—ਇਹ ਸਾਡੀ ਅਜ਼ਾਦੀ ਦੀ ਵਿਸ਼ਵਵਿਆਪੀ ਪ੍ਰਤੀਧਵਨੀ ਸੀ।"ਸ੍ਰੀ ਰਾਏ ਨੇ ਪੰਡਿਤ ਮਦਨ ਮੋਹਨ ਮਾਲਵੀਆ ਨੂੰ ਸ਼ਰਧਾਂਜਲੀ ਅਰਪਿਤ ਕਰਦੇ ਹੋਏ ਉਨ੍ਹਾਂ ਦੇ 6 ਫਰਵਰੀ 1919 ਨੂੰ ਰੌਲਟ ਐਕਟ ਦੇ ਵਿਰੋਧ ਵਿੱਚ ਦਿੱਤੇ ਗਏ 5 ਘੰਟਿਆਂ ਦੇ ਇਤਿਹਾਸਕ ਭਾਸ਼ਣ ਦਾ ਜ਼ਿਕਰ ਕੀਤਾ, ਜਿਸ ਨੂੰ ਸਵੈਂ ਗਾਂਧੀ ਜੀ ਨੇ ਸ਼ਲਾਘਾ ਕੀਤੀ ਸੀ। ਵਿਧਾਨ ਸਭਾ ਸਪੀਕਰ ਸ੍ਰੀ ਵਿਜੇਂਦਰ ਗੁਪਤਾ ਨੇ ਆਪਣੇ ਬਿਆਨ ਵਿੱਚ ਭਾਰਤ ਦੀ ਸੰਵਿਧਾਨਕ ਵਿਰਾਸਤ ਨਾਲ ਮੁੜ ਜੁੜਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਪੰਡਿਤ ਮਾਲਵੀਆ ਅਤੇ ਵਿਠਲਭਾਈ ਪਟੇਲ ਵਰਗੇ ਆਗੂਆਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇੱਕ ਸਦੀ ਪਹਿਲਾਂ ਵੀ ਸਾਡੇ ਵਿਧਾਇਕ ਪ੍ਰਤੀਨਿਧੀ ਲੋਕਤੰਤਰ, ਨਾਗਰਿਕ ਸੁਤੰਤਰਤਾ ਅਤੇ ਸਦਨ ਦੀ ਮਰਿਆਦਾ ਦੇ ਪ੍ਰਤੀਕ ਸਨ। ਸ੍ਰੀ ਗੁਪਤਾ ਨੇ ਕਿਹਾ ਕਿ ਇਹ ਸੰਗੋਸ਼ਠੀ ਇੱਕ ਲੰਮੇ ਸਮੇਂ ਦੀ ਸਿੱਖਿਆ ਸੰਬੰਧੀ ਪਹਿਲ ਦੀ ਸ਼ੁਰੂਆਤ ਹੈ, ਜਿਸ ਦਾ ਉਦੇਸ਼ ਭਾਰਤ ਦੀਆਂ ਪੂਰਵ-ਅਜ਼ਾਦੀ ਵਿਧਾਇਕ ਪਰੰਪਰਾਵਾਂ ਦਾ ਦਸਤਾਵੇਜ਼ੀਕਰਣ ਕਰਨਾ ਅਤੇ ਇਸ ਨੂੰ ਜਨਮਾਨਸ ਨਾਲ ਜੋੜਨਾ ਹੈ। ਪ੍ਰੋ. ਸੰਤੋਸ਼ ਕੁਮਾਰ ਰਾਏ ਨੇ "ਪਰਿਸ਼ਦ ਤੋਂ ਪਰਿਸਰ ਤੱਕ: ਦਿੱਲੀ ਯੂਨੀਵਰਸਿਟੀ ਦੇ ਨਿਰਮਾਣ ਵਿੱਚ ਕੇਂਦਰੀ ਵਿਧਾਨ ਸਭਾ ਦੀ ਭੂਮਿਕਾ"ਵਿਸ਼ੇ 'ਤੇ ਆਪਣੇ ਬਿਆਨ ਵਿੱਚ ਦੱਸਿਆ ਕਿ ਕਿਵੇਂ ਵਿਧਾਇਕ ਵਿਮਰਸ਼ਾਂ ਨੇ ਦਿੱਲੀ ਨੂੰ ਇੱਕ ਪ੍ਰਮੁੱਖ ਸਿੱਖਿਆ ਕੇਂਦਰ ਦੇ ਰੂਪ ਵਿੱਚ ਵਿਕਸਿਤ ਕੀਤਾ। ਉਨ੍ਹਾਂ ਨੇ ਇਸ ਨੂੰ ਸਵੈ-ਨਿਰਣਯ ਅਤੇ ਸਵਦੇਸ਼ੀ ਬੌਧਿਕ ਸ਼ਕਤੀ ਨਿਰਮਾਣ ਦਾ ਹਿੱਸਾ ਦੱਸਿਆ। ਪ੍ਰੋ. ਮਨੀਸ਼ਾ ਚੌਧਰੀ ਨੇ "ਅਸਥਾਈ ਉਪਨਿਵੇਸ਼ੀ ਰਾਜਧਾਨੀ ਦਾ ਨਿਰਮਾਣ"ਵਿਸ਼ੇ 'ਤੇ ਆਪਣਾ ਸ਼ੋਧ ਪੱਤਰ ਪੇਸ਼ ਕੀਤਾ। ਉਨ੍ਹਾਂ ਨੇ ਦੱਸਿਆ ਕਿ ਕਿਵੇਂ ਸ਼ਹਿਰੀ ਨਿਯੋਜਨ, ਵਾਸਤੂਸ਼ਿਲਪ ਪ੍ਰਤੀਕ ਅਤੇ ਪ੍ਰਸ਼ਾਸਨਕ ਪੁਨਰਗਠਨ ਵਿੱਚ ਉਪਨਿਵੇਸ਼ੀ ਮਨਸ਼ਾ ਅਤੇ ਰਾਸ਼ਟਰਵਾਦੀ ਆਕਾਂਖਿਆਵਾਂ ਇੱਕਠੀਆਂ ਪ੍ਰਗਟ ਹੋਈਆਂ। ਉਨ੍ਹਾਂ ਦੇ ਅਨੁਸਾਰ, ਦਿੱਲੀ ਦੀ ਭੂਗੋਲਿਕ ਸਿਆਸਤ ਇੱਕ ਵਿਆਪਕ ਸੰਘਰਸ਼ ਦਾ ਪ੍ਰਤੀਕ ਸੀ। ਇਸ ਮੌਕੇ 'ਤੇ ਮਾਨਯੋਗ ਉਪ-ਸਪੀਕਰ ਸ੍ਰੀ ਮੋਹਨ ਸਿੰਘ ਬਿਸ਼ਟ ਨੇ ਵੀ ਸੰਗੋਸ਼ਠੀ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜ਼ਾਦੀ ਸੰਘਰਸ਼ ਦੇ ਵਿਧਾਇਕ ਪੱਖ ਨੂੰ ਸਮਝਣਾ ਜ਼ਰੂਰੀ ਹੈ ਤਾਂ ਜੋ ਅਸੀਂ ਉਨ੍ਹਾਂ ਸੰਵਿਧਾਨਕ ਮੁੱਲਾਂ ਨੂੰ ਅਪਣਾ ਸਕੀਏ ਜਿਨ੍ਹਾਂ 'ਤੇ ਭਾਰਤ ਦੀ ਲੋਕਤੰਤਰੀ ਨੀਂਹ ਟਿਕੀ ਹੈ। ਦਿੱਲੀ ਵਿਧਾਨ ਸਭਾ ਵਿੱਚ ਮੁੱਖ ਸਕੱਤਰ ਸ੍ਰੀ ਅਭੈ ਵਰਮਾ ਦੇ ਨਾਲ-ਨਾਲ ਹੋਰ ਵਿਧਾਇਕ ਵੀ ਮੌਜੂਦ ਸਨ। ਸੰਗੋਸ਼ਠੀ ਵਿੱਚ ਵਿਧਾਇਕਾਂ, ਯੂਨੀਵਰਸਿਟੀ ਵਿਦਿਆਰਥੀਆਂ, ਕਾਨੂੰਨ ਦੇ ਸਿਖਿਆਰਥੀਆਂ ਅਤੇ ਸਿੱਖਿਆ ਸ਼ਾਸਤਰੀਆਂ ਦੀ ਸਰਗਰਮ ਭਾਗੀਦਾਰੀ ਰਹੀ, ਜਿਸ ਨਾਲ ਸੰਵਾਦ ਅਤੇ ਚਿੰਤਨ ਦਾ ਇੱਕ ਜੀਵੰਤ ਵਾਤਾਵਰਣ ਬਣਿਆ।




## ਵਰਮਾ ਦੇ ਕਾਤਲਾਂ ਨੂੰ ਮਿਲੇਗੀ ਸਖਤ ਸਜ਼ਾ : ਅਮਨ ਅਰੋੜਾ

ਅਬੋਹਰ 10 ਜੁਲਾਈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਹ ਯਕੀਨੀ ਬਣਾਏਗੀ ਕਿ ਅਬੋਹਰ ਦੇ ਕੱਪੜਾ ਵਪਾਰੀ ਸੰਜੇ ਵਰਮਾ ਦੇ ਕਾਤਲਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲੇ। ਪਰਿਵਾਰ ਨਾਲ ਦੁੱਖ ਪ੍ਰਗਟ ਕਰਨ ਪਹੁੰਚੇ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਇੱਥੇ ਪ੍ਰਤੀਨਿਧਾਂ ਨਾਲ ਗੱਲਬਾਤ ਕਰਦਿਆਂ ਆਖੀ। ਅਮਨ ਅਰੋੜਾ ਨੇ ਆਖਿਆ ਕਿ ਬਾਹਰਲੇ ਸੂਬਿਆਂ ਦੀਆਂ ਜੇਲ੍ਹਾਂ 'ਚ ਬੈਠੇ ਗੈਂਗਸਟਰ ਅਜਿਹੀਆਂ ਕੋਝੀਆਂ ਵਾਰਦਾਤਾਂ ਕਰਵਾ ਰਹੇ ਹਨ ਪਰ ਉਨ੍ਹਾਂ ਨੇ ਸਖ਼ਤ ਸ਼ਬਦਾਂ 'ਚ ਕਿਹਾ ਕਿ ਜੋ ਕੋਈ ਵੀ ਇਸ ਕਾਂਡ ਪਿੱਛੇ ਹੈ, ਉਸ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਮਿਸਾਲੀ ਸਜ਼ਾ ਦਿਵਾਈ ਜਾਵੇਗੀ। ਉਨ੍ਹਾਂ ਆਖਿਆ ਕਿ ਪੁਲਸ ਜਾਂਚ ਸਹੀ ਦਿਸ਼ਾ 'ਚ ਜਾ ਰਹੀ ਹੈ ਅਤੇ ਜਲਦ ਹੀ ਦੋਸ਼ੀ ਸਲਾਖ਼ਾਂ ਪਿੱਛੇ ਹੋਣਗੇ। ਇਕ ਹੋਰ ਸਵਾਲ ਦੇ ਜਵਾਬ 'ਚ ਅਮਨ ਅਰੋੜਾ ਨੇ ਕਿਹਾ ਕਿ ਪਰਿਵਾਰ ਨੂੰ ਪਹਿਲਾਂ ਤੋਂ ਕਿਸੇ ਵੱਲੋਂ ਧਮਕੀ ਦੀ ਕੋਈ ਸੂਚਨਾ ਪੁਲਸ ਨੂੰ ਨਹੀਂ ਦਿੱਤੀ ਗਈ ਸੀ ਅਤੇ ਸੀਨੀਅਰ ਪੁਲਸ ਅਧਿਕਾਰੀ ਅਕਸਰ ਪਰਿਵਾਰ ਦੇ ਉੱਚੇ ਸਮਾਜਿਕ ਰੁਤਬੇ ਕਾਰਨ ਉਸ ਨੂੰ ਮਿਲਦੇ ਵੀ ਰਹਿੰਦੇ ਸਨ। ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਪੁਲਸ ਨੇ ਵਾਰਦਾਤ ਤੋਂ ਤੁਰੰਤ ਬਾਅਦ ਤੇਜ਼ੀ ਨਾਲ ਕਾਰਵਾਈ ਕਰਦਿਆਂ ਜਾਂਚ ਆਰੰਭੀ ਅਤੇ ਵੱਖ-ਵੱਖ ਟੀਮਾਂ ਨੂੰ ਮੁਲਜ਼ਮਾਂ ਦੀ ਭਾਲ 'ਚ ਲਾਇਆ ਹੈ। ਅਸਲ 'ਚ ਦੂਜੇ ਸੂਬਿਆਂ ਦੀਆਂ ਜੇਲ੍ਹਾਂ 'ਚ ਬੈਠੇ ਮਾੜੇ ਅਨਸਰ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ 'ਚ ਹਨ ਪਰ ਉਨ੍ਹਾਂ ਦੀ ਇਹ ਕੋਸ਼ਿਸ਼ ਨਾਕਾਮ ਕਰ ਦਿੱਤੀ ਜਾਵੇਗੀ।

## ਅਸ਼ਵਨੀ ਸ਼ਰਮਾ ਦੇ ਪ੍ਰਧਾਨ ਬਣਨ ਨਾਲ ਭਾਜਪਾ ਵਰਕਰਾਂ 'ਚ ਭਰਿਆ ਉਤਸ਼ਾਹ: ਨਿਮਿਸ਼ਾ ਮਹਿਤਾ

ਗੜ੍ਹਸ਼ੰਕਰ 10 ਜੁਲਾਈ। ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਇਕਾਈ ਦੇ ਨਵੇਂ ਨਿਯੁਕਤ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਭਾਜਪਾ ਗੜ੍ਹਸ਼ੰਕਰ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ ਨੇ ਚੰਡੀਗੜ੍ਹ ਮੁਲਾਕਾਤ ਕਰਕੇ ਵਧਾਈ ਦਿੱਤੀ। ਇਸ ਦੌਰਾਨ ਇਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਅਸ਼ਵਨੀ ਸ਼ਰਮਾ ਦੀ ਨਿਯੁਕਤੀ ਦਾ ਐਲਾਨ ਹੋਣ ਤੋਂ ਬਾਅਦ ਹਰ ਆਮ ਅਤੇ ਖ਼ਾਸ ਭਾਜਪਾ ਵਰਕਰ ਵਿਚ ਖ਼ੁਸ਼ੀ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਅਸ਼ਵਨੀ ਕੁਮਾਰ ਸ਼ਰਮਾ ਜ਼ਮੀਨੀ ਪੱਧਰ ਨਾਲ ਜੁੜੇ ਹੋਏ ਨੇਤਾ ਹਨ ਜੋ ਗ਼ਰੀਬ ਤੋਂ ਗ਼ਰੀਬ ਵਰਕਰ ਦੀ ਬਾਂਹ ਫੜਨ ਵਾਲੇ ਪ੍ਰਧਾਨ ਹਨ ਅਤੇ ਉਨ੍ਹਾਂ ਨੇ ਹਮੇਸ਼ਾ ਪਾਰਟੀ ਦੀ ਮਜ਼ਬੂਤੀ ਅਤੇ ਭਾਜਪਾ ਵਰਕਰਾਂ ਦੀ ਚੜ੍ਹਦੀਕਲਾਂ ਲਈ ਫ਼ੈਸਲੇ ਲਏ ਹਨ। ਉਨ੍ਹਾਂ ਕਿਹਾ ਕਿ ਕਿ ਅਸ਼ਵਨੀ ਕੁਮਾਰ ਸ਼ਰਮਾ ਆਪ ਇਕ ਬੂਥ ਪੱਧਰੀ ਵਰਕਰ ਤੋਂ ਉੱਠ ਕੇ ਪੰਜਾਬ ਦੀ ਵਿਧਾਨ ਸਭਾ ਪਹੁੰਚੇ ਹਨ ਅਤੇ ਵੱਡੇ ਨੇਤਾ ਬਣੇ ਹਨ ਇਸ ਲਈ ਉਹ ਵਰਕਰਾਂ ਦੀਆਂ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਛੋਟੇ ਤੋਂ ਛੋਟੇ ਵਰਕਰ ਦੀ ਵੀ ਕਦਰ ਕਰਦੇ ਹਨ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਅਸ਼ਵਨੀ ਸ਼ਰਮਾ ਨੂੰ ਦੋਬਾਰਾ ਪੰਜਾਬ ਭਾਜਪਾ ਦਾ ਪ੍ਰਧਾਨ ਐਲਾਨ ਕੇ ਕੇਂਦਰੀ ਭਾਜਪਾ ਲੀਡਰਸ਼ਿਪ ਨੇ ਪੰਜਾਬ ਭਾਜਪਾ ਵਰਕਰਾਂ ਅੰਦਰ ਇਕ ਨਵੀਂ ਜਾਨ ਫੂਕੀ ਹੈ ਅਤੇ ਹੁਣ ਸਮੂਚੇ ਪੰਜਾਬ ਦੇ ਭਾਜਪਾ ਵਰਕਰ ਚਾਵਾਂ ਨਾਲ ਲਾਮਬੰਦ ਹੋ ਕੇ ਕੰਮ ਕਰਨਗੇ ਅਤੇ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਤਗੜੇ ਹੋ ਕੇ ਪਾਰਟੀ ਦੀ ਲੜਾਈ ਲੜਨਗੇ ਅਤੇ ਪਾਰਟੀ ਨੂੰ ਜਿਤਾਉਣਗੇ। ਨਿਮਿਸ਼ਾ ਮਹਿਤਾ ਨੇ ਅਸ਼ਵਨੀ ਕੁਮਾਰ ਸ਼ਰਮਾ ਦੀ ਇਸ ਨਿਯੁਕਤੀ ਲਈ ਕੇਂਦਰੀ ਭਾਜਪਾ ਲੀਡਰਸ਼ਿਪ ਦਾ ਧੰਨਵਾਦ ਕੀਤਾ।



## ਨਾਬਾਰਡ ਤੇ ਕੇਵੀਕੇ ਵੱਲੋਂ ਪਿੰਡ ਪੇਦਨੀ ਕਲਾਂ ਵਿੱਚ ਸਾਂਝੇ ਤੌਰ 'ਤੇ ਪੌਦੇ ਲਾਉਣ ਸਬੰਧੀ ਸਮਾਗਮ ਦਾ ਆਯੋਜਨ

ਪੇਦਨੀ ਕਲਾਂ/ਸੰਗਰੂਰ, 10 ਜੁਲਾਈ: ਵਾਤਾਵਰਣ ਨੂੰ ਬਚਾਈ ਰੱਖਣ ਅਤੇ ਟਿਕਾਊ ਖੇਤੀ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਨਾਬਾਰਡ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ (ਕੇਵੀਕੇ) ਖੇੜੀ ਵੱਲੋਂ ਵਣ ਮਹਾਂਉਤਸਵ ਦੇ ਮੌਕੇ 'ਤੇ ਪਿੰਡ ਪੇਦਨੀ ਕਲਾਂ ਵਿੱਚ ਸਾਂਝੇ ਤੌਰ ਉੱਤੇ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਪਿੰਡ ਦੇ ਕਿਸਾਨਾਂ ਅਤੇ ਸਵੈ ਸਹਾਇਤਾ ਸਮੂਹਾਂ ਦੇ ਮੈਂਬਰਾਂ ਨੇ ਸਰਗਰਮ ਹਿੱਸਾ ਲਿਆ। ਪਿੰਡ ਵਿੱਚ ਨਿੰਮ ਅਤੇ ਲੱਕੜੀ ਵਾਲੀਆਂ ਕਿਸਮਾਂ ਦੇ ਬੂਟਿਆਂ ਦੀ ਵੰਡ ਕੀਤੀ ਗਈ ਅਤੇ ਬੂਟੇ ਲਗਾਏ ਗਏ। ਡਾ. ਮਨਦੀਪ ਸਿੰਘ, ਇੰਚਾਰਜ, ਕੇਵੀਕੇ ਨੇ ਐਗਰੋਫੋਰੇਸਟਰੀ ਅਤੇ ਰੁੱਖ ਲਗਾਉਣ ਦੀ ਮਿੱਟੀ ਦੀ ਸਿਹਤ ਸੁਧਾਰਨ ਅਤੇ ਖੇਤੀ ਦੀ ਆਮਦਨ ਵਧਾਉਣ ਵਿੱਚ ਭੂਮਿਕਾ ਉਤੇ ਜ਼ੋਰ ਦਿੰਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ। ਕੇਵੀਕੇ ਦੇ ਮਾਹਿਰਾਂ ਨੇ ਰੁੱਖ ਲਗਾਉਣ ਦੀ ਮਿੱਟੀ ਦੀ ਕਟਾਅ ਰੋਕਣ, ਭੂਗਰਭੀ ਜਲ ਪੱਧਰ ਦੀ ਭਰਪਾਈ ਅਤੇ ਲੰਬੇ ਸਮੇਂ ਤੱਕ ਖੇਤੀ ਦੀ ਉਤਪਾਦਕਤਾ ਬਣਾਈ ਰੱਖਣ ਵਿੱਚ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਸ਼੍ਰੀ ਮਨੀਸ਼ ਗੁਪਤਾ, ਜ਼ਿਲ੍ਹਾ ਵਿਕਾਸ ਮੈਨੇਜਰ, ਨਾਬਾਰਡ ਨੇ ਨਾਬਾਰਡ ਵੱਲੋਂ ਮੌਸਮ ਤਬਦੀਲੀਆਂ ਅਨੁਕੂਲ ਪਹਿਲਕਦਮੀਆਂ ਅਤੇ ਭਾਈਚਾਰੇ ਦੇ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਨੂੰ ਉਜਾਗਰ ਕੀਤਾ।

## ਜਲਭਰਾਅ 'ਤੇ ਮੁੱਖ ਮੰਤਰੀ ਰੇਖਾ ਗੁਪਤਾ . . . . .

Contd...............Front page

ਉਨ੍ਹਾਂ ਨੇ ਕਿਹਾ ਕਿ ਜਦੋਂ ਇੰਨੇ ਗੰਭੀਰ ਜਲਭਰਾਅ ਵਾਲੇ ਇਲਾਕਿਆਂ ਵਿੱਚ ਪਾਣੀ ਦਾ ਭਰਾਅ ਰੋਕਿਆ ਜਾ ਸਕਦਾ ਹੈ ਤਾਂ ਵਿਭਾਗਾਂ ਨੂੰ ਹੋਰ ਇਲਾਕਿਆਂ ਵਿੱਚ ਵੀ ਇਸੇ ਤਰ੍ਹਾਂ ਦੀ ਕਾਰਜਕੁਸ਼ਲਤਾ ਦਿਖਾਉਣੀ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਮਾਨਸੂਨ ਦੌਰਾਨ ਜਲਭਰਾਅ ਰੋਕਣ ਲਈ ਸਮਾਂਬੱਧ ਟੀਚੇ ਤੈਅ ਹੋਣੇ ਚਾਹੀਦੇ, ਤਦ ਹੀ ਦਿੱਲੀ ਵਿੱਚ ਜਲਭਰਾਅ 'ਤੇ ਪ੍ਰਭਾਵੀ ਅੰਕੁਸ਼ ਲਗਾਇਆ ਜਾ ਸਕੇਗਾ।

# ਵਿਕਰਮਾਦਿੱਤਿਆ ਨੇ ਕਿਹਾ-ਅਸੀਂ ਹਰ ਸਥਿਤੀ 'ਚ ਜਨਤਾ ਦੇ ਨਾਲ

ਕੌਮੀ ਪੱਤ੍ਰਿਕਾ

ਨੈਸ਼ਨਲ ਡੈਸਕ 10 ਜੁਲਾਈ। ਲੋਕ ਨਿਰਮਾਣ ਮੰਤਰੀ ਵਿਕਰਮਾਦਿੱਤਿਆ ਸਿੰਘ ਨੇ ਸੋਸ਼ਲ ਮੀਡੀਆ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਅਸੀਂ ਹਰ ਸਥਿਤੀ ਵਿਚ ਜਨਤਾ ਦੇ ਨਾਲ ਹਾਂ। ਅਸੀਂ ਇਕ ਪਰਿਵਾਰ ਵਾਂਗ ਇਕੱਠੇ ਹੋ ਕੇ ਸੂਬੇ ਵਿਚ ਇਸ ਆਫ਼ਤ ਨਾਲ ਨਜਿੱਠਾਂਗੇ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕੰਗਨਾ ਰਣੌਤ ਦੀ ਆਫਤ ਦੌਰਾਨ ਗੈਰ-ਹਾਜ਼ਰੀ 'ਤੇ ਸਵਾਲ ਉਠਾਏ ਗਏ ਹਨ। ਸਾਲ 2023 ਵਿਚ ਵੀ ਹਿਮਾਚਲ ਦੇ ਮੰਡੀ ਵਿਚ ਭਾਰੀ ਮੀਂਹ ਕਾਰਨ ਬਹੁਤ ਨੁਕਸਾਨ ਹੋਇਆ ਸੀ ਅਤੇ ਉਦੋਂ ਵੀ ਕੰਗਨਾ ਆਪਣੇ ਸੰਸਦੀ ਹਲਕੇ ਵਿਚ ਦੇਰ ਨਾਲ ਪਹੁੰਚੀ ਸੀ। ਉਸ ਸਮੇਂ ਵੀ ਉਸਦੀ ਗੈਰ-ਹਾਜ਼ਰੀ ਬਾਰੇ ਬਹੁਤ ਚਰਚਾ ਹੋਈ ਸੀ, ਇਸ ਲਈ ਇਕ ਵਾਰ ਫਿਰ ਉਹੀ ਸਥਿਤੀ ਦੁਹਰਾਈ ਜਾ ਰਹੀ ਹੈ। ਕੰਗਨਾ ਸੋਸ਼ਲ ਮੀਡੀਆ 'ਤੇ ਆਪਣੀ ਗੱਲ ਰੱਖ ਰਹੀ ਹੈ ਪਰ ਅਜੇ ਤੱਕ ਮੰਡੀ ਨਹੀਂ ਪਹੁੰਚੀ ਹੈ। ਸੰਸਦ ਮੈਂਬਰ ਕੰਗਨਾ ਰਣੌਤ ਨੇ ਸ਼ਨੀਵਾਰ ਨੂੰ ਟਵੀਟ ਕੀਤਾ ਕਿ ਮੈਂ ਹਿਮਾਚਲ ਲਈ ਰਵਾਨਾ ਹੋ ਚੁੱਕੀ ਹਾਂ ਅਤੇ ਜਲਦੀ ਹੀ ਪ੍ਰਭਾਵਿਤ ਖੇਤਰ ਦਾ ਦੌਰਾ ਕਰਾਂਗੀ। ਭਰੋਸਾ ਰੱਖੋ, ਮੈਂ ਹਮੇਸ਼ਾ ਹਿਮਾਚਲ ਦੇ ਨਾਲ ਖੜ੍ਹੀ ਹਾਂ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ, ਉਸਨੇ ਟਵੀਟ ਕੀਤਾ ਸੀ ਕਿ ਜੈਰਾਮ ਠਾਕੁਰ ਨੇ ਉਸਨੂੰ ਕਿਹਾ ਹੈ ਕਿ ਜਦੋਂ ਤੱਕ ਸੇਰਾਜ ਅਤੇ ਮੰਡੀ ਜ਼ਿਲੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਸੰਪਰਕ ਬਹਾਲ ਨਹੀਂ ਹੋ ਜਾਂਦਾ, ਓਦੋਂ ਤੱਕ ਉਹ ਉਡੀਕ ਕਰਨ। ਕੰਗਨਾ ਨੇ ਇਹ ਵੀ ਕਿਹਾ ਕਿ ਉਹ ਪ੍ਰਸ਼ਾਸਨ ਦੀ ਪ੍ਰਵਾਨਗੀ ਦੀ ਉਡੀਕ ਕਰ ਰਹੀ ਹੈ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਨ੍ਹਾਂ ਨੇ ਵਿਰੋਧੀ ਧਿਰ ਦੇ ਨੇਤਾ ਜੈਰਾਮ ਠਾਕੁਰ ਨਾਲ ਫ਼ੋਨ 'ਤੇ ਗੱਲ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਝੂਠ ਬੋਲ ਰਹੇ ਹਨ ਅਤੇ ਉਨ੍ਹਾਂ ਨੇ ਕੱਲ ਹੀ ਉਨ੍ਹਾਂ ਨਾਲ ਗੱਲ ਕੀਤੀ ਸੀ। ਇਸ ਤੋਂ ਇਲਾਵਾ ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਨੇ ਵੀ ਉਨ੍ਹਾਂ ਨੂੰ ਦੱਸਿਆ ਹੈ ਕਿ ਉਨ੍ਹਾਂ ਨੇ ਕੱਲ ਹੀ ਉਨ੍ਹਾਂ ਨਾਲ ਗੱਲ ਕੀਤੀ ਸੀ। ਇਸੇ ਤਰ੍ਹਾਂ ਡੀ. ਸੀ. ਮੰਡੀ ਨੇ ਵੀ ਉਨ੍ਹਾਂ ਨਾਲ ਗੱਲ ਕੀਤੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਮੰਡੀ ਵਿਚ ਚੱਲ ਰਹੇ ਰੋਪਵੇਅ ਵਿਚ ਸਾਮਾਨ ਢੋਣ ਅਤੇ ਵਾਪਸ ਆਉਣ ਲਈ ਕੋਈ ਪੈਸਾ ਨਹੀਂ ਲਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਲੋਕ ਨਿਰਮਾਣ ਵਿਭਾਗ ਅਤੇ ਜਲ ਸ਼ਕਤੀ ਵਿਭਾਗ ਦੇ ਈ. ਐੱਸ. ਸੀ. ਸਮੇਤ ਤਕਨੀਕੀ ਲੋਕ ਉੱਥੇ ਬੈਠੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸਿਆਸਤ ਕਰਨ ਦਾ ਸਮਾਂ ਨਹੀਂ ਹੈ। ਉਹ ਜੰਜੈਹਲੀ ਵੀ ਗਏ ਹਨ ਅਤੇ ਉੱਥੇ ਪਹੁੰਚਣ ਤੋਂ ਬਾਅਦ ਉਨ੍ਹਾਂ ਨੇ ਪ੍ਰਭਾਵਿਤ ਲੋਕਾਂ ਤੱਕ ਖਾਣ-ਪੀਣ ਦੀਆਂ ਚੀਜ਼ਾਂ ਪਹੁੰਚਾਈਆਂ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਮੈਂ ਉਨ੍ਹਾਂ ਤੋਂ ਪਹਿਲਾਂ ਵਿਰੋਧੀ ਧਿਰ ਦੇ ਨੇਤਾ ਜੈਰਾਮ ਠਾਕੁਰ ਦੇ ਹਲਕੇ ਵਿਚ ਪਹੁੰਚਿਆ ਸੀ। ਅਜਿਹੀ ਸਥਿਤੀ ਵਿਚ ਉਨ੍ਹਾਂ ਨੂੰ ਸਿਆਸਤ ਨਹੀਂ ਕਰਨੀ ਚਾਹੀਦੀ। ਮੈਂ ਇਕ ਦਿਨ ਵਿਚ 3 ਘੰਟੇ ਪੈਦਲ ਚੱਲਣ ਤੋਂ ਬਾਅਦ ਧਰਮਪੁਰ ਦੇ ਨੁਕਸਾਨੇ ਗਏ ਪਿੰਡ ਗਿਆ। ਜੰਜੈਹਲੀ ਵਿਚ ਘੱਟੋ-ਘੱਟ 94 ਮਸ਼ੀਨਾਂ ਲਗਾਈਆਂ ਗਈਆਂ ਹਨ। ਜਲ ਸਪਲਾਈ ਸਕੀਮਾਂ ਦੀ ਮੁਰੰਮਤ ਲਈ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਧਰਮਪੁਰ ਵੀ ਮੰਡੀ ਦਾ ਹੀ ਇਕ ਹਿੱਸਾ ਹੈ ਅਤੇ ਵਿਰੋਧੀ ਧਿਰ ਦੇ ਨੇਤਾ ਨੂੰ ਵੀ ਉੱਥੇ ਜਾਣਾ ਚਾਹੀਦਾ ਸੀ। ਮੈਂ ਖ਼ੁਦ ਅੱਜ ਦੁਬਾਰਾ ਪ੍ਰਭਾਵਿਤ ਖੇਤਰ ਦਾ ਦੌਰਾ ਕਰਨ ਜਾ ਰਿਹਾ ਸੀ, ਪਰ ਖਰਾਬ ਮੌਸਮ ਕਾਰਨ ਨਹੀਂ ਜਾ ਸਕਿਆ। ਜਿਵੇਂ ਹੀ ਮੌਸਮ ਅਨੁਕੂਲ ਹੋਵੇਗਾ, ਮੈਂ ਹਿਮਾਚਲ ਦੇ ਉਨ੍ਹਾਂ ਇਲਾਕਿਆਂ ਦਾ ਦੌਰਾ ਕਰਾਂਗਾ ਜਿੱਥੇ ਮੀਂਹ ਨੇ ਨੁਕਸਾਨ ਕੀਤਾ ਹੈ। ਧਰਮਪੁਰ ਦੇ ਵਿਧਾਇਕ ਚੰਦਰਸ਼ੇਖਰ ਦਿਨ-ਰਾਤ ਕੰਮ ਕਰ ਰਹੇ ਹਨ।



# ਸਲਾਈਟ ਵਿਖੇ ਇੱਕ ਹਫਤੇ ਦੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦਾ ਆਯੋਜਨ

ਕੌਮੀ ਪੱਤ੍ਰਿਕਾ

ਲੌਂਗੋਵਾਲ,10 ਜੁਲਾਈ: ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਸਲਾਈਟ ਲੌਂਗੋਵਾਲ ਦੇ ਕੈਮੀਕਲ ਇੰਜੀਨੀਅਰਿੰਗ ਵਿਭਾਗ ਦੁਆਰਾ ਆਯੋਜਿਤ ਇੱਕ ਹਫ਼ਤੇ ਚੱਲਣ ਵਾਲੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਕਮ ਸ਼ਾਰਟ ਟਰਮ ਟ?ਰੇਨਿੰਗ ਪ੍ਰੋਗਰਾਮ ਇੰਡਸਟਰੀਅਲ ਸੇਫਟੀ: ਟੂਲਜ਼ ਐਂਡ ਟੈਕਨੀਕਸ ਫਾਰ ਰਿਸਕ ਆਈਡੈਂਟੀਫਿਕੇਸ਼ਨ ਐਂਡ ਅਸੈਸਮੈਂਟ (ਆਈਐਸ - ਆਰ ਆਈ ਏ- 2025) ਦਾ ਉਦਘਾਟਨ ਸਮਾਰੋਹ ਇੰਸਟੀਚਿਊਟ ਕੈਂਪਸ ਵਿਖੇ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਪ੍ਰੋਫੈਸਰ ਮਨੀ ਕਾਂਤ ਪਾਸਵਾਨ, ਡਾਇਰੈਕਟਰ, ਸਲਾਇਟ ਸਨ, ਜਿਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਉਦਯੋਗਿਕ ਸੁਰੱਖਿਆ ਦੇ ਵਧ ਰਹੇ ਮਹੱਤਵ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਭਾਗੀਦਾਰਾਂ ਨੂੰ ਸੁਰੱਖਿਆ ਦੇ ਖੇਤਰ ਵਿੱਚ ਨਵੀਨਤਾਕਾਰੀ ਅਤੇ ਵਿਸ਼ਲੇਸ਼ਣਾਤਮਕ ਪਹੁੰਚ ਅਪਣਾਉਣ ਦੀ ਅਪੀਲ ਕੀਤੀ। ਇਸ ਮੌਕੇ, ਪ੍ਰੋਫੈਸਰ ਏ.ਐਸ. ਸ਼ਾਹੀ, ਡੀਨ (ਅਕਾਦਮਿਕ) ਨੇ ਵਿਸ਼ੇਸ਼ ਮਹਿਮਾਨ ਵਜੋਂ ਆਪਣੀ ਹਾਜ਼ਰੀ ਲਗਵਾਈ। ਉਨ੍ਹਾਂ ਨੇ ਵਿਭਾਗ ਦੁਆਰਾ ਇਸ ਪ੍ਰੋਗਰਾਮ ਦੇ ਆਯੋਜਨ ਦੀ ਪ੍ਰਸ਼ੰਸਾ ਕੀਤੀ, ਉਦਯੋਗਿਕ ਸੁਰੱਖਿਆ ਨਾਲ ਸਬੰਧਤ ਤਕਨੀਕੀ ਸਿੱਖਿਆ ਨੂੰ ਸਮੇਂ ਦੀ ਲੋੜ ਦੱਸਿਆ।ਇਸ ਸਮਾਰੋਹ ਵਿੱਚ ਸੰਸਥਾ ਦੀ ਅਕਾਦਮਿਕ ਲੀਡਰਸ਼ਿਪ ਦੇ ਉੱਘੇ ਮੈਂਬਰਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਪ੍ਰੋਫੈਸਰ ਸੁਰਿੰਦਰ ਸਿੰਘ, ਡੀਨ (ਖੋਜ ਅਤੇ ਸਲਾਹਕਾਰ), ਪ੍ਰੋਫੈਸਰ ਕਮਲੇਸ਼ ਕੁਮਾਰੀ, ਡੀਨ (ਯੋਜਨਾ ਅਤੇ ਵਿਕਾਸ), ਪ੍ਰੋਫੈਸਰ ਕਮਲੇਸ਼ ਪ੍ਰਸਾਦ, ਡੀਨ (ਫੈਕਲਟੀ ਅਤੇ ਸਟਾਫ ਭਲਾਈ), ਪ੍ਰੋਫੈਸਰ ਵਿਕਾਸ ਨੰਦਾ, ਵਿਭਾਗ ਮੁਖੀ (ਫੂਡ ਇੰਜੀਨੀਅਰਿੰਗ ਅਤੇ ਤਕਨਾਲੋਜੀ), ਪ੍ਰੋਫੈਸਰ ਐਚ.ਆਰ. ਘਟਕ, ਕੈਮੀਕਲ ਇੰਜੀਨੀਅਰਿੰਗ ਵਿਭਾਗ ਮੁਖੀ, ਫੈਕਲਟੀ ਮੈਂਬਰ, ਖੋਜ ਵਿਦਵਾਨ, ਵਿਦਿਆਰਥੀ, ਉਦਯੋਗ ਪੇਸ਼ੇਵਰ ਅਤੇ ਸੱਦੇ ਗਏ ਮਾਹਰ ਬੁਲਾਰੇ ਸ਼ਾਮਲ ਸਨ। ਆਈਐਸ-ਆਰਆਈਏ-2025 ਦੇ ਕੋਆਰਡੀਨੇਟਰ ਡਾ. ਅਮਿਤ ਰਾਏ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਪ੍ਰੋਗਰਾਮ ਦੇ ਕਨਵੀਨਰ ਪ੍ਰੋਫੈਸਰ ਐਚ.ਆਰ. ਘਟਕ ਨੇ ਸਮਾਗਮ ਦਾ ਸੰਖੇਪ ਜਾਣਕਾਰੀ ਪੇਸ਼ ਕੀਤੀ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਦਾ ਉਦੇਸ਼ ਭਾਗੀਦਾਰਾਂ ਨੂੰ ਜੋਖਮ ਮੁਲਾਂਕਣ, ਖਤਰੇ ਦੀ ਪਛਾਣ ( ਫਜ਼ੀ ਲਾਜਿਕ), ਫਾਲਟ ਅਤੇ ਇਵੈਂਟ ਟ?ਰੀ ਵਿਸ਼ਲੇਸ਼ਣ, ਸੁਰੱਖਿਆ ਆਡਿਟ, ਅਤੇ ਮਨੁੱਖੀ ਗਲਤੀ ਮੁਲਾਂਕਣ ਲਈ ਆਧੁਨਿਕ ਸਾਧਨਾਂ ਅਤੇ ਵਿਧੀਆਂ ਨਾਲ ਲੈਸ ਕਰਨਾ ਹੈ। ਆਈਆਈਟੀ, ਐਨਆਈਟੀ, ਸੀਐਫਟੀਆਈ, ਨੈਸ਼ਨਲ ਲੇਬਰ ਇੰਸਟੀਚਿਊਟ ਅਤੇ ਉਦਯੋਗ ਦੇ ਉੱਘੇ ਬੁਲਾਰਿਆਂ ਦੁਆਰਾ ਮਾਹਿਰ ਸੈਸ਼ਨਾਂ ਦੀ ਇੱਕ ਲੜੀ ਹਫ਼ਤੇ ਭਰ ਆਯੋਜਿਤ ਕੀਤੀ ਜਾਵੇਗੀ। ਇਸ ਹਾਈਬ੍ਰਿਡ-ਮੋਡ ਪ੍ਰੋਗਰਾਮ ਲਈ ਭਾਰਤ ਭਰ ਤੋਂ ਲਗਭਗ 125 ਭਾਗੀਦਾਰਾਂ ਨੇ ਰਜਿਸਟ?ਰੇਸ਼ਨ ਕਰਵਾਈ ਹੈ, ਜੋ ਕਿ ਅਕਾਦਮਿਕ, ਖੋਜ ਸੰਸਥਾਵਾਂ ਅਤੇ ਉਦਯੋਗਾਂ ਦੀ ਨੁਮਾਇੰਦਗੀ ਕਰਦੇ ਹਨ।ਸਮਾਗਮ ਦਾ ਉਦਘਾਟਨ ਸੈਸ਼ਨ ਆਈਐਸ - ਆਰ ਆਈ ਏ- 2025) ਦੇ ਕੋਆਰਡੀਨੇਟਰ ਡਾ. ਨਿਖਿਲ ਪ੍ਰਕਾਸ਼ ਦੁਆਰਾ ਰਸਮੀ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਇਆ, ਜਿਨ੍ਹਾਂ ਨੇ ਪਤਵੰਤਿਆਂ, ਬੁਲਾਰਿਆਂ, ਪ੍ਰਬੰਧਕ ਟੀਮ ਅਤੇ ਭਾਗੀਦਾਰਾਂ ਦਾ ਉਨ੍ਹਾਂ ਦੇ ਉਤਸ਼ਾਹੀ ਸਹਿਯੋਗ ਅਤੇ ਸਮਰਥਨ ਲਈ ਧੰਨਵਾਦ ਪ੍ਰਗਟ ਕੀਤਾ ਇਹ ਸੈਸ਼ਨ 11 ਜੁਲਾਈ ਤੱਕ ਜਾਰੀ ਰਹੇਗਾ ।

## 'ਆਪ' ਹਾਈਕਮਾਂਡ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਵਾਂਗਾ : ਤਲਬੀਰ ਗਿੱਲ

ਮਜੀਠਾ/ਕੱਥੂਨੰਗਲ, 9 ਜੁਲਾਈ। ਆਮ ਆਦਮੀ ਪਾਰਟੀ ਵੱਲੋਂ ਸੀਨੀਅਰ ਪਾਰਟੀ ਆਗੂ ਤਲਬੀਰ ਸਿੰਘ ਗਿੱਲ ਨੂੰ ਹਲਕਾ ਮਜੀਠਾ ਦਾ ਇੰਚਾਰਜ ਨਿਯੁਕਤ ਕਰਨ ਨਾਲ ਜੋ ਲੰਮੇ ਸਮੇਂ ਤੋਂ ਹਲਕਾ ਮਜੀਠਾ ਦਾ ਇੰਚਾਰਜ ਲਾਉਣ ਦੀਆਂ ਕਿਆਸਰਾਈਆਂ ਚੱਲ ਰਹੀਆਂ ਸਨ, ਜਿਸ ਨੂੰ ਅੱਜ ਵਿਰਾਮ ਲੱਗ ਗਿਆ ਹੈ। ਹਲਕਾ ਮਜੀਠਾ ਦਾ ਇੰਚਾਰਜ ਲੱਗਣ ਉਪਰੰਤ ਤਲਬੀਰ ਸਿੰਘ ਗਿੱਲ ਨੇ 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਸਮੁੱਚੀ 'ਆਪ' ਹਾਈਕਮਾਡ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਆਮ ਆਦਮੀ ਪਾਰਟੀ ਦੀ ਸਰਕਾਰ ਜਿਸ ਤਰ੍ਹਾਂ ਸੂਬੇ ਵਿਚ ਸਰਵਪੱਖੀ ਵਿਕਾਸ ਕਰਵਾ ਰਹੀ ਹੈ ਉਸ ਨਾਲ ਜ਼ਮੀਨੀ ਪੱਧਰ 'ਤੇ 'ਆਪ' ਸਰਕਾਰ ਮਜ਼ਬੂਤ ਹੋਈ ਹੈ ਜਿਸ ਤੋਂ ਵਿਰੋਧੀ ਪਾਰਟੀਆਂ ਦੇ ਆਗੂ ਘਬਰਾਏ ਫਿਰ ਰਹੇ ਹਨ। ਉਨ੍ਹਾਂ ਕਿਹਾ ਕਿ 'ਆਪ' ਹਾਈਕਮਾਂਡ ਨੇ ਜਿਸ ਤਰ੍ਹਾਂ ਮੇਰੇ ਉੱਪਰ ਹਲਕਾ ਮਜੀਠਾ ਦਾ ਇੰਚਾਰਜ ਲਗਾ ਕੇ ਭਰੋਸਾ ਜਿਤਾਇਆ ਹੈ, ਮੈਂ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਨੂੰ ਹੇਠਲੇ ਪੱਧਰ ਤੱਕ ਲਾਗੂ ਕਰਵਾ ਕੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗਾ। ਉਨ੍ਹਾਂ ਸਮੁੱਚੇ ਹਲਕਾ ਮਜੀਠਾ ਦੇ ਆਮ ਲੋਕਾਂ ਨੂੰ ਕਿਹਾ ਕਿ ਉਹ ਆਪਣੇ ਕੰਮਾਂ ਅਤੇ ਮੁਸ਼ਕਲਾਂ ਤੋਂ ਮੈਨੂੰ ਜਾਣੂ ਕਰਵਾਉਣ ਅਤੇ ਉਨ੍ਹਾਂ ਦੇ ਬਣਦੇ ਕੰਮ ਪਹਿਲ ਦੇ ਆਧਾਰ 'ਤੇ ਹੋਣਗੇ, ਜਿਸ ਲਈ ਮੈਂ ਹਮੇਸ਼ਾਂ ਪਹਿਲਾਂ ਦੀ ਤਰ੍ਹਾਂ ਹਾਜ਼ਰ ਹਾਂ।

# ਪੰਜਾਬੀਆਂ ਲਈ ਖੜ੍ਹਾ ਹੋਇਆ ਨਵਾਂ ਸੰਕਟ ! ਅਜੇ ਰਾਹਤ ਮਿਲਣ ਦੇ ਆਸਾਰ ਨਹੀਂ

ਕੌਮੀ ਪੱਤ੍ਰਿਕਾ

ਗੁਰੂਹਰਸਹਾਏ 10 ਜੁਲਾਈ। ਉੱਤਰੀ ਭਾਰਤ 'ਚ ਲਗਾਤਾਰ ਪੈ ਰਹੇ ਮੋਹਲੇਧਾਰ ਮੀਂਹ ਨੇ ਪੰਜਾਬੀਆਂ ਲਈ ਨਵਾਂ ਸੰਕਟ ਖੜ੍ਹਾ ਕਰ ਦਿੱਤਾ ਹੈ। ਭਾਰੀ ਮੀਂਹ ਪੈਣ ਕਾਰਨ ਸੂਬੇ 'ਚ ਸਬਜ਼ੀਆਂ ਦੀ ਸਪਲਾਈ 'ਤੇ ਭਾਰੀ ਅਸਰ ਪਿਆ ਹੈ, ਜਿਸ ਕਾਰਨ ਸਬਜ਼ੀਆਂ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਇਸ ਅਚਾਨਕ ਵਾਧੇ ਨੇ ਪੰਜਾਬੀਆਂ ਦੇ ਰਸੋਈ ਦੇ ਬਜਟ ਨੂੰ ਪੂਰੀ ਤਰ੍ਹਾਂ ਵਿਗਾੜ ਦਿੱਤਾ ਹੈ। ਬਾਰਸ਼ ਅਤੇ ਨਮੀ ਵਾਲੇ ਮੌਸਮ ਕਾਰਨ ਹਰੀਆਂ ਸਬਜ਼ੀਆਂ ਦੀ ਸਪਲਾਈ 'ਚ ਕਮੀ ਆਈ ਹੈ, ਜਦਕਿ ਬਜ਼ਾਰਾਂ 'ਚ ਮੰਗ ਲਗਾਤਾਰ ਵੱਧ ਰਹੀ ਹੈ। ਸਥਾਨਕ ਵਪਾਰੀਆਂ ਅਤੇ ਖ਼ਪਤਕਾਰਾਂ ਦਾ ਕਹਿਣਾ ਹੈ ਕਿ ਇਸ ਸਥਿਤੀ ਨੇ ਆਮ ਜਨਤਾ ਦੀ ਜੇਬ 'ਤੇ ਵੱਡਾ ਬੋਝ ਪਾਇਆ ਹੈ। ਸਬਜ਼ੀਆਂ ਦੇ ਵਪਾਰੀਆਂ ਅਨੁਸਾਰ ਖ਼ਾਸ ਤੌਰ 'ਤੇ ਪਹਾੜੀ ਖੇਤਰਾਂ ਜਿਵੇਂ ਕਿ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਤੋਂ ਆਉਣ ਵਾਲੀਆਂ ਸਬਜ਼ੀਆਂ ਦੀ ਸਪਲਾਈ 'ਚ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਸਥਾਨਕ ਵਿਕਰੇਤਾ ਆਸ਼ੂ, ਸੰਨੀ, ਮੰਗਲ ਸਿੰਘ ਅਤੇ ਭੁਪਿੰਦਰ ਸਿੰਘ ਨੇ ਦੱਸਿਆ ਕਿ ਮੌਸਮ ਦੀ ਖ਼ਰਾਬੀ ਅਤੇ ਬਾਰਸ਼ ਕਾਰਨ ਸੜਕਾਂ 'ਤੇ ਆਵਾਜਾਈ ਪ੍ਰਭਾਵਿਤ ਹੋਣ ਨਾਲ ਸਬਜ਼ੀਆਂ ਦੀ ਢੋਆ-ਢੁਆਈ ਵਿੱਚ ਵੀ ਦੇਰੀ ਹੋ ਰਹੀ ਹੈ। ਇਸ ਦਾ ਸਿੱਧਾ ਅਸਰ ਸਬਜ਼ੀਆਂ ਦੀਆਂ ਕੀਮਤਾਂ 'ਤੇ ਪਿਆ ਹੈ। ਖ਼ਪਤਕਾਰਾਂ ਦਾ ਕਹਿਣਾ ਹੈ ਕਿ ਸਬਜ਼ੀਆਂ ਦੀਆਂ ਵਧੀਆਂ ਕੀਮਤਾਂ ਨੇ ਉਨ੍ਹਾਂ ਦੇ ਮਹੀਨਾਵਾਰ ਬਜਟ ਨੂੰ ਪ੍ਰਭਾਵਿਤ ਕੀਤਾ ਹੈ। ਇੱਕ ਗ੍ਰਹਿਣੀ ਮਨਜੀਤ ਕੌਰ ਨੇ ਕਿਹਾ ਕਿ ਹੁਣ ਸਬਜ਼ੀਆਂ ਦੀ ਮਾਤਰਾ ਘਟਾਉਣੀ ਪੈ ਰਹੀ ਹੈ, ਕਿਉਂਕਿ ਇੰਨੀ ਮਹਿੰਗੀ ਸਬਜ਼ੀਆਂ ਖਰੀਦਣਾ ਹਰ ਕਿਸੇ ਦੀ ਵਸ ਵਿੱਚ ਨਹੀਂ। ਸਥਾਨਕ ਬਜ਼ਾਰਾਂ ਵਿੱਚ ਸਬਜ਼ੀਆਂ ਦੀ ਘੱਟ ਸਪਲਾਈ ਅਤੇ ਵੱਧਦੀ ਮੰਗ ਨੇ ਵਿਕਰੇਤਾਵਾਂ ਨੂੰ ਵੀ ਮਜ਼ਬੂਰ ਕੀਤਾ ਹੈ ਕਿ ਉਹ ਮਹਿੰਗੇ ਭਾਅ 'ਤੇ ਸਬਜ਼ੀਆਂ ਵੇਚਣ। ਮੌਸਮ ਵਿਭਾਗ ਦੀ ਰਿਪੋਰਟ ਅਨੁਸਾਰ ਅਗਲੇ ਕੁੱਝ ਦਿਨਾਂ 'ਚ ਬਾਰਸ਼ ਦੀ ਸੰਭਾਵਨਾ ਬਣੀ ਹੋਈ ਹੈ, ਜਿਸ ਕਾਰਨ ਸਬਜ਼ੀਆਂ ਦੀ ਸਪਲਾਈ ਵਿੱਚ ਸੁਧਾਰ ਦੀ ਉਮੀਦ ਘੱਟ ਹੈ। ਸਰਕਾਰੀ ਅਧਿਕਾਰੀਆਂ ਨੇ ਅਜੇ ਤੱਕ ਇਸ ਸਮੱਸਿਆ ਦੇ ਹੱਲ ਲਈ ਕੋਈ ਠੋਸ ਕਦਮ ਨਹੀਂ ਚੁੱਕੇ। ਇਸ ਦੌਰਾਨ, ਆਮ ਲੋਕਾਂ ਨੂੰ ਮਹਿੰਗੀਆਂ ਸਬਜ਼ੀਆਂ ਨਾਲ ਹੀ ਗੁਜ਼ਾਰਾ ਕਰਨਾ ਪੈ ਰਿਹਾ ਹੈ।



## ਮੰਦਭਾਗੇ ਹਾਦਸੇ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟਰੇਟ ਨੇ ਨਹਿਰਾਂ ਤੇ ਨਦੀਆਂ 'ਚ ਨਹਾਉਣ 'ਤੇ ਲਾਈ ਪਾਬੰਦੀ

ਜਲੰਧਰ 10 ਜੁਲਾਈ। ਮੀਂਹ ਕਾਰਨ ਜ਼ਿਲ੍ਹੇ ਵਿਚ ਨਹਿਰਾਂ ਅਤੇ ਨਦੀਆਂ ਦੇ ਪਾਣੀ ਦਾ ਪੱਧਰ ਲਗਾਤਾਰ ਵਧ ਰਿਹਾ ਹੈ, ਜਿਸ ਨਾਲ ਹਾਦਸਾ ਹੋ ਸਕਦਾ ਹੈ। ਇਸੇ ਨੂੰ ਧਿਆਨ ਵਿਚ ਰੱਖਦੇ ਹੋਏ ਜ਼ਿਲ੍ਹਾ ਮੈਜਿਸਟ?ਰੇਟ ਡਾ. ਹਿਮਾਂਸ਼ੂ ਅਗਰਵਾਲ ਨੇ ਜਲੰਧਰ ਜ਼ਿਲ੍ਹੇ ਦੀਆਂ ਸਾਰੀਆਂ ਨਹਿਰਾਂ ਅਤੇ ਨਦੀਆਂ ਵਿਚ ਨਹਾਉਣ 'ਤੇ ਪੂਰੀ ਤਰ੍ਹਾਂ ਪਾਬੰਦੀ ਲਾਉਣ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਤਹਿਤ ਜਾਰੀ ਕੀਤੇ ਗਏ ਹਨ, ਜੋ 3 ਸਤੰਬਰ 2025 ਤਕ ਪ੍ਰਭਾਵੀ ਰਹਿਣਗੇ। ਹੁਕਮਾਂ ਵਿਚ ਸਪੱਸ਼ਟ ਰੂਪ ਨਾਲ ਕਿਹਾ ਗਿਆ ਹੈ ਕਿ ਨਹਿਰਾਂ ਅਤੇ ਨਦੀਆਂ ਵਿਚ ਨਹਾਉਣਾ ਖਤਰੇ ਤੋਂ ਖਾਲੀ ਨਹੀਂ ਹੈ ਅਤੇ ਇਸ ਨਾਲ ਮੰਦਭਾਗੇ ਹਾਦਸੇ ਹੋ ਸਕਦੇ ਹਨ। ਅਜਿਹੇ ਵਿਚ ਇਸ ਰੋਕ ਦਾ ਸਖ਼ਤੀ ਨਾਲ ਪਾਲਣ ਕਰਵਾਇਆ ਜਾਵੇਗਾ। ਇਸ ਲਈ ਪਿੰਡਾਂ ਦੇ ਸਰਪੰਚ, ਨੰਬਰਦਾਰ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਆਪਣੇ-ਆਪਣੇ ਇਲਾਕਿਆਂ ਵਿਚ ਇਨ੍ਹਾਂ ਹੁਕਮਾਂ ਦੀ ਪਾਲਣਾ ਯਕੀਨੀ ਬਣਾਉਣ। ਇਸ ਦੇ ਨਾਲ ਹੀ ਨਹਿਰੀ ਵਿਭਾਗ ਅਤੇ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਗਰਾਨੀ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਕਿ ਕੋਈ ਵੀ ਵਿਅਕਤੀ ਇਨ੍ਹਾਂ ਪਾਬੰਦੀਆਂ ਦਾ ਉਲੰਘਣ ਨਾ ਕਰ ਸਕੇ। ਜੇਕਰ ਕਿਸੇ ਵੀ ਵਿਅਕਤੀ ਵੱਲੋਂ ਹੁਕਮਾਂ ਦਾ ਉਲੰਘਣ ਕੀਤਾ ਜਾਂਦਾ ਹੈ ਤਾਂ ਪੁਲਸ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਨਹਿਰਾਂ ਅਤੇ ਨਦੀਆਂ ਤੋਂ ਦੂਰ ਰਹਿਣ ਅਤੇ ਬੱਚਿਆਂ ਨੂੰ ਵੀ ਇਨ੍ਹਾਂ ਜਲ ਸਰੋਤਾਂ ਨੇੜੇ ਨਾ ਜਾਣ ਦੇਣ। ਇਹ ਰੋਕ ਅਹਿਤਿਆਤ ਵਜੋਂ ਲਾਈ ਗਈ ਹੈ ਤਾਂ ਕਿ ਕਿਸੇ ਅਣਹੋਣੀ ਤੋਂ ਬਚਿਆ ਜਾ ਸਕੇ।

# ਦਿੱਲੀ ਹਵਾਈ ਅੱਡੇ ਦਾ ਨਾਮ ਬਦਲ ਕੇ 'ਸ੍ਰੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਅੰਤਰਰਾਸ਼ਟਰੀ ਹਵਾਈ ਅੱਡਾ' ਰੱਖਿਆ ਜਾਵੇ: ਪ੍ਰੋ. ਸਰਚਾਂਦ ਸਿੰਘ ਖਿਆਲਾ।

ਕੌਮੀ ਪੱਤ੍ਰਿਕਾ

ਅੰਮ੍ਰਿਤਸਰ, 10 ਜੁਲਾਈ: ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਰਾਸ਼ਟਰੀ ਸ਼ਹੀਦੀ ਦਿਵਸ ਵਜੋਂ ਮਨਾਇਆ ਜਾਵੇ ਅਤੇ ਦਿੱਲੀ ਦੇ 'ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ' ਦਾ ਨਾਮ ਬਦਲ ਕੇ 'ਸ੍ਰੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਅੰਤਰਰਾਸ਼ਟਰੀ ਹਵਾਈ ਅੱਡਾ' ਰੱਖਿਆ ਜਾਵੇ। ਪ੍ਰੋ. ਸਰਚਾਂਦ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇੰਦਰਾ ਗਾਂਧੀ, ਜਿਸ ਦੇ ਨਾਮ 'ਤੇ ਦਿੱਲੀ ਹਵਾਈ ਅੱਡੇ ਦਾ ਨਾਮ ਰੱਖਿਆ ਗਿਆ ਹੈ, ਨੇ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ 'ਹਮਲਾ' ਕੀਤਾ ਸੀ ਅਤੇ ਹਜ਼ਾਰਾਂ ਨਿਰਦੋਸ਼ ਸ਼ਰਧਾਲੂਆਂ ਨੂੰ ਆਪਣੀਆਂ ਜਾਨਾਂ ਗੁਆਉਣੀਆਂ ਪਈਆਂ। ਉਨ੍ਹਾਂ ਦੇ ਕਤਲ ਤੋਂ ਬਾਅਦ, ਕਾਂਗਰਸੀ ਆਗੂਆਂ ਨੇ ਦੇਸ਼ ਭਰ ਵਿੱਚ ਸਿੱਖਾਂ ਦਾ ਵੱਡਾ ਕਤਲੇਆਮ ਕੀਤਾ। ਅਜਿਹੇ ਸ਼ਾਸਕ ਦੇ ਨਾਮ ਦੀ ਬਜਾਏ, ਗੁਰੂ ਤੇਗ ਬਹਾਦਰ ਸਾਹਿਬ ਵਰਗੇ ਅਸਲੀ 'ਰਾਸ਼ਟਰੀ ਨਾਇਕ' ਦੇ ਨਾਮ 'ਤੇ ਹਵਾਈ ਅੱਡੇ ਦਾ ਨਾਮ ਰੱਖਣਾ ਨਿਰਪੱਖਤਾ, ਨਿਆਂ ਅਤੇ ਧਾਰਮਿਕ ਸਹਿਣਸ਼ੀਲਤਾ ਵੱਲ ਇੱਕ ਇਤਿਹਾਸਕ ਕਦਮ ਹੋਵੇਗਾ। ਉਨ੍ਹਾਂ ਕਿਹਾ ਕਿ ਭਾਰਤ ਦੇ ਲੋਕ ਗੁਰੂ ਤੇਗ ਬਹਾਦਰ ਜੀ ਦੀ ਦਾਤ ਦਾ ਮੁੱਲ ਨਹੀਂ ਚੁਕਾ ਸਕਦੇ ਹਨ। ਜਿਨ੍ਹਾਂ ਨੇ ਹਿੰਦੂ ਧਰਮ, ਮਨੁੱਖ ਦੀ ਧਾਰਮਿਕ ਆਜ਼ਾਦੀ, ਸਰਬ ਸਾਂਝੀਵਾਲਤਾਅਤੇ ਸਭਿਆਚਾਰਕ ਕਦਰਾਂ-ਕੀਮਤਾਂ ਦੀ ਰੱਖਿਆ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਇਹ ਨਾ ਸਿਰਫ਼ ਸਿੱਖ ਭਾਈਚਾਰੇ ਲਈ ਸਗੋਂ ਪੂਰੇ ਭਾਰਤ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸਮੁੱਚਾ ਸਿੱਖ ਭਾਈਚਾਰਾ ਅਤੇ ਨਾਨਕ ਨਾਮ ਲੇਵਾ ਸੰਗਤ ਇਸ ਸਾਲ 25 ਨਵੰਬਰ ਨੂੰ ਆ ਰਹੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਸ਼ਾਨਦਾਰ ਤਿਆਰੀਆਂ ਵਿੱਚ ਰੁੱਝੀ ਹੋਈ ਹੈ। ਜੇਕਰ ਅਸੀਂ ਸੱਚਮੁੱਚ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਨੂੰ ਨਮਨ ਕਰਨਾ ਚਾਹੁੰਦੇ ਹਾਂ, ਤਾਂ ਇਸ ਸਾਲ ਸ਼ਹੀਦੀ ਦਿਹਾੜੇ ਦੇ ਮੌਕੇ 'ਤੇ, ਕੇਂਦਰ ਸਰਕਾਰ ਵੱਲੋਂ ਅਜਿਹਾ ਇਤਿਹਾਸਕ ਕਦਮ ਚੁੱਕਣਾ ਗੁਰੂ ਸਾਹਿਬ ਦੀ ਸ਼ਹਾਦਤ ਅੱਗੇ ਝੁਕਾਉਣ ਦੇ ਬਰਾਬਰ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਮ 'ਤੇ ਰੱਖਿਆ ਜਾਂਦਾ ਹੈ, ਤਾਂ ਦੁਨੀਆ ਭਰ ਤੋਂ ਭਾਰਤ ਆਉਣ ਵਾਲੇ ਯਾਤਰੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਰੇ ਜਾਣ ਸਕਣਗੇ। ਉਨ੍ਹਾਂ ਅੱਗੇ ਸੁਝਾਅ ਦਿੱਤਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਚਰਨਾਂ ਨਾਲ ਛੂਹੀਆਂ ਥਾਵਾਂ ਲਈ ਇੱਕ ਵਿਸ਼ੇਸ਼ ਵਿਕਾਸ ਯੋਜਨਾ ਤਿਆਰ ਕਰਨ ਅਤੇ ਉਨ੍ਹਾਂ ਥਾਵਾਂ ਨੂੰ ਵਿਰਾਸਤੀ ਅਤੇ ਅੰਤਰ-ਧਰਮ ਸੈਰ-ਸਪਾਟਾ ਸਥਾਨਾਂ ਵਜੋਂ ਵਿਕਸਤ ਕਰਨ ਤੋਂ ਇਲਾਵਾ, ਸਿੱਖ ਇਤਿਹਾਸ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੂੰ ਰਾਸ਼ਟਰੀ ਪਾਠਕ੍ਰਮ ਯਾਨੀ ਸਕੂਲ ਅਤੇ ਯੂਨੀਵਰਸਿਟੀ ਦੇ ਪਾਠਕ੍ਰਮ ਵਿੱਚ ਸ਼ਾਮਲ ਕੀਤਾ ਜਾਵੇ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਸੰਵਾਦ, ਲੇਖ ਮੁਕਾਬਲੇ ਅਤੇ ਕਵੀ ਦਰਬਾਰ ਆਦਿ ਰਾਹੀਂ ਗੁਰੂ ਜੀ ਦੀ ਵਿਰਾਸਤ ਨੂੰ ਨੌਜਵਾਨ ਪੀੜ੍ਹੀ ਤੱਕ ਪਹੁੰਚਾਇਆ ਜਾਵੇ, ਸ਼ਹੀਦੀ ਦੀ 350ਵੀਂ ਵਰ੍ਹੇਗੰਢ 'ਤੇ ਸਮਰਪਿਤ ਸਿੱਕੇ ਅਤੇ ਡਾਕ ਟਿਕਟ ਜਾਰੀ ਕੀਤੇ ਜਾਣ, ਰਾਸ਼ਟਰੀ ਮੀਡੀਆ ਵਿੱਚ ਸਿੱਖ ਇਤਿਹਾਸ ਅਤੇ ਸ਼ਹਾਦਤਾਂ 'ਤੇ ਵਿਸ਼ੇਸ਼ ਪ੍ਰਸਾਰਨ ਕੀਤੇ ਜਾਣ, ਅੰਤਰਰਾਸ਼ਟਰੀ ਪੱਧਰ 'ਤੇ ਪ੍ਰਚਾਰ ਨੂੰ ਯਕੀਨੀ ਬਣਾਉਣ ਤੋਂ ਇਲਾਵਾ, ਸੰਯੁਕਤ ਰਾਸ਼ਟਰ, ਯੂਨੈਸਕੋ ਆਦਿ ਵਿੱਚ ਗੁਰੂ ਤੇਗ਼ ਬਹਾਦਰ ਜੀ, ਧਰਮ ਦੀ ਆਜ਼ਾਦੀ ਅਤੇ ਵਿਸ਼ਵਵਿਆਪੀ ਭਾਈਚਾਰੇ ਅਤੇ ਸਹਿਣਸ਼ੀਲਤਾ ਦੇ ਸੰਦੇਸ਼ ਨੂੰ ਬੁਲੰਦ ਕਰਨ ਲਈ ਵਿਦੇਸ਼ ਮੰਤਰਾਲੇ ਨੂੰ ਹਦਾਇਤ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ 25 ਨਵੰਬਰ ਨੂੰ ਜਨਤਕ ਛੁੱਟੀ ਐਲਾਨਣ ਤੋਂ ਇਲਾਵਾ, ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਦਿੱਲੀ ਵਿੱਚ ਇੱਕ ਕੇਂਦਰੀ ਸਮਾਗਮ ਕਰਵਾਉਣ ਦਾ ਵੀ ਸੁਝਾਅ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਬਣਦਾ ਸਤਿਕਾਰ ਦੇਣਾ ਨਾ ਸਿਰਫ਼ ਸਿੱਖ ਭਾਈਚਾਰੇ ਦੀ ਇੱਛਾ ਹੈ ਬਲਕਿ ਭਾਰਤ ਦੀ ਰਾਸ਼ਟਰੀ ਜ਼ਿੰਮੇਵਾਰੀ ਵੀ ਹੈ। ਗੁਰਦੁਆਰਿਆਂ ਵਿੱਚ ਮੱਥਾ ਟੇਕਣ ਤੋਂ ਇਲਾਵਾ, ਸਰਕਾਰਾਂ ਨੂੰ ਗੁਰੂ ਸਾਹਿਬਾਨ ਨਾਲ ਸਬੰਧਿਤ ਪ੍ਰਤੀਕਾਤਮਿਕ ਅਤੇ ਨੀਤੀਗਤ ਫ਼ੈਸਲੇ ਵੀ ਲੈਣੇ ਪੈਣਗੇ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਅਤੇ ਵਿਚਾਰਾਂ ਨੂੰ ਸਮਝ ਸਕਣ ਅਤੇ ਆਪਣੇ 'ਤੇ ਲਾਗੂ ਕਰ ਸਕਣ।

